29-OCT-PAGE-1.qxd 10/28/2024 8:38 PM Page 1

ਮੰਗਲਵਾਰ, 29 ਅਕਤੂਬਰ, 2024
13 ਕੱਤਕ { ਨਾਨਕਸ਼ਾਹੀ 556
ਬਿਕਰਮੀ 2081
ਜਿਲਦ/VOL. : 73
ਅੰਕ/NO. : 149

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • TUESDAY, 29 OCTOBER, 2024 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

# ਬਾਦਲਕਿਆਂ ਦੀ ਸ਼੍ਰੋਮਣੀ ਕਮੇਟੀ 'ਤੇ ਪਕੜ ਹੋਰ ਮਜ਼ਬੂਤ

## ਐਡਵੋਕੇਟ ਧਾਮੀ ਬੀਬੀ ਜਗੀਰ ਕੌਰ ਨੂੰ ਵੱਡੇ ਫਰਕ ਨਾਲ ਹਰਾ ਕੇ ਚੌਥੀ ਵਾਰ ਪ੍ਰਧਾਨ ਬਣੇ, ਜਥੇਦਾਰਾਂ ਦੇ ਅਧਿਕਾਰ ਸੀਮਤ ਕਰਨ ਲਈ ਬਣੇਗਾ ਸਲਾਹਕਾਰ ਬੋਰਡ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਪੰਥਕ ਸਿਆਸਤ ਵਿਚ ਮਚੀ ਅਫਰਾਤਫਰੀ ਦਰਮਿਆਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਪਕੜ ਹੋਰ ਮਜ਼ਬੂਤ ਕਰ ਲਈ, ਜਦੋਂ ਸੋਮਵਾਰ ਪ੍ਰਧਾਨਗੀ ਦੀ ਸਾਲਾਨਾ ਚੋਣ ਵਿਚ ਉਸ ਦੇ ਉਮੀਦਵਾਰ ਤੇ ਵਰਤਮਾਨ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਉਮੀਦਵਾਰ ਬੀਬੀ ਜਗੀਰ ਕੌਰ ਨੂੰ ਤਕੜੇ ਫਰਕ ਨਾਲ ਹਰਾ ਦਿੱਤਾ। ਐਡਵੋਕੇਟ ਧਾਮੀ ਨੂੰ 142 ਵੋਟਾਂ ਵਿੱਚੋਂ 107 ਵੋਟਾਂ ਪਈਆਂ, ਜਦਕਿ ਬੀਬੀ ਜਗੀਰ ਕੌਰ ਨੂੰ 2022 ਵਿੱਚ ਪਈਆਂ ਵੋਟਾਂ ਨਾਲੋਂ ਵੀ 10 ਵੋਟਾਂ ਘੱਟ, ਭਾਵ 33 ਵੋਟਾਂ ਨਾਲ ਹੀ ਸਬਰ ਕਰਨਾ ਪਿਆ। ਦੋ ਵੋਟਾਂ ਰੱਦ ਹੋ ਗਈਆਂ।

ਬੀਬੀ ਜਗੀਰ ਕੌਰ ਚਾਰ ਵਾਰ ਦੀ ਪ੍ਰਧਾਨਗੀ ਦੇ ਤਜਰਬੇ ਨਾਲ ਮੈਦਾਨ ਵਿਚ ਉੱਤਰੀ ਸੀ, ਜਦਕਿ ਐਡਵੋਕੇਟ ਧਾਮੀ ਇਸ ਵਾਰ ਚੌਥੀ ਵਾਰੀ ਪ੍ਰਧਾਨ ਬਣਨ ਵਿਚ ਕਾਮਯਾਬ ਹੋਏ ਹਨ।

ਅਜਲਾਸ ਦੀ ਸ਼ੁਰੂਆਤ ਲਈ ਅਰਦਾਸ ਕਰਨ ਤੋਂ ਬਾਅਦ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਲਿਆ। ਉਪਰੰਤ ਪ੍ਰਧਾਨ ਐਡਵੋਕੇਟ ਧਾਮੀ ਨੇ ਪੰਜ ਵਾਰੀ ਮੂਲ ਮੰਤਰ ਮੈਂਬਰਾਂ ਨੂੰ ਸਰਵਣ ਕਰਵਾਇਆ। ਅਜਲਾਸ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਪ੍ਰਧਾਨਗੀ ਦੇ ਅਹੁਦੇ ਲਈ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਹਰਜਿੰਦਰ ਸਿੰਘ ਧਾਮੀ ਦਾ ਨਾਂਅ ਪੇਸ਼ ਕੀਤਾ, ਜਦਕਿ ਤਾਈਦ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਮਜੀਦ ਸਾਬਕਾ ਐਕਟਿੰਗ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ ਨੇ ਕੀਤੀ। ਬੀਬੀ ਜਗੀਰ ਕੌਰ ਦਾ ਨਾਂਅ ਹਮੇਸ਼ਾ ਪੰਥਕ ਸਫਾਂ ਵਿੱਚ ਸਰਗਰਮ ਰਹਿਣ ਵਾਲੇ ਅਮਰੀਕ ਸਿੰਘ ਸ਼ਾਹਪੁਰ ਨੇ ਪੇਸ਼ ਕੀਤਾ। ਅੰਤਰਿੰਗ ਕਮੇਟੀ ਮੈਂਬਰ ਤੇ ਅਧਿਆਪਕ ਯੂਨੀਅਨ ਦੇ ਸਾਬਕਾ ਆਗੂ ਮਿੱਠੂ ਸਿੰਘ ਕਾਹਨੇਕੇ ਨੇ ਤਾਈਦ ਕੀਤੀ। ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਗਰ ਟੌਹੜਾ ਤੋਂ ਮੈਂਬਰ ਸਤਵਿੰਦਰ ਸਿੰਘ ਟੌਹੜਾ ਨੇ ਬੀਬੀ ਜਗੀਰ ਕੌਰ ਦੇ ਨਾਂਅ ਦੀ ਮਜੀਦ ਕੀਤੀ।



**ਮੈਂਬਰਾਂ ਦੀ ਜ਼ਮੀਰ ਮਰਨ ਦੇ ਨਾਲ-ਨਾਲ ਤੇਰਾਂ-ਤੇਰਾਂ ਸਾਲਾਂ ਤੋਂ ਗੁਰੂ ਦੀ ਗੋਲਕ ਦਾ ਧਾਨ ਖਾ ਕੇ ਮੱਤ ਵੀ ਮਰ ਗਈ।**



**ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਲਾਲਚ ਦੇਣ ਅਤੇ ਧਮਕਾਉਣ ਦੇ ਯਤਨ ਕੀਤੇ ਗਏ ਪਰ ਕਾਮਯਾਬ ਨਹੀਂ ਹੋਏ।**

ਇਸ ਤੋਂ ਪਹਿਲਾਂ ਐਡਵੋਕੇਟ ਧਾਮੀ ਨੇ ਸੁਝਾਅ ਪੇਸ਼ ਕੀਤਾ ਕਿ ਹੱਥ ਖੜ੍ਹੇ ਕਰਵਾ ਕੇ ਫੈਸਲਾ ਕਰ ਲਿਆ ਜਾਵੇ ਪਰ ਬੀਬੀ ਜਗੀਰ ਕੌਰ ਦੇ ਧੜੇ ਨੇ ਇਸ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ। ਚੋਣ ਕਰਾਉਣ ਲਈ ਦੋਹਾਂ ਧਿਰਾਂ ਵੱਲੋਂ ਦੋ ਪੋਲਿੰਗ ਏਜੰਟ ਬਣਾਏ ਗਏ—ਐਡਵੋਕੇਟ ਧਾਮੀ ਵੱਲੋਂ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਬੀਬੀ ਜਗੀਰ ਕੌਰ ਵੱਲੋਂ ਜਸਵੰਤ ਸਿੰਘ ਪੁੜੈਣ। ਦੋਹਾਂ ਏਜੰਟਾਂ ਨੂੰ ਬੈਲਟ ਪੇਪਰ ਵਾਲੀ ਪੇਟੀ ਖੋਲ੍ਹ ਕੇ ਵਿਖਾਈ ਗਈ ਤੇ ਫਿਰ ਚੋਣ ਪ੍ਰਕਿਰਿਆ ਸ਼ੁਰੂ ਹੋਈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਵੋਟਰ ਲਿਸਟ ਤੋਂ ਇੱਕ-ਇੱਕ ਮੈਂਬਰ ਦਾ ਨਾਂਅ ਲੈ ਕੇ ਵੋਟਾਂ ਪਵਾਈਆਂ। ਸਭ ਤੋਂ ਪਹਿਲਾਂ ਬਿਮਾਰ ਮੈਂਬਰਾਂ ਤੇ ਨਾਮਜ਼ਦ ਮੈਂਬਰਾਂ ਦੀਆਂ ਵੋਟਾਂ ਪਾਈਆਂ ਗਈਆਂ। ਬਿਮਾਰ ਮੈਂਬਰਾਂ ਦੀ ਸਹਾਇਤਾ ਲਈ ਉਨ੍ਹਾਂ ਦੇ ਇਕ ਪਰਿਵਾਰਕ ਮੈਂਬਰ ਨੂੰ ਨਾਲ ਜਾ ਕੇ ਵੋਟ ਪਾਉਣ ਦੀ ਇਜਾਜ਼ਤ ਦਿੱਤੀ ਗਈ।

ਅਜਲਾਸ ਦੇ ਸ਼ੁਰੂ ਹੁੰਦਿਆਂ ਹੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤੇ ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮਰਹੂਮ ਪ੍ਰਧਾਨ ਮਹਿੰਦਰ ਸਿੰਘ ਰੁਮਾਣਾ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਪ੍ਰਧਾਨ ਦੇ ਅਹੁਦੇ ਤੋਂ ਇਲਾਵਾ ਬਾਕੀ ਅਹੁਦਿਆਂ ਵਾਸਤੇ ਵਿਰੋਧੀ ਧਿਰ ਵੱਲੋਂ ਕੋਈ ਵੀ ਉਮੀਦਵਾਰ ਪੇਸ਼ ਨਹੀਂ ਕੀਤਾ ਗਿਆ, ਜਿਸ ਕਾਰਨ ਬਾਕੀ ਸਾਰੇ ਅਹੁਦੇਦਾਰ ਬਿਨਾਂ ਵਿਰੋਧ ਚੁਣੇ ਗਏ। ਪ੍ਰਧਾਨ ਐਡਵੋਕੇਟ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ (ਦਲਿੱਤ), ਜਨਰਲ ਸਕੱਤਰ ਤੋਂ ਇਲਾਵਾ 11 ਅੰਤਰਿੰਗ ਕਮੇਟੀ ਮੈਂਬਰ ਚੁਣੇ ਗਏ। ਸੀਨੀਅਰ ਮੀਤ ਪ੍ਰਧਾਨ ਲਈ ਜੋਗਾ ਹਲਕੇ ਦੇ ਮੈਂਬਰ ਰਘੁਜੀਤ ਸਿੰਘ ਵਿਰਕ ਦਾ ਨਾਂਅ ਪੇਸ਼ ਕੀਤਾ ਗਿਆ, ਜਿਸ ਦੀ ਤਾਈਦ ਰਵਿੰਦਰ ਸਿੰਘ ਖਾਲਸਾ ਤੇ ਮਜੀਦ ਫੁੰਮਣ ਸਿੰਘ ਨੇ ਕੀਤੀ। ਜੂਨੀਅਰ ਮੀਤ ਪ੍ਰਧਾਨ ਲਈ ਬਲਦੇਵ ਸਿੰਘ ਕਲਿਆਣ ਦਾ ਨਾਂਅ ਬਲਜੀਤ ਸਿੰਘ ਜਲਾਲਉਸਮਾ ਨੇ ਪੇਸ਼ ਕੀਤਾ, ਜਦਕਿ ਗੁਰਮੀਤ ਸਿੰਘ ਬੂਹ ਨੇ ਤਾਈਦ ਮਜੀਦ ਕੀਤੀ। ਜਨਰਲ ਸਕੱਤਰ ਲਈ ਸ਼ੇਰ ਸਿੰਘ ਮੰਡ ਦਾ ਨਾਂਅ ਗੁਰਿੰਦਰਪਾਲ ਸਿੰਘ ਗੋਰਾ ਨੇ ਪੇਸ਼ ਕੀਤਾ, ਜਦਕਿ ਰਘਬੀਰ ਸਿੰਘ ਸਹਾਰਨ ਮਾਜਰਾ ਨੇ ਤਾਈਦ ਤੇ ਮਜੀਦ ਕੀਤੀ। 11 ਮੈਂਬਰੀ ਅੰਤਰਿੰਗ ਕਮੇਟੀ ਵਿੱਚ ਬਾਦਲ ਦਲ ਵੱਲੋਂ ਹਰਜਿੰਦਰ ਕੌਰ ਚੰਡੀਗੜ੍ਹ, ਅਮਰੀਕ ਸਿੰਘ ਵਿਛੋਆ, ਸੁਰਜੀਤ ਸਿੰਘ ਤੁਗਲਵਾਲਾ, ਪਰਮਜੀਤ ਸਿੰਘ ਖਾਲਸਾ, ਸੁਰਜੀਤ ਸਿੰਘ ਗੜ੍ਹੀ, ਬਲਦੇਵ ਸਿੰਘ ਕਿਆਮਪੁਰ, ਦਲਜੀਤ ਸਿੰਘ ਭਿੰਡਰ, ਸੁਖਪ੍ਰੀਤ ਸਿੰਘ ਰੋਡੇ, ਰਵਿੰਦਰ ਸਿੰਘ ਅਮਲੋਹ ਅਤੇ ਬੀਬੀ ਜਗੀਰ ਕੌਰ ਧੜੇ ਵੱਲੋਂ ਦੋ ਮੈਂਬਰਾਂ ਜਸਵੰਤ ਸਿੰਘ ਪੁੜੈਣ ਤੇ ਪਰਮਜੀਤ ਸਿੰਘ ਰਾਏ ਨੂੰ ਸ਼ਾਮਲ ਕੀਤਾ ਗਿਆ।

ਬੀਬੀ ਜਗੀਰ ਕੌਰ ਨੇ ਮੈਂਬਰਾਂ 'ਤੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਮੈਂਬਰਾਂ ਦੀ ਜ਼ਮੀਰ ਮਰੀ ਹੋਣ ਦੇ ਨਾਲ-ਨਾਲ ਤੇਰਾਂ-ਤੇਰਾਂ ਸਾਲਾਂ ਤੋਂ ਗੁਰੂ ਦੀ ਗੋਲਕ ਦਾ ਧਾਨ ਖਾ ਕੇ ਮੱਤ ਵੀ ਮਰੀ ਹੋਈ ਹੈ। ਉਨ੍ਹਾ ਦਾ ਵਿਸ਼ਵਾਸ ਇਨ੍ਹਾਂ ਮੈਂਬਰਾਂ ਤੋਂ ਪੂਰੀ ਤਰ੍ਹਾ ਉੱਠ ਚੁੱਕਾ ਹੈ ਤੇ ਇਹ ਮੈਂਬਰ ਅੱਜ ਵੀ ਉਨ੍ਹਾਂ ਲੋਕਾਂ ਨਾਲ ਖੜ੍ਹੇ ਹਨ, ਜਿਹੜੇ ਅਕਾਲ ਤਖਤ ਨਾਲ ਟੱਕਰ ਲੈ ਰਹੇ ਹਨ ਅਤੇ ਤਨਖਾਹੀਏ ਕਰਾਰ ਦਿੱਤੇ ਗਏ ਹਨ। ਇਨ੍ਹਾਂ ਮੈਂਬਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਅਕਾਲ ਤਖਤ ਦੇ ਭਗੌੜਿਆਂ ਤੇ ਤਨਖਾਹੀਆਂ ਨਾਲ ਖੜ੍ਹੇ ਹਨ। ਇਹ ਕੌਮ ਦੀ ਤਰਾਸਦੀ ਹੈ, ਪਰ ਉਹ ਕੌਮ ਦੀ ਸੇਵਾ ਆਪਣੇ ਪੱਧਰ 'ਤੇ ਜਾਰੀ ਰੱਖਣਗੇ। ਉਨ੍ਹਾ ਕਿਹਾ ਕਿ ਜੋਕਾਂ

ਬਾਕੀ ਸਫ਼ਾ 10 'ਤੇ



## ਫਿਲਮ ਸੈਂਸਰ ਬੋਰਡ 'ਚ ਸ਼੍ਰੋਮਣੀ ਕਮੇਟੀ ਦਾ ਮੈਂਬਰ ਪਾਉਣ ਦੀ ਮੰਗ

ਜਨਰਲ ਅਜਲਾਸ ਦੌਰਾਨ ਕਈ ਅਹਿਮ ਮਤੇ ਪੇਸ਼ ਕੀਤੇ ਗਏ, ਜਿਨ੍ਹਾਂ ਨੂੰ ਹਾਜ਼ਰ ਮੈਂਬਰ ਸਾਹਿਬਾਨ ਨੇ ਜੈਕਾਰਿਆਂ ਦੀ ਗੂੰਜ ਵਿੱਚ ਪ੍ਰਵਾਨਗੀ ਦਿੱਤੀ। ਇਨ੍ਹਾਂ ਵਿਚ ਸਿੱਖ ਕੌਮ ਨੂੰ ਢਾਅ ਲਾ ਰਹੀਆਂ ਦੁਸ਼ਮਣ ਸ਼ਕਤੀਆਂ ਵਿਰੁੱਧ ਅਵਾਜ਼ ਉਠਾਉਣ, ਸੋਸ਼ਲ ਮੀਡੀਆ 'ਤੇ ਸਿੱਖਾਂ ਦੀ ਕਿਰਦਾਰਕੁਸ਼ੀ ਨੂੰ ਰੋਕਣ ਸੰਬੰਧੀ ਸਰਕਾਰ ਨੂੰ ਅਪੀਲ, ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਪ੍ਰਕਿਰਿਆ ਸੁਖਾਲੀ ਬਣਾਉਣ, ਬੇਅਦਬੀ ਮਾਮਲਿਆਂ ਦੇ ਦੋਸ਼ੀ ਫੜਨ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜਦੇ ਮਸਲੇ ਵਿਚਾਰਨ ਲਈ ਸਲਾਹਕਾਰ ਬੋਰਡ ਗਠਿਤ ਕਰਨ ਆਦਿ ਦੇ ਮਤੇ ਸ਼ਾਮਲ ਹਨ। ਇੱਕ ਮਤੇ ਵਿਚ ਪੰਥ ਵਿਰੋਧੀ ਸ਼ਕਤੀਆਂ ਵੱਲੋਂ ਸਿੱਖਾਂ ਦੇ ਇਤਿਹਾਸ, ਮਰਿਆਦਾ ਅਤੇ ਸਿਧਾਂਤਾਂ ਨੂੰ ਰਲਗਡ ਕਰਨ ਦੀਆਂ ਸਾਜ਼ਿਸ਼ਾਂ ਦੀ ਕਰੜੀ ਨਿੰਦਾ ਕੀਤੀ ਗਈ। ਮਤੇ ਵਿੱਚ ਸਰਕਾਰਾਂ ਤੇ ਸਰਕਾਰੀ ਏਜੰਸੀਆਂ ਦੀ ਸਿੱਖ ਪੰਥ ਦੀ ਅੱਡਰੀ ਹੋਂਦ ਨੂੰ ਦਬਾਉਣ ਅਤੇ ਸਿੱਖ ਪ੍ਰੰਪਰਾਵਾਂ ਤੇ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਯਤਨਾਂ ਦਾ ਜ਼ਿਕਰ ਕਰਦਿਆਂ ਸਿਆਸੀ ਪਾਰਟੀਆਂ ਵੱਲੋਂ ਸਿੱਖ ਸੰਸਥਾਵਾਂ ਨੂੰ ਖੰਡਤ ਕਰਨ ਅਤੇ ਸਿੱਖ ਮਸਲਿਆਂ ਪ੍ਰਤੀ ਅਪਣਾਈ ਜਾ ਰਹੀ ਸਾਜ਼ਿਸ਼ੀ ਨੀਤੀ ਦਾ ਡੱਟ ਕੇ ਟਾਕਰਾ ਕਰਨ ਦਾ ਸੰਕਲਪ ਕੀਤਾ ਗਿਆ। ਸਰਕਾਰਾਂ ਤੇ ਏਜੰਸੀਆਂ ਨੂੰ ਤਾੜਨਾ ਕੀਤੀ ਗਈ ਕਿ ਸਿੱਖੀ ਨੂੰ ਢਾਅ ਲਗਾਉਣ ਵਾਲੀਆਂ ਚਾਲਾਂ ਤੇ ਸਿੱਖ ਪੰਥ ਦੇ ਮਸਲਿਆਂ ਨੂੰ ਉਲਝਾਉਣ ਵਾਲੀਆਂ ਸਾਜ਼ਿਸ਼ਾਂ ਤੁਰੰਤ ਬੰਦ ਕੀਤੀਆਂ ਜਾਣ। ਇਕ ਹੋਰ ਮਤੇ ਵਿੱਚ ਸਿੱਖ ਕੌਮ ਵਿਰੁੱਧ ਸੋਸ਼ਲ ਮੀਡੀਆ ਜ਼ਰੀਏ ਹੋ ਰਹੇ ਹਮਲਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਸਿੱਖਾਂ ਵਿਰੁੱਧ ਹੁੰਦੇ ਨਫਰਤੀ ਪ੍ਰਚਾਰ ਨੂੰ ਹਰ ਪੱਧਰ 'ਤੇ ਰੋਕਣ ਲਈ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ।

ਇਸੇ ਤਰ੍ਹਾਂ ਇਕ ਮਤੇ ਰਾਹੀਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਮਿਆਦ ਪੰਜ ਸਾਲ ਹੋਰ ਵਧਾਉਣ ਲਈ ਭਾਰਤ ਤੇ ਪਾਕਿਸਤਾਨ ਦੋਹਾਂ ਸਰਕਾਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਪ੍ਰਕਿਰਿਆ ਸਰਲ ਕਰਨ ਦੀ ਮੰਗ ਕੀਤੀ ਗਈ। ਮਤੇ ਰਾਹੀਂ ਪਾਸਪੋਰਟ ਦੀ ਸ਼ਰਤ ਹਟਾਉਣ, ਆਨਲਾਈਨ ਇੰਦਰਾਜ ਦੀ ਥਾਂ ਆਧਾਰ ਕਾਰਡ ਰਾਹੀਂ ਮੌਕੇ 'ਤੇ ਇਜਾਜ਼ਤ ਦੇਣ ਅਤੇ ਸ਼ਰਧਾਲੂਆਂ ਤੋਂ ਲਏ ਜਾਂਦੇ 20 ਡਾਲਰ ਦੀ ਸ਼ਰਤ ਖਤਮ ਕਰਨ ਲਈ ਵੀ ਕਿਹਾ ਗਿਆ। 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਸੰਬੰਧੀ ਮਤੇ ਵਿਚ ਬੇਅਦਬੀਆਂ ਦੇ ਮੁੱਖ ਦੋਸ਼ੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੇ ਪੈਰੋਕਾਰਾਂ ਹਨੀਪ੍ਰੀਤ, ਪਰਦੀਪ ਕਲੇਰ ਤੇ ਹੋਰ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਗਈ। ਮਤੇ ਵਿਚ ਪਰਦੀਪ ਕਲੇਰ ਨੂੰ ਦੋ ਕੇਸਾਂ ਵਿੱਚ ਅਦਾਲਤ ਵੱਲੋਂ ਭਗੌੜਾ ਕਰਾਰ ਦੇਣ ਦੇ ਬਾਵਜੂਦ ਵੀ ਗ੍ਰਿਫਤਾਰ ਨਾ ਕਰਨ 'ਤੇ ਪੰਜਾਬ ਸਰਕਾਰ ਦੀ ਮਨਸ਼ਾ 'ਤੇ ਸਵਾਲ ਉਠਾਏ ਗਈ। ਇਕ

ਬਾਕੀ ਸਫ਼ਾ 10 'ਤੇ

## ਰਾਜਾ ਵੜਿੰਗ ਨੇ ਅਕਾਲ ਤਖਤ ਨੂੰ ਮੁਆਫੀਨਾਮਾ ਘੱਲਿਆ

**ਅੰਮ੍ਰਿਤਸਰ :** ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਮੈਂਬਰ ਲੋਕ ਸਭਾ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੁਆਫੀਨਾਮਾ ਭੇਜ ਕੇ ਖਿਮਾ ਯਾਚਨਾ ਕੀਤੀ ਹੈ। ਉਨ੍ਹਾ ਬੀਤੇ ਦਿਨੀਂ ਇੱਕ ਚੈਨਲ 'ਤੇ ਗੱਲਬਾਤ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਪ੍ਰਤੀ ਕੁਝ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ, ਜਿਸ ਦਾ ਸ੍ਰੀ ਅਕਾਲ ਤਖਤ ਨੇ ਸਖਤ ਨੋਟਿਸ ਲੈਂਦਿਆਂ ਉਨ੍ਹਾ ਨੂੰ ਇਸ ਦੀ ਖਿਮਾ ਯਾਚਨਾ ਕਰਨ ਵਾਸਤੇ ਕਿਹਾ ਸੀ। ਭਾਵੇਂ ਰਾਜਾ ਵੜਿੰਗ ਨੇ ਉਸੇ ਸ਼ਾਮ ਹੀ ਜਨਤਕ ਤੌਰ 'ਤੇ ਮੁਆਫੀ ਮੰਗ ਲਈ ਸੀ, ਪਰ ਸੋਮਵਾਰ ਉਨ੍ਹਾ ਮੁਆਫੀਨਾਮਾ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਰਾਹੀਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਜਿਆ, ਜਿਸ ਨੂੰ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਸੌਂਪ ਦਿੱਤਾ ਗਿਆ। ਮੁਆਫੀਨਾਮੇ 'ਚ ਕਾਂਗਰਸੀ ਆਗੂ ਨੇ ਸਾਫ ਤੌਰ 'ਤੇ ਲਿਖਿਆ: 'ਮਨੁੱਖ ਭੁੱਲਣਹਾਰ ਹੈ ਪਰ ਗੁਰੂ ਬਖਸ਼ਿੰਦ ਹੈ, ਕ੍ਰਿਪਾ ਕਰਕੇ ਮੇਰੀ ਖੁਨਾਮੀ ਨੂੰ ਬਖਸ਼ ਦਿੱਤਾ ਜਾਵੇ।

## ਤਿੰਨ ਦਹਿਸ਼ਤਗਰਦ ਮਾਰੇ ਗਏ

**ਜੰਮੂ :** ਜੰਮੂ ਜ਼ਿਲ੍ਹੇ 'ਚ ਅਖਨੂਰ ਸੈਕਟਰ ਦੇ ਬੱਤਲ ਵਿਚ ਸੋਮਵਾਰ ਇਕ ਫੌਜੀ ਵਾਹਨ ਉਤੇ ਘਾਤ ਲਾ ਕੇ ਹਮਲਾ ਕਰਨ ਦੀ ਕੋਸ਼ਿਸ਼ ਵਿਚ ਸ਼ਾਮਲ ਤਿੰਨੋਂ ਦਹਿਸ਼ਤਗਰਦ ਸੁਰੱਖਿਆ ਦਸਤਿਆਂ ਨਾਲ ਹੋਏ ਮੁਕਾਬਲੇ ਵਿਚ ਮਾਰੇ ਗਏ। ਹਮਲੇ ਤੋਂ ਬਾਅਦ ਫੌਜ ਅਤੇ ਪੁਲਸ ਸਣੇ ਸੁਰੱਖਿਆ ਦਸਤਿਆਂ ਨੇ ਫੌਰੀ ਇਲਾਕੇ ਨੂੰ ਘੇਰ ਲਿਆ।

## ਇੰਫਾਲ 'ਚ ਕਾਲਜ ਗੇਟ ਕੋਲ ਗ੍ਰਨੇਡ ਮਿਲਿਆ

**ਇੰਫਾਲ :** ਸੋਮਵਾਰ ਸਵੇਰ ਇੱਥੇ ਰਾਜ ਭਵਨ ਤੋਂ 100 ਮੀਟਰ ਤੋਂ ਘੱਟ ਦੀ ਦੂਰੀ 'ਤੇ ਸਥਿਤ ਜੀ ਪੀ ਵੂਮੈਨ ਕਾਲਜ ਦੇ ਗੇਟ 'ਤੇ ਇਕ ਹੈਂਡ ਗ੍ਰਨੇਡ ਮਿਲਿਆ, ਜਿਸ ਕਾਰਨ ਇਲਾਕੇ ਵਿਚ ਸਹਿਮ ਦਾ ਮਾਹੌਲ ਪੈਦਾ ਹੋ ਗਿਆ। ਪੁਲਸ ਨੇ ਇਲਾਕੇ ਦੀ ਘੇਰਾਬੰਦੀ ਕਰਕੇ ਗ੍ਰਨੇਡ ਨੂੰ ਨਕਾਰਾ ਕਰ ਦਿੱਤਾ। ਕਾਲਜ ਰਾਜ ਭਵਨ ਤੋਂ 100 ਮੀਟਰ ਤੋਂ ਘੱਟ ਦੂਰੀ 'ਤੇ ਹੀ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਹੈ। ਮਨੀਪੁਰ ਪੁਲਸ ਹੈੱਡਕੁਆਰਟਰ 300 ਮੀਟਰ ਦੀ ਦੂਰੀ 'ਤੇ ਹੈ। ਕਾਲਜ ਦੇ ਵਿਦਿਆਰਥੀਆਂ ਨੇ ਇਸ ਘਟਨਾ ਖਿਲਾਫ ਧਰਨਾ ਦਿੱਤਾ।

## ਕਪੂਰਥਲਾ ਦੇ ਮਿਕ ਮੋਬਾਇਲ ਸ਼ੋਅ ਰੂਮ 'ਤੇ ਗੋਲੀਆਂ ਚਲਾਉਣ ਵਾਲੇ ਦੋਨੋਂ ਸ਼ੂਟਰ ਫੜੇ

**ਕਪੂਰਥਲਾ :** ਮਿਕ ਮੋਬਾਇਲ ਸ਼ੋਅ ਰੂਮ ਗੋਲੀ ਕਾਂਡ ਦੇ ਦੋਵੇਂ ਸ਼ੂਟਰਾਂ ਨੂੰ ਗ੍ਰਿਫਤਾਰ ਕਰਕੇ ਪੁਲਸ ਨੇ ਫਾਇਰਿੰਗ ਮਾਮਲੇ ਨੂੰ ਸੁਲਝਾ ਲਿਆ ਹੈ। ਐੱਸ ਐੱਸ ਪੀ ਕਪੂਰਥਲਾ ਵਤਸਲਾ ਗੁਪਤਾ ਨੇ ਦੱਸਿਆ ਕਿ ਪੁਲਸ ਨੇ ਕੌਸ਼ਲ ਚੌਧਰੀ ਗਰੁੱਪ ਦੇ ਮਨੀਸ਼ ਉਰਫ ਮਨੀ ਤੇ ਲਲਿਤ ਕੁਮਾਰ ਦੋਵੇਂ ਵਾਸੀ ਦੂਧੋਲਾ, ਥਾਣਾ ਗਦਪੁਰੀ, ਪਲਵਲ, ਹਰਿਆਣਾ ਨੂੰ ਦੋ ਦੇਸੀ ਪਿਸਤੌਲਾਂ ਅਤੇ ਸੱਤ ਜ਼ਿੰਦਾ ਰੌਂਦਾਂ ਸਮੇਤ ਗ੍ਰਿਫਤਾਰ ਕਰ ਲਿਆ ਹੈ।

ਪਵਨ ਕੁਮਾਰ ਵਾਸੀ ਮੰਗੋਲਪੁਰ ਰੋਹਿਣੀ, ਦਿੱਲੀ, ਰਾਹੁਲ ਵਾਸੀ ਆਮਰੂ ਜ਼ਿਲ੍ਹਾ ਪਲਵਲ ਹਰਿਆਣਾ, ਕੌਸ਼ਲ ਚੌਧਰੀ ਵਾਸੀ ਪਿੰਡ ਨਾਹਰਪੁਰ ਰੂਪਾਂ, ਥਾਣਾ ਸਦਰ ਗੁੜਗਾਓਂ, ਸੌਰਵ ਗੰਡੋਲੀ ਵਾਸੀ ਗਰੋਲੀ ਖੁਰਦ ਹਰਿਆਣਾ ਅਤੇ ਤਿੰਨ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਥਾਣਾ ਸਿਟੀ ਕਪੂਰਥਲਾ ਵਿਖੇ ਦਰਜ ਕੀਤਾ ਗਿਆ ਸੀ। ਕੁਲਵੰਤ ਰਾਏ ਪੁਲਸ ਕਪਤਾਨ ਇਨਵੈਸਟੀਗੇਸ਼ਨ ਕਪੂਰਥਲਾ ਦੀ ਅਗਵਾਈ 'ਚ ਪੁਲਸ ਪਾਰਟੀ ਨੇ ਟੈਕਨੀਕਲ ਅਤੇ ਹਿਊਮਨ ਇਨਵੈਸਟੀਗੇਸ਼ਨ ਰਾਹੀਂ ਮੁਲਜ਼ਮਾਂ ਦੀ ਸੂਹ ਲਾਈ।

7 ਅਕਤੂਬਰ ਨੂੰ ਸਵੇਰੇ ਕਰੀਬ 10 ਵਜੇ ਡੀ ਸੀ ਚੌਕ ਨੇੜੇ ਮਿਕ ਮੋਬਾਇਲ ਸ਼ੋਅ ਰੂਮ 'ਤੇ ਅਣਪਛਾਤੇ ਹਮਲਾਵਰ 15-20 ਗੋਲੀਆਂ ਚਲਾ ਕੇ ਮੌਕੇ 'ਤੇ 5 ਕਰੋੜ ਰੁਪਏ ਦੀ ਰੰਗਦਾਰੀ ਦੀ ਪਰਚੀ ਛੱਡ ਗਏ ਸਨ, ਜਿਸ ਨਾਲ ਇਲਾਕੇ 'ਚ ਦਹਿਸ਼ਤ ਫੈਲ ਗਈ ਸੀ। ਐੱਸ ਐੱਸ ਪੀ ਨੇ ਦੱਸਿਆ ਕਿ ਫਿਰੌਤੀ ਮੰਗਣ ਵਾਲੇ ਸੌਰਵ ਗੰਡੋਲੀ ਦਾ ਅਸਲ ਨਾਂ ਪਵਨ ਕੁਮਾਰ ਹੈ, ਜੋ ਮੰਗੋਲਪੁਰੀ, ਰੋਹਿਣੀ ਦਾ ਰਹਿਣ ਵਾਲਾ ਹੈ। ਇਹ ਕੌਸ਼ਲ ਚੌਧਰੀ ਗਰੁੱਪ ਨਾਲ ਮਿਲਿਆ ਹੋਇਆ ਹੈ ਤੇ ਇਸੇ ਗੈਂਗ ਦੇ ਕਹਿਣ 'ਤੇ ਗੋਲੀਆਂ ਚਲਾ ਕੇ ਫਿਰੌਤੀਆਂ ਮੰਗਣ ਦਾ ਕੰਮ ਕਰਦਾ ਹੈ। ਮੁਲਜ਼ਮਾਂ ਨੇ ਪਹਿਲਾਂ ਮਿਕ ਸ਼ੋਅ ਰੂਮ ਦੀ ਰੇਕੀ ਕੀਤੀ ਤੇ ਫਿਰ ਚੋਰੀ ਦੇ ਮੋਟਰਸਾਈਕਲ ਰਾਹੀਂ ਘਟਨਾ ਨੂੰ ਅੰਜਾਮ ਦਿੱਤਾ।

## ਮਰਦਮਸ਼ੁਮਾਰੀ ਅਗਲੇ ਸਾਲ ਦੇ ਸ਼ੁਰੂ ਤੋਂ ਸੰਭਵ

**ਨਵੀਂ ਦਿੱਲੀ :** ਇਸ ਦਹਾਕੇ ਦੀ ਜਨਗਣਨਾ ਅਤੇ ਨੈਸ਼ਨਲ ਪਾਪੂਲੇਸ਼ਨ ਰਜਿਸਟਰ (ਐੱਨ ਪੀ ਆਰ) ਨੂੰ ਅਪਡੇਟ ਕਰਨ ਦਾ ਕੰਮ ਸਾਲ 2025 ਦੇ ਸ਼ੁਰੂ 'ਚ ਆਰੰਭ ਹੋਣ ਦੀ ਸੰਭਾਵਨਾ ਹੈ ਅਤੇ ਇਸ ਸੰਬੰਧੀ ਅੰਕੜੇ 2026 ਵਿਚ ਐਲਾਨੇ ਜਾਣਗੇ। ਸੂਤਰਾਂ ਨੇ ਦੱਸਿਆ ਕਿ ਇਸ ਵਾਰ ਦੀ ਜਨਗਣਨਾ ਦਾ ਕੰਮ ਪਹਿਲਾਂ ਹੀ ਦੇਰੀ ਨਾਲ ਚੱਲ ਰਿਹਾ ਹੈ ਤੇ ਲੇਟ ਹੋਣ ਤੋਂ ਬਾਅਦ ਜਨਗਣਨਾ ਦਾ ਹਰ ਦਸ ਸਾਲਾਂ ਬਾਅਦ ਹੁੰਦੇ ਚੱਕਰ ਦਾ ਸਾਲ ਵੀ ਬਦਲਿਆ ਜਾਵੇਗਾ। ਹਾਲਾਂਕਿ ਜਾਤੀ ਜਨਗਣਨਾ ਬਾਰੇ ਫੈਸਲਾ ਨਹੀਂ ਹੋ ਸਕਿਆ ਕਿ ਇਹ ਵੀ ਆਮ ਜਨਗਣਨਾ ਨਾਲ ਹੀ ਮੁਕੰਮਲ ਹੋਵੇਗੀ ਕਿ ਨਹੀਂ। ਦੇਸ਼ ਦੀ ਜਨਗਣਨਾ 1951 ਤੋਂ ਹਰ 10 ਸਾਲਾਂ ਬਾਅਦ ਕੀਤੀ ਜਾਂਦੀ ਰਹੀ ਹੈ ਪਰ ਕੋਰੋਨਾ

ਬਾਕੀ ਸਫ਼ਾ 10 'ਤੇ

## ਵਡੋਦਰਾ 'ਚ ਟਾਟਾ-ਏਅਰਬੱਸ ਦੇ ਪਲਾਂਟ ਦਾ ਉਦਘਾਟਨ

**ਵਡੋਦਰਾ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਪੇਨ ਦੇ ਪ੍ਰਧਾਨ ਮੰਤਰੀ ਪੈਡਰੋ ਸਾਂਚੇਜ਼ ਨੇ ਸੋਮਵਾਰ ਵਡੋਦਰਾ ਵਿਚ ਰੋਡ ਸ਼ੋਅ ਕਰਨ ਤੋਂ ਬਾਅਦ ਟਾਟਾ-ਏਅਰਬੱਸ ਦੇ ਸੀ-295 ਏਅਰਕ੍ਰਾਫਟ ਦੇ ਫਾਈਨਲ ਅਸੈਂਬਲੀ ਲਾਈਨ ਪਲਾਂਟ ਦਾ ਉਦਘਾਟਨ ਕੀਤਾ। ਦੋਹਾਂ ਨੇ ਟਾਟਾ ਐਡਵਾਂਸਡ ਸਿਸਟਮ ਲਿਮਟਿਡ ਕੰਪਲੈਕਸ ਵਿਚ ਟਾਟਾ ਏਅਰਕ੍ਰਾਫਟ ਕੰਪਲੈਕਸ ਦਾ ਉਦਘਾਟਨ ਵੀ ਕੀਤਾ। ਸੀ-295 ਪ੍ਰੋਗਰਾਮ ਤਹਿਤ 56 ਜਹਾਜ਼ਾਂ ਦਾ ਨਿਰਮਾਣ ਕੀਤਾ ਜਾਵੇਗਾ। 16 ਜਹਾਜ਼ ਸਪੇਨ ਤੋਂ ਸਿੱਧੇ ਏਅਰਬੱਸ ਵੱਲੋਂ ਸਪਲਾਈ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਭਾਰਤ ਵਿਚ 40 ਜਹਾਜ਼ਾਂ ਦਾ ਨਿਰਮਾਣ ਕੀਤਾ ਜਾਵੇਗਾ। ਟਾਟਾ ਐਡਵਾਂਸਡ ਸਿਸਟਮ ਲਿਮਟਿਡ ਭਾਰਤ ਵਿਚ ਇਨ੍ਹਾਂ 40 ਜਹਾਜ਼ਾਂ ਦਾ ਨਿਰਮਾਣ ਕਰਨ ਜਾ ਰਿਹਾ ਹੈ।

ਮੋਦੀ ਨੇ ਆਪਣੇ ਸੰਬੋਧਨ ਵਿਚ ਰਤਨ ਟਾਟਾ ਨੂੰ ਯਾਦ ਕਰਦਿਆਂ ਕਿਹਾ—ਹਾਲ ਹੀ ਵਿਚ ਅਸੀਂ ਦੇਸ਼ ਦੇ ਮਹਾਨ ਸਪੂਤ ਰਤਨ ਟਾਟਾ ਜੀ ਨੂੰ ਗੁਆ ਦਿੱਤਾ ਹੈ। ਜੇ ਉਹ ਅੱਜ ਸਾਡੇ ਵਿਚਕਾਰ ਹੁੰਦੇ ਤਾਂ ਉਹ ਖੁਸ਼ ਹੁੰਦੇ ਪਰ ਉਨ੍ਹਾ ਦੀ ਆਤਮਾ ਜਿੱਥੇ ਵੀ ਹੋਵੇਗੀ, ਉਹ ਖੁਸ਼ ਹੋਵੇਗੀ। ਇਹ ਸੀ-295 ਏਅਰਕ੍ਰਾਫਟ ਫੈਕਟਰੀ ਨਵੇਂ ਭਾਰਤ ਦੇ ਨਵੇਂ ਕੰਮ ਸੱਭਿਆਚਾਰ ਨੂੰ ਦਰਸਾਉਂਦੀ ਹੈ। ਮੈਨੂੰ ਪੂਰਾ ਭਰੋਸਾ ਹੈ ਕਿ ਭਵਿੱਖ ਵਿਚ ਇਸ ਫੈਕਟਰੀ ਵਿਚ ਬਣੇ ਜਹਾਜ਼ਾਂ ਨੂੰ ਹੋਰਨਾਂ ਦੇਸ਼ਾਂ ਨੂੰ ਬਰਾਮਦ ਕੀਤਾ ਜਾਵੇਗਾ। ਸਪੇਨੀ ਪ੍ਰਧਾਨ ਮੰਤਰੀ ਦਾ ਸੁਆਗਤ ਕਰਦਿਆਂ ਮੋਦੀ ਨੇ ਕਿਹਾ—ਮੇਰੇ ਦੋਸਤ ਪੈਡਰੋ ਸਾਂਚੇਜ਼ ਦੀ ਇਹ ਪਹਿਲੀ ਭਾਰਤ ਯਾਤਰਾ ਹੈ। ਅੱਜ ਤੋਂ ਅਸੀਂ ਭਾਰਤ ਅਤੇ ਸਪੇਨ ਦੀ ਸਾਂਝੇਦਾਰੀ ਨੂੰ ਨਵੀਂ ਦਿਸ਼ਾ ਦੇ ਰਹੇ ਹਾਂ। ਸੀ-295 ਏਅਰਕ੍ਰਾਫਟ ਉਤਪਾਦਨ ਫੈਕਟਰੀ ਭਾਰਤ-ਸਪੇਨ ਸੰਬੰਧਾਂ ਅਤੇ 'ਮੇਡ ਇਨ ਇੰਡੀਆ, ਮੇਕ ਫਾਰ ਦਿ ਵਰਲਡ' ਮਿਸ਼ਨ ਨੂੰ ਮਜ਼ਬੂਤ ਕਰੇਗੀ। ਪਲਾਂਟ ਦੇ ਉਦਘਾਟਨ ਦੌਰਾਨ ਪੈਡਰੋ ਸਾਂਚੇਜ਼ ਨੇ ਪ੍ਰਸਿੱਧ ਸਪੈਨਿਸ਼ ਗਿਟਾਰਿਸਟ ਪਾਕੋ ਡੇ ਲੂਸੀਆ ਦਾ ਜ਼ਿਕਰ ਕਰਦਿਆਂ ਭਾਰਤ ਅਤੇ ਸਪੇਨ ਦਰਮਿਆਨ ਸੱਭਿਆਚਾਰਕ ਅਤੇ ਉਦਯੋਗਿਕ ਸੰਬੰਧਾਂ ਬਾਰੇ ਭਾਸ਼ਣ ਦਿੱਤਾ।

## ਪੀ ਆਰ ਟੀ ਸੀ ਕਾਮਿਆਂ ਦੀਆਂ ਕੁਝ ਮੰਗਾਂ ਮੰਨਣ ਦਾ ਧੰਨਵਾਦ, ਬਾਕੀ ਵੀ ਛੇਤੀ ਮੰਨਣ 'ਤੇ ਜ਼ੋਰ

**ਪਟਿਆਲਾ :** ਇੱਥੇ ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਦੀ ਮੀਟਿੰਗ ਸ੍ਰੀ ਨਿਰਮਲ ਸਿੰਘ ਧਾਲੀਵਾਲ, ਏਟਕ ਦੇ ਜਨਰਲ ਸਕੱਤਰ ਦੀ ਕਨਵੀਨਰਸ਼ਿਪ ਹੇਠ ਹੋਈ। ਛੇ ਜਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ ਦੇ ਨੁਮਾਇੰਦੇ ਇੰਟਕ ਦੇ ਪ੍ਰਧਾਨ ਬਲਦੇਵ ਰਾਜ ਬੱਤਾ, ਕਰਮਚਾਰੀ ਦਲ ਦੇ ਪ੍ਰਧਾਨ ਹਰਪ੍ਰੀਤ ਸਿੰਘ ਖਟੜਾ, ਅਜ਼ਾਦ ਜਥੇਬੰਦੀ ਦੇ ਪ੍ਰਧਾਨ ਮਨਜਿੰਦਰ ਕੁਮਾਰ (ਬੱਬੂ ਸ਼ਰਮਾ), ਐੱਸ.ਸੀ./ਬੀ.ਸੀ. ਦੇ ਪ੍ਰਧਾਨ ਰਾਕੇਸ਼ ਕੁਮਾਰ ਦਾਤਾਰਪੁਰੀ ਅਤੇ ਰਿਟਾਇਰਡ ਵਰਕਰਜ਼ ਯੂਨੀਅਨ ਏਟਕ ਦੇ ਪ੍ਰਧਾਨ ਉਤਮ ਸਿੰਘ ਬਾਗੜੀ ਇਸ ਮੀਟਿੰਗ ਵਿੱਚ ਸ਼ਾਮਲ ਸਨ। ਜਿਨ੍ਹਾਂ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ, ਉਨ੍ਹਾਂ ਵਿੱਚ ਕੰਟਰੈਕਟ ਵਰਕਰਾਂ ਨੂੰ ਰੈਗੂਲਰ ਕਰਨ ਦੇ ਮਸਲੇ ਨੂੰ ਸਰਕਾਰ ਵੱਲੋਂ ਹੱਲ ਨਾ ਕੀਤੇ ਜਾਣਾ, ਕੰਟਰੈਕਟ ਵਰਕਰਾਂ ਦੀ ਤਨਖਾਹ ਵਿੱਚ ਇਕਸਾਰਤਾ ਲਿਆਉਣਾ, ਪੀ.ਆਰ.ਟੀ.ਸੀ. ਵਿੱਚ 500 ਨਵੀਆਂ ਬੱਸਾਂ ਆਪਣੀ ਮਾਲਕੀ ਵਾਲੀਆਂ ਪਾਉਣਾ, ਫਲਾਇੰਗ ਸਟਾਫ ਨੂੰ 5000 ਰੁਪਏ ਪ੍ਰਤੀ ਮਹੀਨਾ ਵਿਸ਼ੇਸ਼ ਭੱਤਾ ਦੇਣਾ, ਰਿੱਟ ਨੰ: 8240 ਰਾਹੀਂ ਰੈਗੂਲਰ ਹੋਏ ਕਰਮਚਾਰੀਆਂ ਨੂੰ ਪੈਨਸ਼ਨ ਸਕੀਮ 1992 ਦਾ ਮੈਂਬਰ ਬਣਾਉਣਾ, 1992 ਦੀ ਪੈਨਸ਼ਨ ਸੁਵਿਧਾ ਤੋਂ ਵਾਂਝੇ ਰਹਿ ਗਏ 400 ਬਜ਼ੁਰਗ ਸੇਵਾ-ਮੁਕਤ ਕਰਮਚਾਰੀਆਂ ਨੂੰ ਪੈਨਸ਼ਨ ਦਾ ਲਾਭ ਦੇਣਾ, ਵਰਕਰਾਂ ਦੀਆਂ ਬਣਦੀਆਂ ਤਰੱਕੀਆਂ ਕਰਨਾ, ਸੇਵਾ ਮੁਕਤ ਅਤੇ ਮੌਜੂਦਾ ਕਰਮਚਾਰੀਆਂ ਦੇ ਵਿੱਤੀ ਬਕਾਏ ਅਦਾ ਕਰਨਾ, ਮਾਨਯੋਗ ਅਦਾਲਤ ਦੇ ਹੁਕਮ ਅਨੁਸਾਰ ਪੰਜਾਬ ਸਰਕਾਰ ਵੱਲੋਂ ਸੇਵਾ-ਮੁਕਤ ਕਰਮਚਾਰੀਆਂ ਨੂੰ ਸੇਵਾ ਮੁਕਤੀ ਦੇ ਅਗਲੇ ਦਿਨ ਬਣਦਾ ਇੰਕਰੀਮੈਂਟ ਦੇਣਾ, ਪੰਜਾਬ ਸਰਕਾਰ ਵੱਲੋਂ ਮੁਫਤ ਸਫਰ ਬਦਲੇ 500 ਕਰੋੜ ਤੋਂ ਵੱਧ ਦੀ ਬਣਦੀ ਰਕਮ ਦੀ ਅਦਾਇਗੀ ਪੀ.ਆਰ.ਟੀ.ਸੀ. ਨੂੰ ਕਰਨਾ ਆਦਿ ਸ਼ਾਮਲ ਸਨ।

ਐਕਸ਼ਨ ਕਮੇਟੀ ਦੀ ਲੀਡਰਸ਼ਿਪ ਨੇ ਕਿਹਾ ਕਿ ਮੈਨੇਜਮੈਂਟ ਅਤੇ ਸਰਕਾਰ ਨੂੰ ਸਮੇਂ-ਸਮੇਂ ਮੰਗ ਪੱਤਰ ਦੇ ਕੇ ਵਰਕਰਾਂ ਦੇ ਮਸਲੇ ਹੱਲ ਕਰਨ ਲਈ ਲਗਾਤਾਰ ਜਥੇਬੰਦਕ ਤੌਰ 'ਤੇ ਯਤਨ ਕੀਤੇ ਜਾ ਰਹੇ ਹਨ, ਪਰ ਕੋਈ ਤਸੱਲੀਬਖਸ਼ ਹੱਲ ਨਹੀਂ ਪੇਸ਼ ਕੀਤਾ ਜਾ ਰਿਹਾ। ਐਕਸ਼ਨ ਕਮੇਟੀ ਨੇ ਚੇਅਰਮੈਨ ਅਤੇ ਐਮ.ਡੀ. ਪੀ.ਆਰ.ਟੀ.ਸੀ. ਵੱਲੋਂ ਕੁੱਝ ਮਸਲੇ ਹੱਲ ਕਰਨ ਦੀ ਦਿਸ਼ਾ ਵਿੱਚ ਚੁੱਕੇ ਗਏ ਕਦਮਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਐਕਸ਼ਨ ਕਮੇਟੀ ਦੇ ਮੰਗ ਪੱਤਰਾਂ ਵਿੱਚ ਕਾਫੀ ਚਿਰ ਤੋਂ ਪ੍ਰਮੁੱਖਤਾ ਨਾਲ ਕੰਟਰੈਕਟ ਵਰਕਰਾਂ ਦੀ ਤਨਖਾਹ ਵਿੱਚ ਇਕਸਾਰਤਾ ਲਿਆਉਣ ਦਾ ਜੋ ਮੁੱਦਾ ਚੁੱਕਿਆ ਹੋਇਆ ਸੀ, ਉਸ ਦਾ ਹੱਲ ਕਰਦਿਆਂ ਕੰਟਰੈਕਟ ਵਰਕਰਾਂ ਦੀ ਤਨਖਾਹ ਵਿੱਚ 2500 ਰੁਪਏ ਦਾ ਵਾਧਾ ਕਰ ਦਿੱਤਾ ਅਤੇ ਹਰ ਸਾਲ 5 ਪ੍ਰਤੀਸ਼ਤ ਦਾ ਵਾਧਾ ਦੇਣ ਦੀ ਮੰਗ ਮੰਨ ਕੇ ਲਾਗੂ ਕਰ ਦਿੱਤੀ ਗਈ।

ਇਸੇ ਤਰ੍ਹਾਂ ਆਪਣੀ ਮਾਲਕੀ ਵਾਲੀ 400 ਬੱਸਾਂ ਪਾਉਣ ਦਾ ਵੀ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਹੈ। ਸੇਵਾ-ਮੁਕਤ ਕਰਮਚਾਰੀਆਂ ਨੂੰ ਨੋਸ਼ਨਲ ਇੰਕਰੀਮੈਂਟ ਦੇਣ ਦੇ ਹੁਕਮ ਵੀ ਜਾਰੀ ਕਰਨ ਲਈ ਦਸਤਖਤਾਂ ਅਧੀਨ ਹਨ। ਤਰੱਕੀਆਂ ਦੀਆਂ ਫਾਈਲਾਂ ਲੱਗਭੱਗ ਤਿਆਰ ਹੋ ਚੁੱਕੀਆਂ ਹਨ।

ਪਰ ਅਜੇ ਵੀ ਕਾਫੀ ਮੰਗਾਂ ਜੋ ਕਾਨੂੰਨੀ ਤੌਰ 'ਤੇ ਅਤੇ ਲੋੜ ਅਨੁਸਾਰ ਵਾਜਬ ਹਨ, ਉਹਨਾਂ ਦਾ ਨਿਪਟਾਰਾ ਪਿਛਲੇ ਸਮੇਂ ਵਿੱਚ ਬੇਲੋੜਾ ਲਟਕਾਇਆ ਗਿਆ ਹੈ। ਉਨ੍ਹਾਂ ਦਾ ਬਿਨਾਂ ਦੇਰੀ ਹੱਲ ਕਰਨਾ ਬਣਦਾ ਹੈ, ਜਿਸ ਬਾਰੇ ਐਕਸ਼ਨ ਕਮੇਟੀ ਵੱਲੋਂ ਜਲਦੀ ਮੀਟਿੰਗ ਕਰਨ ਲਈ ਪੱਤਰ ਲਿਖਿਆ ਗਿਆ ਹੈ। ਐਕਸ਼ਨ ਕਮੇਟੀ ਨੇ ਮੈਨੇਜਮੈਂਟ ਨੂੰ ਜ਼ੋਰ ਦੇ ਕੇ ਕਿਹਾ ਕਿ ਅਦਾਰੇ ਵਿੱਚ ਵਰਕਰਾਂ ਅਤੇ ਮੈਨੇਜਮੈਂਟ ਦਰਮਿਆਨ ਸੁਖਾਵੇਂ ਮਾਹੌਲ ਦੀ ਅਹਿਮੀਅਤ ਨੂੰ ਮੱਦੇਨਜ਼ਰ ਰੱਖਦੇ ਹੋਏ ਵਰਕਰਾਂ ਦੇ ਸਾਰੇ ਲੰਬਿਤ ਪਏ ਮਸਲਿਆਂ ਦਾ ਹੱਲ ਬਿਨਾਂ ਦੇਰੀ ਕੀਤਾ ਜਾਵੇ। ਐਕਸ਼ਨ ਕਮੇਟੀ ਨੇ ਮੈਨੇਜਮੈਂਟ ਨੂੰ ਇਹ ਵੀ ਕਿਹਾ ਕਿ ਦੀਵਾਲੀ ਦੇ ਤਿਉਹਾਰ ਮੌਕੇ ਸਰਕਾਰ ਵੱਲੋਂ 30 ਅਕਤੂਬਰ ਤੱਕ ਤਨਖਾਹ ਪੈਨਸ਼ਨ ਦੇਣ ਦੇ ਕੀਤੇ ਹੁਕਮ ਅਨੁਸਾਰ ਪੀ.ਆਰ.ਟੀ.ਸੀ. ਦੇ ਕਰਮਚਾਰੀਆਂ ਨੂੰ ਹਰ ਹਾਲਤ ਵਿੱਚ 30 ਅਕਤੂਬਰ ਤੱਕ ਤਨਖਾਹ ਅਤੇ ਪੈਨਸ਼ਨ ਦਿੱਤੀ ਜਾਵੇ। ਐਕਸ਼ਨ ਕਮੇਟੀ ਨੇ ਪੰਜਾਬ ਸਰਕਾਰ ਵੱਲੋਂ ਕਰਮਚਾਰੀਆਂ ਦਾ 15 ਪ੍ਰਤੀਸ਼ਤ ਡੀ.ਏ. ਜਾਰੀ ਨਾ ਕਰਨਾ, ਪੁਰਾਣੀ ਪੈਨਸ਼ਨ ਬਹਾਲ ਨਾ ਕਰਨਾ, ਘੱਟੋ—ਘੱਟ ਉਜਰਤਾਂ ਵਿੱਚ ਵਾਧਾ ਨਾ ਦਿੱਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਪੀ.ਆਰ.ਟੀ.ਸੀ. ਦੇ ਕਰਮਚਾਰੀ ਇਨ੍ਹਾਂ ਮਸਲਿਆਂ ਲਈ ਚੱਲ ਰਹੀਆਂ ਅਤੇ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੀਆਂ ਸੰਭਾਵਤ ਐਜੀਟੇਸ਼ਨਾਂ ਵਿੱਚ ਸ਼ਾਮਲ ਹੋਣਗੇ।

## ਅੱਜ-ਨਾਮਾ

ਦੀਵਾਲੀ ਆਉਂਦੀ ਨੂੰ ਦਿਵਸ ਆ ਦੋ ਬਾਕੀ,
ਗਿਆ ਹੈ ਪੱਧਰ ਪਰਦੂਸ਼ਣ ਦਾ ਚੜ੍ਹ ਬੇਲੀ।
ਹਾਲਤ ਮਾੜੀ ਪੰਜਾਬ ਵਿੱਚ ਬਹੁਤ ਦਿੱਸਦੀ,
ਵਧ ਰਹੀ ਗਰਮੀ ਤਾਂ ਸੰਘ ਲਏ ਫੜ ਬੇਲੀ।
ਚੁਭ ਰਿਹਾ ਅੱਖ ਨੂੰ ਧੂੰਆਂ ਪੰਜਾਬ ਦੇ ਵਿੱਚ,
ਏਦੂੰ ਬਹੁਤਾ ਹਰਿਆਣਾ ਗਿਆ ਅੜ ਬੇਲੀ।
ਘਰਾਂ ਤੋਂ ਨਿਕਲਣ ਵੀ ਕਈ ਥਾਂ ਬੜਾ ਔਖਾ,
ਸਾਰਾ ਈ ਰਾਜ ਗਿਆ ਹੈ ਅੰਦਰ ਵੜ ਬੇਲੀ।
ਬਦਨਾਮੀ ਕਰਦੇ ਆ ਬਹੁਤ ਪੰਜਾਬੀਆਂ ਦੀ,
ਹਕੀਕੀ ਤਸਵੀਰ ਤਾਂ ਕਦੇ ਚਿਤਾਰਦੇ ਨਹੀਂ।
ਦੂਸਰੇ ਰਾਜਾਂ ਵਿੱਚ ਕਿੰਨਾ ਕੁਝ ਹੋਈ ਜਾਂਦਾ,
ਆਪਣੀ ਪੀੜ੍ਹੀ ਦੇ ਹੇਠ ਨਜ਼ਰ ਮਾਰਦੇ ਨਹੀਂ।

-ਤੀਸ ਮਾਰ ਖਾਂ

## .ਗਦਰੀ ਬਾਬਿਆਂ ਦੇ ਮੇਲੇ 'ਚ ਕਾਫਲੇ ਬੰਨ੍ਹ ਕੇ ਪੁੱਜਣ ਦਾ ਸੱਦਾ

**ਜਲੰਧਰ (ਕੇਸਰ) :** 7 ਨਵੰਬਰ ਤੋਂ ਜੋਸ਼-ਖਰੋਸ਼ ਨਾਲ ਸ਼ੁਰੂ ਹੋ ਰਹੇ ਤਿੰਨ ਰੋਜ਼ਾ ਗ਼ਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀਆਂ ਨੂੰ ਪੱਕੇ ਪੈਰੀਂ ਕਰਨ ਲਈ ਸੋਮਵਾਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਨੇ ਮੀਟਿੰਗ ਕਰਕੇ ਠੋਸ ਵਿਉਂਤਬੰਦੀ ਕੀਤੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਮੇਲੇ ਦੇ ਮੁੱਖ ਬੁਲਾਰੇ ਵਿਸ਼ਵ ਪ੍ਰਸਿੱਧ ਵਿਦਵਾਨ ਅਰੁੰਧਤੀ ਰਾਏ, ਨਿਊਜ਼ ਕਲਿੱਕ ਦੇ ਮੋਢੀ ਸੰਪਾਦਕ ਪ੍ਰਬੀਰ, ਐਡਵੋਕੇਟ ਰਾਜਿੰਦਰ ਸਿੰਘ ਚੀਮਾ, ਬੁੱਧੀਜੀਵੀ ਅਪੂਰਵਾਨੰਦ ਅਤੇ ਨਾਮਵਰ ਫ਼ਿਲਮਸਾਜ਼ ਸੰਜੇ ਕਾਕ ਦਾ ਮੇਲੇ 'ਚ ਆਉਣਾ ਪੱਕਾ ਹੋ ਗਿਆ ਹੈ।

**ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਹਜ਼ਾਰ ਡਾਲਰ ਮੇਲੇ ਲਈ ਭੇਟ**




7 ਨਵੰਬਰ ਨੂੰ 2 ਵਜੇ ਚਿੱਤਰਕਲਾ ਉਦਘਾਟਨ ਅਤੇ 4 ਵਜੇ ਪੁਸਤਕ ਸੱਭਿਆਚਾਰ ਬਾਰੇ ਚਰਚਾ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਇਸ ਮੌਕੇ ਵਿੱਛੜੇ ਨਾਮਵਰ ਕਵੀ ਸੁਰਜੀਤ ਪਾਤਰ, ਗਾਇਕ ਕੁਲਦੀਪ ਜਲੂਰ, ਹਰਬੰਸ ਹੀਓਂ ਨੂੰ ਸਿਜਦਾ ਕੀਤਾ ਜਾਏਗਾ। 8 ਨਵੰਬਰ ਨੂੰ ਹੋ ਰਹੇ ਕੁਇਜ਼, ਪੇਂਟਿੰਗ, ਭਾਸ਼ਣ, ਗਾਇਨ ਮੁਕਾਬਲਿਆਂ, ਚਿੱਤਰਕਲਾ, ਫੋਟੋ ਪ੍ਰਦਰਸ਼ਨੀ, ਕਵੀ ਦਰਬਾਰ, ਫ਼ਿਲਮ ਸ਼ੋਅ ਦੀਆਂ ਤਿਆਰੀਆਂ, ਲੰਗਰ, ਵਲੰਟੀਅਰ, ਮੇਲੇ 'ਚ ਲੋੜੀਂਦੇ ਪ੍ਰਬੰਧਾਂ 'ਤੇ ਝਾਤ ਮਾਰੀ ਗਈ। ਸੱਭਿਆਚਾਰਕ ਵਿੰਗ ਦੇ ਕਨਵੀਨਰ ਨੇ ਮੀਟਿੰਗ 'ਚ ਦੱਸਿਆ ਕਿ ਚਕਰੇਸ਼ ਚੰਡੀਗੜ੍ਹ, ਕੇਵਲ ਧਾਲੀਵਾਲ, ਅਨੀਤਾ ਸ਼ਬਦੀਸ਼, ਬਲਰਾਜ ਸਾਗਰ, ਜਸਵਿੰਦਰ ਪੱਪੀ ਦੀ ਨਿਰਦੇਸ਼ਨਾ 'ਚ ਚੰਡੀਗੜ੍ਹ, ਅੰਮ੍ਰਿਤਸਰ, ਮੁਹਾਲੀ, ਬਠਿੰਡਾ ਅਤੇ ਅੱਟੀ (ਗੋਰਾਇਆ) ਵਿਖੇ ਨਾਟਕਾਂ ਦੀ ਤਿਆਰੀ ਲਈ ਵਰਕਸ਼ਾਪਾਂ ਚੱਲ ਰਹੀਆਂ ਹਨ। ਇਸ ਤੋਂ ਇਲਾਵਾ ਅਵਤਾਰ ਚੜਿਕ ਦੀ ਅਗਵਾਈ 'ਚ 'ਮੇਲੇ ਤੇ ਭੰਡ' ਕਲਾ ਦਾ ਮੁਜ਼ਾਹਰਾ ਕਰਨ ਲਈ ਤਿਆਰੀਆਂ ਵਿੱਚ ਜੁੱਟ ਗਏ ਹਨ।

ਦੀਵਾਲੀ ਉਪਰੰਤ ਝੰਡੇ ਦੇ ਗੀਤ ਦੀ ਵਰਕਸ਼ਾਪ ਦੇਸ਼ ਭਗਤ ਯਾਦਗਾਰ ਹਾਲ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਦੇ ਅੰਦਰ/ਬਾਹਰ ਲੱਗੇਗੀ। ਉਸ ਲਈ ਸੈਂਕੜੇ ਕਲਾਕਾਰਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਮੀਟਿੰਗ 'ਚ ਦੱਸਿਆ ਗਿਆ ਕਿ ਪੰਜਾਬ ਦੀਆਂ ਸਮੂਹ ਲੋਕ-ਪੱਖੀ ਜੱਥੇਬੰਦੀਆਂ ਨੂੰ ਕਾਫ਼ਲੇ ਬੰਨ੍ਹ ਕੇ ਮੇਲੇ 'ਚ ਸ਼ਾਮਲ ਹੋਣ, ਲੰਗਰ ਅਤੇ ਆਰਥਿਕ ਮਦਦ ਲਈ ਜਨਤਕ ਅਪੀਲ ਕੀਤੀ ਗਈ ਹੈ। ਗ਼ਦਰੀ ਬਾਬਿਆਂ ਦਾ ਮੇਲਾ ਇਸ ਵਾਰ ਪਹਿਲਾਂ ਨਾਲੋਂ ਵੀ ਵਿਲੱਖਣ ਰੰਗ ਵਿੱਚ ਰੰਗੇ ਜਾਣ ਦੀਆਂ ਉਤਸ਼ਾਹਜਨਕ ਝਲਕਾਂ ਸਾਹਮਣੇ ਆ ਰਹੀਆਂ ਹਨ। ਮੇਲੇ ਦੀ ਦਸਤਕ ਹੁੰਦਿਆਂ ਹੀ ਹਰ ਰੋਜ਼ ਪ੍ਰਦੇਸ਼ ਤੋਂ ਪਰਵਾਰਾਂ ਦੇ ਪਰਵਾਰ ਦੇਸ਼ ਭਗਤ ਯਾਦਗਾਰ ਹਾਲ ਆਉਣੇ ਸ਼ੁਰੂ ਹੋ ਗਏ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ ਉਪਰੰਤ ਕੈਲਗਰੀ (ਕੈਨੇਡਾ) ਤੋਂ ਆਏ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਮੁਖੀਏ ਮਾਸਟਰ ਭਜਨ, ਉਹਨਾਂ ਦੀ ਜੀਵਨ ਸਾਥਣ ਸੁਰਿੰਦਰ ਕੌਰ ਅਤੇ ਉਹਨਾਂ ਨਾਲ ਗ਼ਦਰੀ ਬਾਬਾ ਭਾਨ ਸਿੰਘ ਸੁਨੇਤ ਯਾਦਗਾਰ ਕਮੇਟੀ ਸੁਨੇਤ (ਲੁਧਿਆਣਾ) ਦੇ ਜਸਵੰਤ ਜੀਰਖ, ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਅਤੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਹਰਕੇਸ਼ ਚੌਧਰੀ, ਅਧਿਆਪਕ ਲਹਿਰ, ਸਾਹਿਤਕ ਸਰਗਰਮੀਆਂ ਅਤੇ ਜਗਰਾਓਂ ਲਾਇਬ੍ਰੇਰੀ ਦੇ ਕਾਮੇ ਮਾਸਟਰ ਜੋਗਿੰਦਰ ਆਜ਼ਾਦ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਿਤਾਬਾਂ ਦੇ ਸੈੱਟ ਭੇਟ ਕਰਕੇ ਨਿੱਘਾ ਸਨਮਾਨ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦੇ ਹੋਏ ਮਾਸਟਰ ਭਜਨ ਨੇ ਕੈਨੇਡਾ ਵਿੱਚ ਪੁਸਤਕ ਸੱਭਿਆਚਾਰ, ਰੰਗ ਮੰਚ, ਵਿਚਾਰ-ਚਰਚਾਵਾਂ ਦੀਆਂ ਸਰਗਰਮੀਆਂ, ਗ਼ਦਰੀ ਬਾਬਿਆਂ ਦੇ ਮੇਲੇ ਦੇ ਹਕੀਕੀ ਸਰੂਪ ਬਾਰੇ ਚਰਚਾ ਕੀਤੀ। ਉਹਨਾਂ ਨੇ ਪ੍ਰੋਗਰੈਸਿਵ

ਬਾਕੀ ਸਫ਼ਾ 10 'ਤੇ

ਨਵਾਂ ਜ਼ਮਾਨਾ
ਮੰਗਲਵਾਰ, 29 ਅਕਤੂਬਰ 2024

# ਸੰਘ ਦਾ ਡੀ ਐੱਨ ਏ

ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਨੇ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ 'ਬਟੇਂਗੇ ਤੋ ਕਟੇਂਗੇ' ਦੇ ਨਾਅਰੇ ਦੀ ਤਾਈਦ ਕਰਕੇ ਸਾਬਤ ਕਰ ਦਿੱਤਾ ਹੈ ਕਿ ਆਪਣੀ ਸਥਾਪਨਾ ਦੇ ਸੌ ਸਾਲ ਬਾਅਦ ਵੀ ਬਿਲਕੁਲ ਨਹੀਂ ਬਦਲਿਆ ਹੈ। ਉਸ ਦਾ ਡੀ ਐੱਨ ਏ ਹਿੰਸਾ ਤੇ ਨਫਰਤ ਵਾਲਾ ਹੀ ਹੈ ਤੇ ਉਹ ਉਸੇ ਭਾਸ਼ਾ ਵਿਚ ਸੋਚਦਾ ਹੈ। ਹਾਲਾਂਕਿ, ਬਾਅਦ ਵਿਚ ਉਹ ਉਸ ਨੂੰ ਸੱਭਿਆ, ਮਰਿਆਦਾ, ਸ਼ਾਂਤੀ ਤੇ ਸਦਭਾਵਨਾ ਦਾ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕਰਦਾ ਹੈ। ਯੋਗੀ ਨੇ ਪਹਿਲਾਂ ਉਪਰੋਕਤ ਨਾਅਰਾ ਬੰਗਲਾਦੇਸ਼ ਦੇ ਸੰਦਰਭ ਵਿਚ ਦਿੱਤਾ ਸੀ। ਉੱਥੇ ਸ਼ੇਖ ਹਸੀਨਾ ਦੇ ਸੱਤਾ ਤੋਂ ਬੇਦਖਲ ਹੋਣ ਤੋਂ ਬਾਅਦ ਹਿੰਦੂ ਧਾਰਮਿਕ ਸਥਾਨਾਂ 'ਤੇ ਹਮਲੇ ਹੋਏ ਸਨ ਤੇ ਕਈ ਹਿੰਦੂ ਬਸਤੀਆਂ 'ਚ ਭੰਨਤੋੜ ਹੋਈ ਸੀ। ਯੋਗੀ ਆਦਿਤਿਆਨਾਥ ਦਾ ਪੂਰਾ ਨਾਅਰਾ ਹੈ—ਬਟੇਂਗੇ ਤੋ ਕਟੇਂਗੇ, ਏਕ ਰਹੇਂਗੇ ਤੋ ਨੇਕ ਰਹੇਂਗੇ, ਸੁਰੱਕਸ਼ਿਤ ਰਹੇਂਗੇ। ਮਹਾਰਾਸ਼ਟਰ, ਜਿੱਥੇ ਅਗਲੇ ਮਹੀਨੇ ਅਸੰਬਲੀ ਚੋਣਾਂ ਹਨ, ਵਿਚ ਅੱਜਕੱਲ੍ਹ ਇਸ ਨਾਅਰੇ ਵਾਲੇ ਪੋਸਟਰਾਂ ਦੀ ਭਰਮਾਰ ਹੈ। ਦਿਲਚਸਪ ਗੱਲ ਇਹ ਵੀ ਹੈ ਕਿ 'ਬਟੇਂਗੇ ਤੋ ਕਟੇਂਗੇ' ਨੂੰ ਮੋਟੇ ਅੱਖਰਾਂ ਵਿਚ ਲਿਖਿਆ ਗਿਆ ਹੈ, ਜਦਕਿ ਨਾਅਰੇ ਦੇ ਅਗਲੇ ਸ਼ਬਦ ਪੜ੍ਹਨ ਲਈ ਖੁਰਦਬੀਨ ਦੀ ਮਦਦ ਲੈਣੀ ਪੈਂਦੀ ਹੈ। ਸੰਘ ਦੇ ਅਹੁਦੇਦਾਰ ਆਮ ਤੌਰ 'ਤੇ ਸ਼ਾਲੀਨ ਭਾਸ਼ਾ ਵਰਤਣ ਦਾ ਦਾਅਵਾ ਕਰਦੇ ਹਨ ਪਰ ਇਸ ਦੇ ਜਨਰਲ ਸਕੱਤਰ ਦੱਤਾਤ੍ਰੇਯ ਹੋਸਬੋਲੇ ਨੇ ਜਿਸ ਤਰ੍ਹਾਂ ਇਸ ਨਾਅਰੇ ਦੀ ਤਾਈਦ ਕੀਤੀ ਹੈ, ਉਹ ਸੰਘ ਦੇ ਇਰਾਦੇ ਸਪੱਸ਼ਟ ਕਰ ਦਿੰਦੀ ਹੈ। ਮਥੁਰਾ ਵਿਚ ਸੰਘ ਦੇ ਦੋ ਦਿਨਾ ਸੰਮੇਲਨ 'ਚ ਹੋਸਬੋਲੇ ਨੇ ਕਿਹਾ ਕਿ ਹਿੰਦੂ ਸਮਾਜ ਵਿਚ ਏਕਤਾ ਨਹੀਂ ਰਹੇਗੀ ਤਾਂ ਅੱਜਕੱਲ੍ਹ ਦੀ ਭਾਸ਼ਾ 'ਚ ਬਟੇਂਗੇ ਤੋ ਕਟੇਂਗੇ ਹੋ ਸਕਦਾ ਹੈ। ਉਨ੍ਹਾ ਦਾ ਇਹ ਵੀ ਕਹਿਣਾ ਸੀ ਕਿ ਹਿੰਦੂ ਸਮਾਜ ਵਿਚ ਜਾਤੀ ਦੇ ਆਧਾਰ 'ਤੇ ਵੰਡ ਪਾਉਣ ਦਾ ਯਤਨ ਇੱਕ ਸਾਜ਼ਿਸ਼ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਮਹਾਰਾਸ਼ਟਰ ਦੇ ਠਾਣੇ ਵਿੱਚ ਇਕ ਰੈਲੀ 'ਚ ਕਿਹਾ ਸੀ—ਅਗਰ ਹਮ ਬਟੇਂਗੇ ਤੋ ਬਾਂਟਨੇ ਵਾਲੇ ਮਹਿਫਿਲ ਸਜਾਏਂਗੇ। ਅਗਲੇ ਦਿਨ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਹਿੰਦੂ ਏਕਤਾ ਹੋਣੀ ਚਾਹੀਦੀ ਹੈ। ਇਲਾਕਾਈ, ਭਾਸ਼ਾਈ ਤੇ ਜਾਤ ਦੇ ਆਧਾਰ 'ਤੇ ਵੰਡ ਖਤਮ ਹੋਣੀ ਚਾਹੀਦੀ ਹੈ। ਭਾਰਤ ਇੱਕ ਹਿੰਦੂ ਰਾਸ਼ਟਰ ਹੈ।

ਦਰਅਸਲ ਸੰਘ ਤੇ ਭਾਜਪਾ ਦੇ ਆਗੂ ਬਟੇਂਗੇ ਤੋ ਕਟੇਂਗੇ ਦਾ ਨਾਅਰਾ ਜਾਤੀ ਜਨਗਣਨਾ ਦੀ ਮੰਗ ਨਾਲ ਇੰਡੀਆ ਗੱਠਜੋੜ ਤੇ ਅਖਿਲੇਸ਼ ਯਾਦਵ ਦੇ ਪੀ ਡੀ ਏ (ਪੱਛੜੇ, ਦਲਿਤ ਤੇ ਘੱਟਗਿਣਤੀ) ਨੇ ਲੋਕ ਸਭਾ ਚੋਣਾਂ ਵਿਚ ਯੂ ਪੀ 'ਚ ਭਾਜਪਾ ਨੂੰ ਜਿਹੜੀ ਮਾਰ ਮਾਰੀ ਹੈ, ਉਸ 'ਚੋਂ ਬਾਹਰ ਨਿਕਲਣ ਲਈ ਮਾਰ ਰਹੇ ਹਨ। ਉਹ ਫਿਰਕੂ ਧਰੁਵੀਕਰਨ ਕਰਕੇ ਹਿੰਦੂਆਂ ਨੂੰ ਮੁਸਲਮਾਨਾਂ ਤੋਂ ਡਰਾ ਰਹੇ ਹਨ। ਸੰਘ ਪਰਵਾਰ ਜਿਨ੍ਹਾਂ ਸੰਤਾਂ, ਮਹਾਤਮਾਵਾਂ ਤੇ ਯੋਗੀਆਂ ਨੂੰ ਅੱਗੇ ਕਰ ਰਿਹਾ ਹੈ, ਉਨ੍ਹਾਂ ਦੀ ਭਾਸ਼ਾ ਤੇ ਸਾਡੇ ਭਗਤੀਕਾਲੀਨ ਸੰਤਾਂ ਦੀ ਭਾਸ਼ਾ ਵਿਚ ਕਿੰਨਾ ਫਰਕ ਹੈ। ਨਿਸਚਿਤ ਤੌਰ 'ਤੇ ਕਿਸੇ ਸਮਾਜ ਦੇ ਹਿੰਸਕ ਤੇ ਭ੍ਰਿਸ਼ਟ ਹੋਣ ਤੋਂ ਪਹਿਲਾਂ ਉਸ ਦੀ ਭਾਸ਼ਾ ਭ੍ਰਿਸ਼ਟ ਤੇ ਹਿੰਸਕ ਹੁੰਦੀ ਹੈ। ਹੁਣ ਦੇਖਣਾ ਹੈ ਕਿ ਭਾਰਤ ਵਾਸੀ ਆਪਣੀ ਗਿਆਨ-ਵਿਗਿਆਨ ਤੇ ਧਰਮ-ਸੰਸਕ੍ਰਿਤੀ ਦੀ ਲੰਬੀ ਵਿਰਾਸਤ ਦੇ ਮੱਦੇਨਜ਼ਰ 'ਬਟੇਂਗੇ ਤੋ ਕਟੇਂਗੇ' ਦੀ ਭਾਸ਼ਾ ਕਿਸ ਹੱਦ ਤੱਕ ਸਵੀਕਾਰ ਕਰਦੇ ਹਨ ਅਤੇ ਕਿਸ ਹੱਦ ਤੱਕ ਖਾਰਜ ਕਰਦੇ ਹਨ। ਪਿਛਲੇ ਕੁਝ ਸਾਲਾਂ ਤੋਂ ਬੁੱਧੀਜੀਵੀਆਂ ਦੀ ਫੌਜ ਇਹ ਸਾਬਤ ਕਰਨ ਵਿਚ ਲੱਗੀ ਹੋਈ ਹੈ ਕਿ ਸੰਘ ਕਾਫੀ ਬਦਲ ਗਿਆ ਹੈ, ਪਰ ਉਹ ਜੋ ਕਰ-ਕਰਵਾ ਰਿਹਾ ਹੈ, ਉਸ ਤੋਂ ਤਾਂ ਨਹੀਂ ਲਗਦਾ ਕਿ ਉਹ ਬਦਲਿਆ ਹੈ।

## ਪਾਠਕ-ਸੱਥ

### ਪ੍ਰਸ਼ਾਸਨ ਸਖਤੀ ਵਰਤੇ

ਜਿਵੇਂ ਹੀ ਅੱਸੂ ਦੇ ਨੌਰਾਤੇ ਸ਼ੁਰੂ ਹੁੰਦੇ ਹਨ, ਤਾਂ ਲੋਕਾਂ ਦੇ ਚਿਹਰੇ 'ਤੇ ਰੌਣਕ ਆ ਜਾਂਦੀ ਹੈ। ਬਜ਼ਾਰਾਂ ਵਿੱਚ ਚਹਿਲ-ਪਹਿਲ ਹੋ ਜਾਂਦੀ ਹੈ। ਲੋਕ ਤਿਉਹਾਰਾਂ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਖ਼ਰੀਦਦੇ ਹਨ।ਪਰ ਅੱਜ ਦੇ ਸਮੇਂ ਵਿੱਚ ਮਹਿੰਗਾਈ ਬਹੁਤ ਵਧ ਗਈ ਹੈ। ਘਰੇਲੂ ਰਸੋਈ ਦਾ ਬਜਟ ਹਿੱਲ ਚੁੱਕਿਆ ਹੈ। ਸਾਰੀ ਸਬਜ਼ੀਆਂ ਤੇ ਫਲ-ਫਰੂਟ ਮਹਿੰਗੇ ਹਨ। ਕੁਝ ਕੁ ਦਿਨ ਦੀਵਾਲੀ ਦੇ ਤਿਉਹਾਰ ਨੂੰ ਰਹਿ ਗਏ ਹਨ।ਤਿਉਹਾਰਾਂ ਦੇ ਸੀਜ਼ਨ ਵਿੱਚ ਮਿਲਾਵਟੀ ਸਮਾਨ ਬਹੁਤ ਵਿਕਦਾ ਹੈ। ਚਾਹੇ ਉਹ ਸਟੀਲ, ਮਠਿਆਈਆਂ, ਕੱਪੜਾ, ਫਰਨੀਚਰ ਆਦਿ।ਆਮ ਤਿਉਹਾਰਾਂ ਦੇ ਸੀਜ਼ਨ ਵਿੱਚ ਸਿਹਤ ਮੰਤਰਾਲਾ ਮਠਿਆਈਆਂ ਦੀਆਂ ਦੁਕਾਨਾਂ ਦੀ ਚੈਕਿੰਗ ਕਰਦਾ ਹੈ। ਕੁਇੰਟਲਾਂ ਦੇ ਹਿਸਾਬ ਨਾਲ ਨਕਲੀ ਖੋਆ ਫੜਿਆ ਜਾਂਦਾ ਹੈ। ਹਲਵਾਈ ਨਕਲੀ ਦੁੱਧ, ਖੋਆ, ਪਨੀਰ ਨਾਲ ਮਠਿਆਈਆਂ ਤਿਆਰ ਕਰਦੇ ਹਨ, ਜੋ ਕਿ ਲੋਕਾਂ ਦੀ ਸਿਹਤ ਲਈ ਬਹੁਤ ਜ਼ਿਆਦਾ ਨੁਕਸਾਨਦਾਇਕ ਹੁੰਦਾ ਹੈ। ਜਦੋਂ ਕੋਈ ਹਲਵਾਈ ਸਿੰਥੈਟਿਕ ਦੁੱਧ, ਨਕਲੀ ਖੋਆ ਨਾਲ ਫੜਿਆ ਜਾਂਦਾ ਹੈ ਤਾਂ ਉਸ ਨੂੰ ਭਾਰੀ ਜੁਰਮਾਨਾ ਹੁੰਦਾ ਹੈ। ਸਿਹਤ ਮੰਤਰਾਲੇ ਨੂੰ ਸਿਰਫ਼ ਤਿਉਹਾਰਾਂ ਵਿੱਚ ਹੀ ਨਹੀਂ, ਸਾਲ ਵਿੱਚ ਕਦੇ ਵੀ ਮਠਿਆਈਆਂ ਦੀਆਂ ਦੁਕਾਨਾਂ ਦੀ ਚੈਕਿੰਗ ਕਰਨੀ ਚਾਹੀਦੀ ਹੈ, ਤਾਂ ਜੋ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਹੋ ਸਕੇ।ਸਾਨੂੰ ਆਪਣੇ ਘਰ ਦੇ ਬਣੇ ਮਿੱਠੇ ਚੌਲ, ਦੇਸੀ ਘਿਉ ਦੀ ਦੇਗ ਖਾਣੀ ਚਾਹੀਦੀ ਹੈ। ਹੋ ਸਕੇ ਤਾਂ ਜਲੇਬੀ ਜਾਂ ਅਮਰਤੀ ਖਾਓ। ਰਿਸ਼ਤੇਦਾਰ ਕਰੀਬੀ ਮਿੱਤਰਾਂ ਨੂੰ ਮਹਿੰਗੇ ਤੋਹਫੇ ਦੇਣ ਤੋਂ ਗੁਰੇਜ਼ ਕਰੋ। ਅਸੀਂ ਕਰੀਬੀ ਮਿੱਤਰ, ਦੋਸਤ ਨੂੰ ਵਧੀਆ ਰਸਾਲਾ, ਕਿਤਾਬ ਦੇ ਸਕਦੇ ਹਨ, ਜਿਸ ਨਾਲ ਉਸ ਦੇ ਗਿਆਨ ਵਿੱਚ ਵਾਧਾ ਹੋਵੇਗਾ। ਲੋਕਾਂ ਨੇ ਘਰਾਂ ਦੀ ਸਫ਼ਾਈ ਵੀ ਕਰ ਲਈ ਹੈ। ਘਰਾਂ ਦੀ ਸਫ਼ਾਈ ਦੇ ਨਾਲ-ਨਾਲ ਆਪਣੇ ਮਨਾਂ ਦੀ ਸਫਾਈ ਵੀ ਕਰੀਏ, ਕਿਉਂਕਿ ਪ੍ਰਦੂਸ਼ਣ ਚਾਹੇ ਅੰਦਰ ਦਾ ਹੋਵੇ ਜਾਂ ਬਾਹਰ ਦਾ ਹੋਵੇ ਦੋਨੋਂ ਹੀ ਖਤਰਨਾਕ ਹਨ।

**-ਸੰਜੀਵ ਸਿੰਘ ਸੈਣੀ, ਮੋਹਾਲੀ**

### ਸਰਕਾਰ ਪੰਚਾਇਤਾਂ ਨੂੰ ਬਣਦੇ ਹੱਕ ਸਹੀ ਰੂਪ ਵਿੱਚ ਦੇਵੇ

ਪੰਚਾਇਤਾਂ ਨੂੰ ਮਿੰਨੀ ਪਾਰਲੀਮੈਂਟ ਕਿਹਾ ਜਾਂਦਾ ਹੈ, ਕਿਉਂਕਿ ਕਾਗਜ਼ਾਂ ਦੇ ਹਿਸਾਬ ਨਾਲ ਇਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਪਾਰਲੀਮੈਂਟ ਵਾਂਗ ਹੁੰਦੇ ਹਨ।ਪੰਜਾਬ ਵਿੱਚ ਹਾਲ ਹੀ 'ਚ ਪੰਚਾਇਤੀ ਚੋਣਾਂ ਹੋ ਕੇ ਹਟੀਆਂ ਹਨ। ਜਿਨ੍ਹਾਂ ਵਿੱਚ ਬਹੁਤ ਸਾਰੇ ਉਤਸ਼ਾਹ ਨਾਲ ਕੰਮ ਕਰਨ ਵਾਲੇ ਨੌਜਵਾਨ ਜਿੱਤੇ ਹਨ।ਪਰ ਦਿੱਕਤ ਇਸ ਵਿੱਚ ਇਹ ਹੈ ਕਿ ਇੱਕ ਤਾਂ ਪਿਛਲੀਆਂ ਸਰਕਾਰਾਂ ਨੇ ਪੰਚਾਇਤਾਂ ਨੂੰ ਗ੍ਰਾਂਟਾਂ ਬਹੁਤ ਘੱਟ ਦਿੱਤੀਆਂ ਹਨ ਜੇਕਰ ਦਿੱਤੀਆਂ ਹਨ, ਉਹ ਸਿਰਫ਼ ਗਲੀਆਂ-ਨਾਲੀਆਂ ਖਾਤਰ। ਪਿੰਡਾਂ ਦਾ ਵਿਕਾਸ ਸਿਰਫ਼ ਗਲੀਆਂ ਨਾਲੀਆਂ ਨਹੀਂ। ਪਿੰਡਾਂ ਲਈ ਖੇਡ ਸਟੇਡੀਅਮ, ਲਾਇਬ੍ਰੇਰੀਆਂ, ਸੀਵਰੇਜ ਸਿਸਟਮ, ਬੈਂਕ, ਸਿਹਤ ਸਹੂਲਤਾਂ, ਐਜੂਕੇਸ਼ਨ ਇਹ ਸਭ ਜ਼ਰੂਰੀ ਹੈ।ਇਸ ਸਭ ਲਈ ਗਰਾਂਟ ਦੇਣ ਤੋਂ ਪਹਿਲਾਂ ਸਰਕਾਰ ਪਾਰਦਰਸ਼ਤਾ ਲਿਆਵੇ ਕਿ ਬਹੁਤ ਸਾਰੇ ਅਫਸਰ ਸਰਪੰਚਾਂ ਨੂੰ ਗ੍ਰਾਂਟਾਂ ਵਿੱਚੋਂ ਪੈਸਾ ਖਾਣਾ ਸਿਖਾ ਦਿੰਦੇ ਹਨ। ਇੱਕ ਤਾਂ ਇਨ੍ਹਾਂ ਗ੍ਰਾਂਟਾਂ ਦੀ ਦੋ-ਤਿੰਨ ਵਾਰ ਫਿਜ਼ੀਕਲ ਚੈਕਿੰਗ ਹੋਵੇ। ਦੂਜੀ ਗੱਲ ਇਹ ਹੈ ਕਿ ਸਰਪੰਚ ਦੀ ਤਨਖਾਹ ਬਹੁਤ ਘੱਟ ਹੈ, ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ ਅਤੇ ਮੈਂਬਰਾਂ ਨੂੰ ਵੀ ਕੋਈ ਤਨਖਾਹ ਨਹੀਂ, ਪੰਚਾਇਤ ਮੈਂਬਰਾਂ ਲਈ ਵੀ ਤਨਖਾਹ ਲਾਗੂ ਕੀਤੀ ਜਾਵੇ ਤਾਂ ਕਿ ਸਰਪੰਚ ਅਤੇ ਪੰਚਾਇਤ ਮੈਂਬਰ ਗ੍ਰਾਂਟ ਵਿੱਚੋਂ ਪੈਸਾ ਖਾਣ ਲਈ ਮਜਬੂਰ ਨਾ ਹੋਣ। ਕਿਉਂਕਿ ਇਸ ਵਾਰ ਬਹੁਤ ਸਾਰੇ ਸਰਪੰਚ ਅਤੇ ਪੰਚਾਇਤ ਮੈਂਬਰ ਆਮ ਘਰਾਂ ਦੇ ਮੁੰਡੇ ਬਣੇ ਹਨ, ਜਿਨ੍ਹਾਂ ਦਾ ਆਮਦਨ ਦਾ ਕੋਈ ਖ਼ਾਸ ਸਾਧਨ ਨਹੀਂ। ਉਹ ਕੰਮ ਕਰਨਾ ਚਾਹੁੰਦੇ ਹਨ, ਪਰ ਉਨ੍ਹਾਂ ਨੂੰ ਪੈਸਾ ਆਪਣੀ ਜੇਬ ਵਿੱਚੋਂ ਲਗਾਉਣਾ ਪੈ ਰਿਹਾ ਹੈ।ਇਸ ਲਈ ਸਰਕਾਰ ਪੰਚਾਂ ਸਰਪੰਚਾਂ ਨੂੰ ਮਾਣ ਭੱਤਾ ਦੇਣ ਦੇ ਨਾਲ ਨਾਲ ਪਿੰਡਾਂ ਦੇ ਵਿਕਾਸ ਲਈ ਵੱਧ ਤੋਂ ਵੱਧ ਗ੍ਰਾਂਟਾਂ ਦੇਵੇ ਤਾਂ ਕਿ ਪਿੰਡਾਂ ਦਾ ਵਿਕਾਸ ਹੋ ਸਕੇ ਜੋ ਪਿਛਲੀਆਂ ਸਰਕਾਰਾਂ ਦੌਰਾਨ ਨਹੀਂ ਹੋ ਸਕਿਆ।

**-ਗੁਰਦਿੱਤ ਸਿੰਘ ਸੇਖੋਂ, 97811-72781**

# ਆਰ ਐੱਸ ਐੱਸ ਮੁਖੀ ਨੇ ਭਾਜਪਾ ਦੀ ਦਿਸ਼ਾ ਮਿੱਥਣ ਲਈ ਫੇਰ ਛੇੜਿਆ ਹਿੰਦੂ ਰਾਸ਼ਟਰ ਦਾ ਰਾਗ

**ਲੇਖਕ : ਰਾਮ ਪੁਨਿਆਨੀ**
**ਅਨੁ : ਐੱਮ ਐੱਸ ਭਾਟੀਆ**

12 ਅਕਤੂਬਰ 2024 ਨੂੰ ਵਿਜੇਦਸ਼ਮੀ (ਦੁਸਹਿਰਾ) ਦਾ ਤਿਉਹਾਰ ਸੀ। ਇਸ ਦਿਨ ਆਰ ਐੱਸ ਐੱਸ ਦਾ ਸਥਾਪਨਾ ਦਿਵਸ ਮਨਾਇਆ ਜਾਂਦਾ ਹੈ। ਰਵਾਇਤ ਅਨੁਸਾਰ ਇਸ ਦਿਨ ਸੰਘ ਦੇ ਮੁਖੀ (ਸਰਸੰਘਚਾਲਕ) ਨੇ ਸੰਬੋਧਨ ਕੀਤਾ ਅਤੇ ਡਾ: ਮੋਹਨ ਭਾਗਵਤ ਨੇ ਭਾਸ਼ਣ ਦਿੱਤਾ। ਇਹ ਭਾਸ਼ਣ ਉਨ੍ਹਾਂ ਦੇ ਉਸ ਮਹੱਤਵਪੂਰਨ ਭਾਸ਼ਣ ਤੋਂ ਕੁਝ ਦਿਨ ਬਾਅਦ ਹੋਇਆ ਹੈ, ਜੋ ਉਨ੍ਹਾਂ ਨੇ 2024 ਦੀਆਂ ਆਮ ਚੋਣਾਂ ਵਿੱਚ ਭਾਜਪਾ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ ਦਿੱਤਾ ਸੀ। ਉਸ ਭਾਸ਼ਣ 'ਚ ਉਨ੍ਹਾਂ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ ਸੀ। ਚੋਣ ਪ੍ਰਚਾਰ ਦੌਰਾਨ ਮੋਦੀ ਨੇ ਦਾਅਵਾ ਕੀਤਾ ਸੀ ਕਿ ਉਹ 'ਗੈਰ-ਜੈਵਿਕ' ਹਨ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਰੱਬ ਨੇ ਉਨ੍ਹਾਂ ਨੂੰ ਧਰਤੀ 'ਤੇ ਭੇਜਿਆ ਹੈ। ਚੋਣਾਂ 'ਚ ਭਾਜਪਾ ਦੀਆਂ ਸੀਟਾਂ 303 ਤੋਂ ਘਟ ਕੇ 240 'ਤੇ ਆਉਣ ਦੇ ਪਿਛੋਕੜ 'ਚ ਭਾਗਵਤ ਨੇ ਕਿਹਾ, 'ਇਕ ਆਦਮੀ ਪਹਿਲਾਂ ਸੁਪਰਮੈਨ, ਫਿਰ ਦੇਵਤਾ ਅਤੇ ਫਿਰ ਭਗਵਾਨ ਬਣਨਾ ਚਾਹੁੰਦਾ ਹੈ।'

ਸ਼ਾਇਦ ਇਹ ਪਹਿਲੀ ਚੋਣ ਸੀ, ਜਿਸ ਵਿੱਚ ਭਾਜਪਾ ਨੇ ਦਾਅਵਾ ਕੀਤਾ ਸੀ ਕਿ ਪਹਿਲਾਂ ਉਹ ਆਰ ਐੱਸ ਐੱਸ ਤੋਂ ਮਦਦ ਲੈਂਦੀ ਸੀ ਕਿਉਂਕਿ ਉਸ ਦੀ ਆਪਣੀ ਸਮਰੱਥਾ ਘੱਟ ਸੀ, ਪਰ ਹੁਣ ਉਹ ਪਹਿਲਾਂ ਨਾਲੋਂ ਜ਼ਿਆਦਾ ਤਾਕਤਵਰ ਹੋ ਗਈ ਹੈ।

ਇਸ ਭਾਸ਼ਣ 'ਚ ਭਾਗਵਤ ਨੇ ਮੋਦੀ ਦੇ ਵਧਦੇ ਹੰਕਾਰ 'ਤੇ ਹਮਲਾ ਕੀਤਾ ਅਤੇ ਇਸ ਤੋਂ ਬਾਅਦ ਸੰਘ ਪਰਵਾਰ ਨੇ ਹਰਿਆਣਾ ਚੋਣਾਂ 'ਚ ਆਪਣੀ ਪੂਰੀ ਤਾਕਤ ਲਗਾ ਦਿੱਤੀ। ਚੋਣ ਕਮਿਸ਼ਨ ਦੀ ਮਦਦ ਨਾਲ ਕੀਤੀ ਗਈ ਹੇਰਾਫੇਰੀ ਕਾਰਨ ਭਾਜਪਾ ਨੇ ਚੋਣ ਜਿੱਤੀ, ਜਦੋਂਕਿ ਆਮ ਲੋਕਾਂ ਦਾ ਮੰਨਣਾ ਸੀ ਕਿ ਸੂਬੇ ਵਿੱਚ ਕਾਂਗਰਸ ਦੀ ਜਿੱਤ ਯਕੀਨੀ ਹੈ।

ਆਪਣੇ ਦੁਸਹਿਰੇ ਵਾਲੇ ਦਿਨ ਦੇ ਭਾਸ਼ਣ ਵਿੱਚ ਭਾਗਵਤ ਨੇ ਭਾਜਪਾ ਦੀਆਂ ਜ਼ਿਆਦਾਤਰ ਨੀਤੀਆਂ ਨੂੰ ਦੁਹਰਾਇਆ, ਗੈਰ-ਭਾਜਪਾ ਸ਼ਾਸਿਤ ਰਾਜਾਂ ਦੀਆਂ ਸਰਕਾਰਾਂ ਦੀ ਆਲੋਚਨਾ ਕੀਤੀ ਅਤੇ ਆਰ ਐੱਸ ਐੱਸ ਦੇ ਅਸਲ ਟੀਚਿਆਂ ਦੀ ਰੂਪ-ਰੇਖਾ ਦੱਸਦੇ ਹੋਏ ਹਿੰਦੂਤਵ ਰਾਜਨੀਤੀ ਦੇ ਕੇਂਦਰੀ ਤੱਤਾਂ ਦੀ ਚਰਚਾ ਕੀਤੀ। ਮੋਹਨ ਭਾਗਵਤ ਨੇ ਕਿਹਾ, ਸ਼ਬਦ 'ਡੀਪ ਸਟੇਟ', 'ਵੋਕਇਜ਼ਮ' ਅਤੇ 'ਸੱਭਿਆਚਾਰਕ ਮਾਰਕਸਵਾਦੀ' ਇਸ ਸਮੇਂ ਚਰਚਾ 'ਚ ਹਨ ਅਤੇ ਇਹ ਸਾਰੇ ਸੱਭਿਆਚਾਰਕ ਪਰੰਪਰਾਵਾਂ ਦੇ ਦੁਸ਼ਮਣ ਹਨ। ਉਸ ਮੁਤਾਬਕ ਇਹ ਤੱਤ ਪਹਿਲਾਂ ਸਿੱਖਿਆ ਸੰਸਥਾਵਾਂ ਵਿੱਚ ਆਪਣਾ ਪ੍ਰਭਾਵ ਬਣਾਉਂਦੇ ਹਨ, ਫਿਰ ਸਮਾਜ ਦੀ ਸੋਚ, ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਨੂੰ ਨਸ਼ਟ ਕਰਦੇ ਹਨ ਅਤੇ ਫਿਰ ਇਹ ਨਕਲੀ ਸਮੱਸਿਆਵਾਂ ਪੈਦਾ ਕਰਦੇ ਹਨ ਅਤੇ ਲੋਕਾਂ ਵਿੱਚ ਬੇਵਿਸ਼ਵਾਸੀ ਦੀ ਭਾਵਨਾ ਪੈਦਾ ਕਰਕੇ ਉਹਨਾਂ ਨੂੰ ਸਿਸਟਮ ਵਿਰੁੱਧ ਡਰ ਦਾ ਮਾਹੌਲ ਬਣਾ ਕੇ ਇਹ ਸਮਾਜ, ਕਾਨੂੰਨ ਅਤੇ ਪ੍ਰਸ਼ਾਸਨ ਦੇ ਵਿਰੁੱਧ ਨਫਰਤ ਭਰਦੇ ਹਨ ਅਤੇ ਇਸ ਤਰ੍ਹਾਂ ਕਰਕੇ ਇਹਨਾਂ ਲਈ ਦੇਸ਼ ਵਿੱਚ ਆਪਣਾ ਦਬਦਬਾ ਕਾਇਮ ਕਰਨਾ ਆਸਾਨ ਹੋ ਜਾਂਦਾ ਹੈ।

ਘੱਟ ਜਾਣੇ ਜਾਂਦੇ ਸ਼ਬਦ ਵੋਕਿਜਮ (ਜਾਗਰੂਕਤਾ) ਨੂੰ ਆਮ ਤੌਰ 'ਤੇ ਸੱਜੇ ਪੱਖੀਆਂ ਵੱਲੋਂ ਉਹਨਾਂ ਲੋਕਾਂ ਦੇ ਖਿਲਾਫ, ਜੋ ਕਿ ਸਮਾਜਿਕ ਤੇ ਰਾਜਨੀਤਕ ਬੇਇਨਸਾਫੀ ਦੇ ਵਿਰੁੱਧ ਬੋਲਦੇ ਹਨ, ਨੂੰ ਨੀਵਾਂ ਦਿਖਾਉਣ ਲਈ ਵਰਤਿਆ ਜਾਂਦਾ ਹੈ। ਇਹ ਭਾਗਵਤ ਦੇ ਭਾਸ਼ਣ ਦਾ ਕੇਂਦਰੀ ਮੁੱਦਾ ਸੀ।ਵਰਤਮਾਨ ਵਿੱਚ ਹਿੰਦੂ ਦੱਖਣਪੰਥੀ ਵਿਚਾਰਧਾਰਾ ਸਮਾਜਿਕ-ਰਾਜਨੀਤਕ ਪੱਖੋਂ ਭਾਰੂ ਹੈ ਅਤੇ ਆਰ ਐੱਸ ਐੱਸ ਨੂੰ ਆਪਣੀਆਂ ਸ਼ਾਖਾਵਾਂ- ਸਰਸਵਤੀ ਸ਼ਿਸ਼ੂ ਮੰਦਰ ਅਤੇ ਏਕਲ ਵਿਦਿਆਲਿਆ ਵਰਗੇ ਸਕੂਲਾਂ ਅਤੇ ਜ਼ੁਬਾਨੀ ਪ੍ਰਚਾਰ ਦੇ ਆਪਣੇ ਵਿਸ਼ਾਲ ਨੈੱਟਵਰਕ ਰਾਹੀਂ ਆਪਣੀ ਸੋਚ ਨੂੰ ਅੱਗੇ ਵਧਾਉਂਦੀ ਹੈ, ਜੋ ਕਿ ਰੂੜੀਵਾਦ, ਜਾਤੀਵਾਦ ਅਤੇ ਲਿੰਗ-ਭੇਦ ਦੇ ਵਿਤਕਰੇ ਦੀ ਸੋਚ ਨੂੰ ਤਕੜਾ ਕਰਦੀ ਹੈ।ਹਾਲ ਹੀ ਦੇ ਸਾਲਾਂ ਵਿੱਚ ਸੰਘ ਪਰਵਾਰ ਦੇ ਹਮਦਰਦ ਵੱਡੇ ਕਾਰੋਬਾਰੀ ਘਰਾਣਿਆਂ ਅਤੇ ਭਾਜਪਾ ਦੇ ਆਈ ਟੀ ਸੈੱਲ ਦੁਆਰਾ ਨਿਯੰਤਰਿਤ ਮੀਡੀਆ ਦੀ ਮਦਦ ਨਾਲ, ਸਮਾਜ ਦੇ ਇੱਕ ਵੱਡੇ ਹਿੱਸੇ ਦਾ ਨਜ਼ਰੀਆ ਹਿੰਦੂ ਰਾਸ਼ਟਰਵਾਦ ਦੇ ਪੱਖ ਵਿੱਚ ਬਦਲਿਆ ਗਿਆ ਹੈ।

**ਆਖਰਕਾਰ ਇਹ ਵੋਕਿਜਮ ਕੀ ਹੈ?**

ਇਹ ਅਸਲ ਵਿੱਚ ਇੱਕ ਨਿਆਂ ਪੂਰਨ ਸਮਾਜ ਸਥਾਪਤ ਕਰਨ ਦੀ ਇੱਛਾ ਹੈ। ਇਹ ਜਾਤ, ਧਰਮ, ਰੰਗ, ਭਾਸ਼ਾ ਆਦਿ ਦੇ ਆਧਾਰ 'ਤੇ ਵਿਤਕਰੇ ਦੇ ਵਿਰੁੱਧ ਹੈ ਅਤੇ ਤੀਸਰੇ ਜੈਂਡਰ ਗਰੁੱਪਾਂ ਦੇ ਅਧਿਕਾਰਾਂ ਦਾ ਸਮਰਥਨ ਕਰਦਾ ਹੈ। ਸਾਰਿਆਂ ਲਈ ਬਰਾਬਰ ਦੇ ਅਧਿਕਾਰਾਂ ਦੀ ਇਹ ਗੱਲ ਬ੍ਰਾਹਮਣਵਾਦੀ ਕਦਰਾਂ-ਕੀਮਤਾਂ ਦੇ ਸਮਰਥਕਾਂ ਨੂੰ ਤਕਲੀਫ ਪਹੁੰਚਾਉਂਦੀ ਹੈ, ਜਿਹੜੀਆਂ ਕਦਰਾਂ-ਕੀਮਤਾਂ ਹਿੰਦੂ ਰਾਸ਼ਟਰਵਾਦੀ ਰਾਜਨੀਤੀ ਦੇ ਕੇਂਦਰ ਵਿਚ ਹਨ।ਮੋਟੇ ਤੌਰ 'ਤੇ ਇਹੀ ਸੋਚ ਸ੍ਰੀਲੰਕਾ ਅਤੇ ਮਿਆਂਮਾਰ ਵਿੱਚ ਬੁੱਧ ਧਰਮ ਦੇ ਨਾਂਅ 'ਤੇ ਅਤੇ ਤਾਲਿਬਾਨ, ਮੁਸਲਿਮ ਬ੍ਰਦਰਹੁੱਡ ਅਤੇ ਇਸਾਈ ਕੱਟੜਪੰਥੀਆਂ 'ਤੇ ਵੀ ਲਾਗੂ ਹੁੰਦੀ ਹੈ। ਇਹ ਸਥਾਨਕ ਸਥਿਤੀਆਂ ਅਨੁਸਾਰ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਹੁੰਦੀ ਹੈ।

ਇਸ ਸੋਚ ਕਾਰਨ ਹੀ ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ ਦੇ ਮੋਢੀ, ਮਨੂੰਸਿਮਰਤੀ ਦੇ ਦਲਿਤਾਂ ਅਤੇ ਔਰਤਾਂ ਨੂੰ ਸਮਾਜ ਵਿੱਚ ਦਬਾਅ ਕੇ ਰੱਖਣ ਦੀ ਨੀਤੀ ਦੇ ਪੁਜਾਰੀ ਹਨ।

ਆਰ ਐੱਸ ਐੱਸ ਮੁਸਲਮਾਨਾਂ ਅਤੇ ਈਸਾਈਆਂ ਨੂੰ ਵਿਦੇਸ਼ੀ ਮੰਨਦੀ ਹੈ ਅਤੇ 1984 ਵਿੱਚ ਸਿੱਖਾਂ ਦੀ ਨਸਲਕੁਸ਼ੀ ਦਾ ਟੇਢੇ ਢੰਗ ਨਾਲ ਸਮਰਥਨ ਕਰਦੀ ਹੈ।

ਸੱਜੇ ਪੱਖੀ ਰਾਜਨੀਤੀ ਜਾਗੋਵਾਦ ਨੂੰ ਬੁਰਾਈ ਮੰਨਦੀ ਹੈ ਕਿਉਂਕਿ ਇਹ ਉਹੀ ਹੈ, ਜੋ ਬਰਾਬਰੀ ਦੀਆਂ ਕਦਰਾਂ-ਕੀਮਤਾਂ ਦਾ ਪੱਖ ਪੂਰਦੀ ਹੈ, ਜਿਸ ਨੂੰ ਕਿਸੇ ਵੀ ਸਮਾਜਿਕ ਅੰਦੋਲਨ ਦਾ ਅੰਤਮ ਟੀਚਾ ਮੰਨਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਪੱਛੜੇ ਵਰਗ ਦੀਆਂ ਬਹੁਤੀਆਂ ਲਹਿਰਾਂ ਲੋਕਤੰਤਰ ਦਾ ਦਿਲੋਂ ਸਮਰਥਨ ਕਰਦੀਆਂ ਹਨ। ਜਿੱਥੇ ਇੱਕ ਪਾਸੇ ਦਲਿਤਾਂ, ਔਰਤਾਂ ਅਤੇ ਤੀਸਰੇ ਜੈਂਡਰ ਭਾਈਚਾਰੇ ਦੇ ਅੰਦੋਲਨਾਂ ਨੂੰ ਭਾਰਤ ਵਿੱਚ ਹਿੰਦੂ ਰਾਸ਼ਟਰਵਾਦੀਆਂ ਵੱਲੋਂ ਨਫਰਤ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ, ਉੱਥੇ ਦੂਜੇ ਪਾਸੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼ਾਂ ਵਿੱਚ, ਜਿੱਥੇ ਕੱਟੜਪੰਥੀਆਂ ਦਾ ਰਾਜ ਹੈ, ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਸੰਘ ਪਰਵਾਰ ਚਾਹੁੰਦਾ ਹੈ ਕਿ ਸਮਾਨਤਾ ਦੀਆਂ ਕਦਰਾਂ-ਕੀਮਤਾਂ ਨੂੰ ਅਸਮਾਨਤਾ ਦੇ ਸਮਰਥਕਾਂ ਦੁਆਰਾ 'ਪੁਰਾਤਨ ਸੁਨਹਿਰੀ ਯੁੱਗ ਦੀਆਂ ਕਦਰਾਂ-ਕੀਮਤਾਂ' ਨਾਲ ਤਬਦੀਲ ਕੀਤਾ ਜਾਵੇ ਅਤੇ ਇਸ ਲਈ ਸੰਘੀ ਵਿਚਾਰਧਾਰਕ ਵਾਰ-ਵਾਰ ਵੋਕਇਜਮ ਵਰਗੇ ਸ਼ਬਦਾਂ ਦੀ ਵਰਤੋਂ ਕਰ ਰਹੇ ਹਨ ਕਿਉਂਕਿ ਉਹਨਾਂ ਲਈ ਇਹ ਸ਼ਬਦ ਗਰੀਬਾਂ ਦੇ ਹੱਕਾਂ ਦਾ ਸਮਰਥਨ ਕਰਨ ਵਾਲੀਆਂ ਕਦਰਾਂ-ਕੀਮਤਾਂ ਅਤੇ ਅੰਦੋਲਨਾਂ ਲਈ ਹੈ।

ਆਰ ਐੱਸ ਐੱਸ ਅਤੇ ਭਾਜਪਾ ਦਾ ਰਿਸ਼ਤਾ ਸੰਘ ਪਰਵਾਰ ਦਾ ਅੰਦਰੂਨੀ ਮਾਮਲਾ ਹੈ, ਪਰ ਦੋਵਾਂ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਇੱਕੋ ਜਿਹੀਆਂ ਹਨ।ਇਹ ਇਸ ਤੱਥ ਦੇ ਬਾਵਜੂਦ ਹੈ ਕਿ ਦੋਵਾਂ ਵਿਚਕਾਰ ਹਉਮੈ ਦਾ ਟਕਰਾਅ ਹੈ। ਹੋਰ ਮੁੱਦਿਆਂ 'ਤੇ ਭਾਜਪਾ ਉਸੇ ਰਾਹ 'ਤੇ ਚੱਲ ਰਹੀ ਹੈ, ਜਿਸ ਨੂੰ ਭਾਗਵਤ ਨੇ ਆਪਣੇ ਭਾਸ਼ਣ 'ਚ ਦੁਹਰਾਇਆ ਸੀ।ਉਨ੍ਹਾਂ ਗੈਰ-ਭਾਜਪਾ ਸ਼ਾਸਤ ਰਾਜਾਂ ਦੀਆਂ ਸਰਕਾਰਾਂ ਦੀ ਆਲੋਚਨਾ ਕੀਤੀ। ਉਸ ਨੇ ਕਿਹਾ, ਇਸ ਦੇ ਕਾਰਨ ਅੱਜ ਦੇਸ਼ ਦੀ ਉੱਤਰ-ਪੱਛਮੀ ਸਰਹੱਦ ਨਾਲ ਲੱਗਦੇ ਪੰਜਾਬ, ਜੰਮੂ-ਕਸ਼ਮੀਰ, ਲੱਦਾਖ, ਸਮੁੰਦਰੀ ਸਰਹੱਦ 'ਤੇ ਸਥਿਤ ਕੇਰਲ, ਤਾਮਿਲਨਾਡੂ ਅਤੇ ਬਿਹਾਰ ਤੋਂ ਲੈ ਕੇ ਮਨੀਪੁਰ ਤੱਕ ਪੂਰਾ ਪੂਰਵਾਂਚਲ ਅਸਥਿਰ ਹੈ...। ਜਦੋਂ ਉਹ ਲੱਦਾਖ ਅਤੇ ਮਨੀਪੁਰ ਨੂੰ ਇੱਕੋ ਸ਼੍ਰੇਣੀ ਵਿੱਚ ਰੱਖਦੇ ਹਨ ਤਾਂ ਉਨ੍ਹਾਂ ਦੀ ਸੋਚ ਦਾ ਰਾਜ਼ ਖੁੱਲ੍ਹ ਜਾਂਦਾ ਹੈ।

ਮਨੀਪੁਰ ਵਿੱਚ ਕੂਕੀ ਭਾਈਚਾਰੇ ਖਾਸ ਕਰਕੇ ਇਸ ਦੀਆਂ ਔਰਤਾਂ ਵਿਰੁੱਧ ਭਿਆਨਕ ਹਿੰਸਾ ਹੋਈ ਹੈ।ਇਸ ਬਾਰੇ ਭਾਜਪਾ ਸਰਕਾਰ ਦਾ ਉਦਾਸੀਨ ਅਤੇ ਬੇਰੁਖੀ ਵਾਲਾ ਰਵੱਈਆ ਸੱਚਮੁੱਚ ਚਿੰਤਾਜਨਕ ਹੈ। ਜਿੱਥੋਂ ਤੱਕ ਲੱਦਾਖ ਦਾ ਸੰਬੰਧ ਹੈ, ਅਸੀਂ ਦੇਖਿਆ ਹੈ ਕਿ ਵਾਤਾਵਰਣ ਸੁਰੱਖਿਆ ਅਤੇ ਬਰਾਬਰ ਨਾਗਰਿਕਤਾ ਦੇ ਅਧਿਕਾਰਾਂ ਦੀ ਮੰਗ ਵਰਗੇ ਮੁੱਦਿਆਂ 'ਤੇ ਉੱਥੇ ਅੰਦੋਲਨ ਹੋ ਰਹੇ ਹਨ ਅਤੇ ਇਹ ਉਹ ਮੁੱਦੇ ਹਨ, ਜਿਨ੍ਹਾਂ 'ਤੇ ਕੇਂਦਰਿਤ ਅੰਦੋਲਨ ਸਵਾਗਤਯੋਗ ਹਨ। ਲੱਦਾਖ ਵਿੱਚ ਅੰਦੋਲਨ ਪੂਰੀ ਤਰ੍ਹਾਂ ਸ਼ਾਂਤਮਈ ਰਿਹਾ।ਇਸ ਅੰਦੋਲਨ ਦੀ ਸੋਨਮ ਵਾਂਗਚੁਕ ਦੀ ਅਸਾਧਾਰਨ ਅਗਵਾਈ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੀ ਜਾਵੇਗੀ।ਆਰ ਐੱਸ ਐੱਸ ਦੀ ਸੰਤਾਨ ਭਾਜਪਾ ਨੇ ਜਿਸ ਤਰ੍ਹਾਂ ਲੱਦਾਖ ਦੇ ਅੰਦੋਲਨ ਨੂੰ ਨਜ਼ਰਅੰਦਾਜ਼ ਕੀਤਾ, ਉਹ ਸਮਕਾਲੀ ਭਾਰਤੀ ਇਤਿਹਾਸ ਦਾ ਇੱਕ ਕਾਲਾ ਪੰਨਾ ਹੈ।

ਆਰ ਜੀ ਕਰ ਮੈਡੀਕਲ ਕਾਲਜ ਵਿਚ ਵਾਪਰੇ ਦੁਖਾਂਤ ਦਾ ਜ਼ਿਕਰ ਕਰਕੇ ਅਤੇ ਮਹਿਲਾ ਪਹਿਲਵਾਨਾਂ ਅਤੇ ਦਲਿਤ ਲੜਕੀਆਂ 'ਤੇ ਹੋਏ ਅੱਤਿਆਚਾਰ ਦੇ ਮਾਮਲਿਆਂ 'ਤੇ ਚੁੱਪੀ ਧਾਰ ਕੇ ਸੰਘ ਮੁਖੀ ਨੇ ਪੱਖਪਾਤੀ ਰਵੱਈਆ ਦਿਖਾਇਆ ਹੈ।ਇੱਕ ਵਾਰ ਇਸੇ ਸੱਜਣ ਨੇ ਦਾਅਵਾ ਕੀਤਾ ਸੀ ਕਿ ਬਲਾਤਕਾਰ ਭਾਰਤ (ਸ਼ਹਿਰੀ ਖੇਤਰਾਂ) ਵਿੱਚ ਹੁੰਦੇ ਹਨ, 'ਭਾਰਤ' ਵਿੱਚ ਨਹੀਂ।ਸੱਚਾਈ ਇਹ ਹੈ ਕਿ ਭਾਜਪਾ ਸ਼ਾਸਤ ਰਾਜਾਂ ਵਿੱਚ ਅਜਿਹੀਆਂ ਜ਼ਿਆਦਾਤਰ ਘਟਨਾਵਾਂ ਪੇਂਡੂ ਖੇਤਰਾਂ ਜਾਂ ਛੋਟੇ ਕਸਬਿਆਂ ਵਿੱਚ ਵਾਪਰੀਆਂ ਹਨ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੁਆਰਾ ਜਾਰੀ ਇੱਕ ਰਿਪੋਰਟ ਦੇ ਅਨੁਸਾਰ, ਦਲਿਤਾਂ 'ਤੇ ਅੱਤਿਆਚਾਰਾਂ ਦੇ ਸੰਬੰਧ ਵਿੱਚ ਸਥਿਤੀ ਚਿੰਤਾਜਨਕ ਹੈ। ਸਾਲ 2022 ਵਿੱਚ ਉੱਤਰ ਪ੍ਰਦੇਸ਼ ਵਿੱਚ ਅਜਿਹੇ ਸਭ ਤੋਂ ਵੱਧ 12,287 ਮਾਮਲੇ ਦਰਜ ਕੀਤੇ ਗਏ ਹਨ, ਇਸ ਤੋਂ ਬਾਅਦ ਰਾਜਸਥਾਨ ਵਿੱਚ 8,651 ਅਤੇ ਮੱਧ ਪ੍ਰਦੇਸ਼ ਵਿੱਚ 7,732 ਕੇਸ ਦਰਜ ਕੀਤੇ ਗਏ ਹਨ।

ਉਸ ਦੇ ਭਾਸ਼ਣ ਦਾ ਸਭ ਤੋਂ ਮਜ਼ੇਦਾਰ ਹਿੱਸਾ ਉਹ ਸੀ, ਜਿਸ ਵਿੱਚ ਉਸ ਨੇ ਹਿੰਦੂਆਂ ਨੂੰ ਇੱਕਜੁੱਟ ਹੋਣ ਅਤੇ ਮਜ਼ਬੂਤ ਬਣਨ ਲਈ ਕਿਹਾ, ਕਿਉਂਕਿ ਕਮਜ਼ੋਰ ਆਪਣੀ ਰੱਖਿਆ ਨਹੀਂ ਕਰ ਸਕਦੇ। ਕੀ ਅਸੀਂ ਭਾਰਤੀ ਹੋਣ ਦੇ ਨਾਤੇ ਇਕਜੁੱਟ ਨਹੀਂ ਹਾਂ? ਜੇਕਰ ਅਸੀਂ ਸੰਵਿਧਾਨ ਦੇ ਅਨੁਸਾਰ ਭਾਰਤੀ ਹੋਣ ਦੇ ਨਾਤੇ ਇੱਕਮੁੱਠ ਹੋ ਜਾਂਦੇ ਹਾਂ, ਤਾਂ ਕੀ ਸਮੱਸਿਆ ਹੈ? ਪਰ ਭਾਗਵਤ ਤੋਂ ਕਿਸੇ ਹੋਰ ਚੀਜ਼ ਦੀ ਆਸ ਰੱਖਣਾ ਤਰਕਸੰਗਤ ਨਹੀਂ ਹੋਵੇਗਾ, ਕਿਉਂਕਿ ਭਾਰਤੀ ਸੰਵਿਧਾਨ ਵਿੱਚ ਉਸ ਦਾ ਵਿਸ਼ਵਾਸ ਸੰਘ ਪਰਵਾਰ ਵੱਲੋਂ ਚੋਣ ਲਾਭ ਲਈ ਰਚੇ ਜਾ ਰਹੇ ਡਰਾਮੇ ਤੋਂ ਵੱਧ ਕੁਝ ਨਹੀਂ ਹੈ।

**# ਸੰਪਰਕ : 99884-91002**

# ਅੰਧ-ਵਿਸ਼ਵਾਸ ਦੀ ਬੇੜੀ'ਚ ਬੈਠ ਕੇ ਡੁੱਬ ਰਹੇ ਨੇ ਲੋਕ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਅੰਧ-ਵਿਸ਼ਵਾਸ ਕੇਵਲ ਭਾਰਤ ਹੀ ਨਹੀਂ ਸਗੋਂ ਸਮੁੱਚੀ ਲੋਕਾਈ ਨਾਲ ਜੁੜਿਆ ਇਕ ਅਹਿਮ ਮੁੱਦਾ ਹੈ। ਇਸ ਦਾ ਧਰਮ, ਜਾਤ, ਨਸਲ, ਗਰੀਬ, ਅਮੀਰ ਅਤੇ ਪੜ੍ਹੇ-ਲਿਖੇ ਜਾਂ ਅਨਪੜ੍ਹ ਹੋਣ ਨਾਲ ਬਹੁਤਾ ਸਬੰਧ ਨਹੀਂ ਹੈ। ਇਸ ਦਾ ਸਬੰਧ ਮਨੁੱਖੀ ਸੋਚ ਵਿਚਲੇ ਵਿਸ਼ਵਾਸ ਤੇ ਤਰਕ ਸ਼ਕਤੀ ਨਾਲ ਹੈ।

ਭਾਰਤ ਵਿਚ ਅੰਧ-ਵਿਸ਼ਵਾਸ ਦਾ ਵੱਡੇ ਪੱਧਰ 'ਤੇ ਬੋਲਬਾਲਾ ਹੈ। ਇਥੇ ਤਕਰੀਬਨ ਹਰੇਕ ਧਰਮ, ਜਾਤ ਜਾਂ ਆਰਥਿਕ ਪੱਧਰ ਦੇ ਲੋਕ ਆਪੋ-ਆਪਣੇ ਧਰਮ ਗ੍ਰੰਥਾਂ ਨੂੰ ਤੇ ਧਰਮ ਗੁਰੂਆਂ ਨੂੰ ਵੀ ਮੱਥੇ ਟੇਕਦੇ ਹਨ ਤੇ ਨਾਲ ਹੀ ਅੰਧ-ਵਿਸ਼ਵਾਸ ਦੀ ਬੇੜੀ 'ਚ ਵੀ ਪੈਰ ਧਰਦੇ ਹਨ। ਕਿਸੇ ਬਿਮਾਰੀ ਤੋਂ ਪੀੜਤ ਹੋਣਾ ਜਾਂ ਔਲਾਦ ਹੋਣਾ ਪਰ ਪੁੱਤਰ ਨਾ ਹੋਣਾ, ਔਲਾਦ ਨਾ ਹੋਣਾ, ਵਪਾਰ ਨਾ ਚੱਲਣਾ, ਪਿਆਰ-ਮੁਹੱਬਤ ਪ੍ਰਵਾਨ ਨਾ ਚੜ੍ਹਨਾ, ਪਰਵਾਰਕ ਕਲੇਸ਼, ਅਦਾਲਤੀ ਮੁਕੱਦਮੇ ਆਦਿ ਅਨੇਕ ਮੁੱਦਿਆਂ 'ਤੇ ਲੋਕ ਅਕਲ ਜਾਂ ਅਕਾਲਪੁਰਖ ਦਾ ਪੱਲਾ ਫੜਨ ਦੀ ਥਾਂ ਢੌਂਗੀ ਤਾਂਤਰਿਕਾਂ, ਜਾਦੂਗਰਾਂ, ਪਖੰਡੀ ਬਾਬਿਆਂ ਜਾਂ ਅਖੌਤੀ ਜੋਤਿਸ਼ੀਆਂ ਦੇ ਕਦਮਾਂ 'ਚ ਜਾ ਡਿੱਗਦੇ ਹਨ ਤੇ ਆਪਣਾ ਪੈਸਾ ਅਤੇ ਸਮਾਂ ਬਰਬਾਦ ਕਰਕੇ ਘਰਾਂ ਨੂੰ ਮੁੜਦੇ ਹਨ।

ਅੰਧ-ਵਿਸ਼ਵਾਸ ਦੇ ਪ੍ਰਚਾਰ ਵਿੱਚ ਜਿੱਥੇ ਅੰਧ-ਵਿਸ਼ਵਾਸੀ ਲੋਕਾਂ ਦੀ ਆਪਣੀ ਹੀ ਵੱਡੀ ਭੂਮਿਕਾ ਹੁੰਦੀ ਹੈ, ਉੱਥੇ ਹੀ ਪ੍ਰਿੰਟ ਅਤੇ ਬਿਜਲਈ ਮੀਡੀਆ ਦਾ ਵੀ ਵੱਡਾ ਯੋਗਦਾਨ ਹੁੰਦਾ ਹੈ। ਰਾਤ ਨੂੰ ਤੰਤਰ-ਮੰਤਰ ਖਿਲਾਫ਼ ਵੱਡੀਆਂ-ਵੱਡੀਆਂ ਰਿਪੋਰਟਾਂ ਪ੍ਰਸਾਰਿਤ ਕਰਨ ਵਾਲੇ ਟੀ.ਵੀ ਚੈਨਲ ਦਿਨ ਚੜ੍ਹਦਿਆਂ ਸਾਰ ਹੀ ਰਾਸ਼ੀਆਂ ਰਾਹੀਂ ਦਿਨ ਦਾ ਅਤੇ ਦਿਲ ਦਾ ਹਾਲ ਬਿਆਨ ਕਰਨ ਵਾਲੇ ਅਖੌਤੀ ਜੋਤਿਸ਼ੀਆਂ ਦੇ ਸ਼ੋਅ ਵਿਖਾਉਣ ਲੱਗ ਜਾਂਦੇ ਹਨ, ਜੋ ਸ਼ਨੀ ਗ੍ਰਹਿ ਦੀ ਸਾੜ੍ਹਸਤੀ ਦਾ ਹਵਾਲਾ ਦਿੰਦਿਆਂ ਹੋਇਆਂ ਕਈ ਤਰ੍ਹਾਂ ਦੇ 'ਉਪਾਅ' ਬਿਆਨ ਕਰਦੇ ਹਨ। ਜਨਮ ਕੁੰਡਲੀਆਂ ਬਣਾਉਣ ਜਾਂ ਕੁੰਡਲੀ ਦੋਸ਼ ਦੂਰ ਕਰਨ ਦਾ ਧੰਦਾ ਸਿਖ਼ਰਾਂ 'ਤੇ ਚੱਲ ਰਿਹਾ ਹੈ। ਪ੍ਰਿੰਟ ਮੀਡੀਆ ਵਿਚ ਛਪਦੇ ਰਾਸ਼ੀਆਂ ਸੰਬੰਧੀ ਕਾਲਮ ਅਤੇ ਤਾਂਤਰਿਕਾਂ ਦੇ ਇਸ਼ਤਿਹਾਰ ਅੰਧ ਵਿਸ਼ਵਾਸ ਫੈਲਾਉਣ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।

ਵੱਖ-ਵੱਖ ਪ੍ਰਕਾਰ ਦੀ ਸਮੱਗਰੀ ਨੂੰ ਜਲ ਪ੍ਰਵਾਹ ਕਰਨਾ ਜਾਂ ਮਾਸੂਮ ਬੱਚਿਆਂ ਦੀ ਬਲੀ ਦੇਣ ਆਦਿ ਜਿਹੀਆਂ ਕੁਪ੍ਰਥਾਵਾਂ ਸਾਡੇ ਮੁਲਕ ਵਿੱਚ ਧੜੱਲੇ ਨਾਲ ਚਲਦੀਆਂ ਹਨ। ਔਲਾਦ ਹਾਸਿਲ ਕਰਨ ਲਈ ਕਿਸੇ ਮਾਂ ਦੇ ਕਲੇਜੇ ਦੇ ਟੁਕੜੇ ਦੀ ਬਲੀ ਲੈਣ ਵਾਲਿਆਂ ਦਾ ਭਲਾ ਕਿਸ ਯੁੱਗ ਭਲਾ ਹੋ ਸਕਦਾ ਹੈ? ਨਦੀ ਦੇ ਪਾਣੀ 'ਚ ਨਾਰੀਅਲ ਜਾਂ ਕੱਪੜੇ 'ਚ ਬੰਨ੍ਹ ਕੇ ਚੌਲ ਤੇ ਮਾਂਹ ਰੋੜ੍ਹ ਦੇਣ ਨਾਲ ਭਲਾ ਕਿਸ ਦਾ ਢਿੱਡ ਭਰ ਸਕਦਾ ਹੈ? ਰੋਜ਼ਾਨਾ ਮਣਾਂ ਮੂੰਹੀਂ ਦੁੱਧ ਦੇਵੀ-ਦੇਵਤਿਆਂ ਦੀਆਂ ਮੂਰਤੀਆਂ 'ਤੇ ਚੜ੍ਹਾਅ ਕੇ ਬਰਬਾਦ ਕਰ ਦੇਣ ਨਾਲ ਭਲਾ ਕਿਹੜਾ ਇਸ਼ਟਦੇਵ ਖੁਸ਼ ਹੋ ਸਕਦਾ ਹੈ?

ਪਹਿਲਾਂ ਕਿਹਾ ਜਾਂਦਾ ਸੀ ਕਿ ਅੰਧ-ਵਿਸ਼ਵਾਸ ਦੀ ਜੜ੍ਹ ਅਨਪੜ੍ਹਤਾ ਹੈ, ਪਰ ਹੁਣ ਇਹ ਵੇਖਣ ਵਿੱਚ ਆ ਰਿਹਾ ਹੈ ਕਿ ਉੱਚ-ਸਿੱਖਿਆ ਪ੍ਰਾਪਤ ਲੋਕ ਵੀ ਵਹਿਮਾਂ-ਭਰਮਾਂ ਦੇ ਪੱਖੋਂ ਕਿਸੇ ਤੋਂ ਘੱਟ ਨਹੀਂ ਹਨ। ਪੜ੍ਹੇ-ਲਿਖੇ ਲੋਕ ਵੀ ਮਕਾਨ ਜਾਂ ਦੁਕਾਨ ਖਰੀਦਣ ਲੱਗਿਆਂ ਕਾਰੋਬਾਰ ਸ਼ੁਰੂ ਕਰਨ ਲੱਗਿਆਂ ਜਾਂ ਧੀ-ਪੁੱਤ ਦਾ ਲਗਨ ਕਰਨ ਲੱਗਿਆਂ 'ਸ਼ੁਭ ਮਹੂਰਤ' ਦਾ ਖਿਆਲ਼ ਰੱਖਦੇ ਹਨ। ਇਹ ਲੋਕ ਮਹਿੰਗੇ-ਮਹਿੰਗੇ ਨਗ ਪਹਿਨਦੇ ਹਨ ਤਾਂ ਜੋ ਔਖੀ ਘੜੀ ਟਲ ਜਾਵੇ ਤੇ ਚੰਗਾ ਸਮਾਂ ਆ ਜਾਵੇ। ਵੱਡੇ-ਵੱਡੇ ਫ਼ਿਲਮੀ ਸਿਤਾਰੇ ਜਾਂ ਫ਼ਿਲਮਾਂ ਦੇ ਸਫ਼ਲ ਨਿਰਮਾਤਾ ਤੇ ਨਿਰਦੇਸ਼ਕ ਤਾਂ ਕਾਮਯਾਬੀ ਲਈ ਕਿਸੇ ਖਾਸ ਅੱਖਰ ਤੋਂ ਆਪਣਾ ਜਾਂ ਫ਼ਿਲਮ ਦਾ ਨਾਂਅ ਸ਼ੁਰੂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ ਹਨ।

ਮੁੱਕਦੀ ਗੱਲ ਇਹ ਹੈ ਕਿ ਅੰਧ-ਵਿਸ਼ਵਾਸ ਦੀ ਬੇੜੀ 'ਚ ਬੈਠ ਕੇ ਅੱਜ ਤੱਕ ਕੋਈ ਵੀ ਪਾਰ ਨਹੀ ਲੰਘ ਸਕਿਆ ਹੈ ਤੇ ਨਾ ਹੀ ਲੰਘ ਸਕੇਗਾ। ਦ੍ਰਿੜ੍ਹ ਇਰਾਦਾ, ਤਰਕ ਨਾਲ ਸਾਂਝ ਅਤੇ ਆਪਣੇ ਅਟੁੱਟ ਆਤਮ-ਵਿਸ਼ਵਾਸ ਨਾਲ ਹੀ ਅਸੀਂ ਵੱਡੀ ਤੋਂ ਵੱਡੀ ਸਮੱਸਿਆ ਅਤੇ ਬੁਰੇ ਤੋਂ ਬੁਰੇ ਕਸ਼ਟ ਤੋਂ ਛੁਟਕਾਰਾ ਪਾ ਸਕਦੇ ਹਾਂ। ਜੇਕਰ ਕੋਈ ਆਸਤਿਕ ਹੈ ਤੇ ਪਰਮਾਤਮਾ ਨੂੰ ਮੰਨਦਾ ਹੈ ਤਾਂ ਉਸ ਨੂੰ ਇਹ ਵੀ ਮੰਨ ਲੈਣਾ ਚਾਹੀਦਾ ਹੈ ਕਿ ਪਰਮਾਤਮਾ ਤੋਂ ਵਧ ਕੇ ਹੋਰ ਕੋਈ ਵੀ ਨਹੀਂ ਹੈ ਤੇ ਉਸ ਦਾ ਇਸ਼ਟ ਹੀ ਉਸ ਨੂੰ ਕਿਸੇ ਸਮੱਸਿਆ ਜਾਂ ਕਸ਼ਟ ਤੋਂ ਨਿਜਾਤ ਦਿਵਾ ਸਕਦਾ ਹੈ, ਕੋਈ ਬਾਬਾ ਜਾਂ ਤਾਂਤਰਿਕ ਨਹੀਂ। ਜੇਕਰ ਅਸੀਂ ਇਹ ਸੱਚ ਆਪਣੇ ਮਨ ਅਤੇ ਕਰਮ ਵਿਚ ਧਾਰਨ ਕਰ ਲਈਏ ਤਾਂ ਉਪਾਅ ਦੱਸਣ ਵਾਲੇ ਬਾਬੇ ਦੀ ਲੋੜ ਨਹੀਂ ਰਹੇਗੀ ਤੇ ਅਸੀਂ ਹਰ ਦੁੱਖ ਤੇ ਮੁਸੀਬਤ ਦਾ ਸਾਹਮਣਾ ਸਬਰ-ਸੰਤੋਖ ਨਾਲ ਕਰਦਿਆਂ ਹੋਇਆਂ ਇਕ ਸ਼ਾਂਤ ਅਤੇ ਸਫ਼ਲ ਜੀਵਨ ਬਤੀਤ ਕਰ ਪਾਵਾਂਗੇ।

**# ਸੰਪਰਕ : 97816-46008**

# ਭਾਰਤ-ਚੀਨ ਦੇ ਰਿਸ਼ਤਿਆਂ 'ਤੇ ਜੰਮੀ ਬਰਫ ਪਿਘਲੀ !



ਮੁਹੰਮਦ ਅੱਬਾਸ ਧਾਲੀਵਾਲ

ਭਾਰਤ ਅਤੇ ਚੀਨ ਦੀਆਂ ਫੌਜਾਂ 25 ਅਕਤੂਬਰ ਤੋਂ ਪੂਰਬੀ ਲੱਦਾਖ ਹੱਦ ਤੋਂ ਪਿੱਛੇ ਹਟਣੀਆਂ ਸ਼ੁਰੂ ਹੋ ਗਈਆਂ ਹਨ। ਵੱਖ-ਵੱਖ ਨਿਊਜ਼ ਰਿਪੋਰਟਾਂ ਅਨੁਸਾਰ ਦੋਵਾਂ ਦੇਸ਼ਾਂ ਦੀਆਂ ਫੌਜਾਂ ਨੇ ਆਪੋ-ਆਪਣੇ ਅਸਥਾਈ ਟੈਂਟ ਅਤੇ ਸ਼ੈੱਡ ਹਟਾ ਲਏ ਹਨ। ਗੱਡੀਆਂ ਅਤੇ ਹੋਰ ਮਿਲਟਰੀ ਸਾਜ਼ੋ-ਸਾਮਾਨ ਵੀ ਹੱਦ ਤੋਂ ਦੂਰ ਲਿਜਾਇਆ ਜਾ ਰਿਹਾ ਹੈ। ਫੌਜੀ ਸੂਤਰਾਂ ਮੁਤਾਬਕ ਦੋਵੇਂ ਦੇਸਸ਼ਾਂ ਦੀਆਂ ਫੌਜਾਂ ਹੱਦ ਤੋਂ ਪੂਰੀ ਤਰ੍ਹਾਂ ਆਪਣੇ ਸੈਨਿਕ ਪਿੱਛੇ ਲੈ ਜਾਣਗੀਆਂ।

ਇਸ ਤੋਂ ਪਹਿਲਾਂ ਕਿ ਅਸੀਂ ਦੋਹਾਂ ਦੇਸ਼ਾਂ ਦੇ ਸੰਬੰਧਾਂ ਨੂੰ ਲੈ ਕੇ ਅੱਗੇ ਵਧੀਏ ਅਤੇ ਇਨ੍ਹਾਂ ਦੋਵਾਂ ਦੇ ਬਣਦੇ-ਵਿਗੜਦੇ ਰਿਸ਼ਤਿਆਂ ਦੇ ਇਤਿਹਾਸ 'ਤੇ ਝਾਤ ਮਾਰਦੇ ਹਾਂ। ਦਰਅਸਲ ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਰਤ-ਚੀਨ ਸੰਬੰਧਾਂ ਦੀ ਸ਼ੁਰੂਆਤ 1950 ਵਿੱਚ ਹੋ ਗਈ ਸੀ। ਉਂਝ ਭੂਤਕਾਲ 'ਤੇ ਝਾਤ ਮਾਰਦੇ ਹਾਂ ਤਾਂ ਭਾਰਤ ਅਤੇ ਚੀਨ (ਪੀਪਲਜ਼ ਰਿਪਬਲਿਕ ਆਫ ਚਾਈਨਾ, ਪੀ ਆਰ ਸੀ) ਨੇ ਇਤਿਹਾਸਕ ਤੌਰ 'ਤੇ ਹਜ਼ਾਰਾਂ ਸਾਲਾਂ ਦੇ ਰਿਕਾਰਡ ਕੀਤੇ ਇਤਿਹਾਸ ਤੋਂ ਸ਼ਾਂਤੀਪੂਰਨ ਸਬੰਧ ਬਣਾਏ ਰੱਖੇ ਹਨ।

ਇਹ ਕਿ 1949 ਵਿੱਚ ਚੀਨੀ ਘਰੇਲੂ ਯੁੱਧ ਦੌਰਾਨ ਅਤੇ ਖਾਸ ਤੌਰ 'ਤੇ ਚੀਨ ਦੇ ਲੋਕ ਗਣਰਾਜ ਦੁਆਰਾ ਤਿੱਬਤ ਦੇ ਕਬਜ਼ੇ ਤੋਂ ਬਾਅਦ, ਦੋਵਾਂ ਦੇਸ਼ਾਂ ਨੇ ਇਕ-ਦੂਜੇ ਨਾਲ ਆਰਥਿਕ ਸਹਿਯੋਗ ਦੀ ਮੰਗ ਕੀਤੀ ਹੈ, ਜਦੋਂ ਕਿ ਅਕਸਰ ਸਰਹੱਦੀ ਵਿਵਾਦ ਅਤੇ ਦੋਵਾਂ ਦੇਸ਼ਾਂ ਵਿਚ ਆਰਥਿਕ ਰਾਸ਼ਟਰਵਾਦ ਵਿਵਾਦ ਦਾ ਮੁੱਖ ਕਾਰਨ ਹਨ।

ਇਸ ਤੋਂ ਪਹਿਲਾਂ ਭਾਰਤ ਦਰਮਿਆਨ ਸੱਭਿਆਚਾਰਕ ਅਤੇ ਆਰਥਿਕ ਸੰਬੰਧ ਕਦੀਮੀ ਸਮੇਂ ਤੋਂ ਚਲੇ ਆ ਰਹੇ ਹਨ। ਸਿਲਕ ਰੋਡ ਨੇ ਭਾਰਤ ਅਤੇ ਚੀਨ ਵਿਚਕਾਰ ਇੱਕ ਪ੍ਰਮੁੱਖ ਵਪਾਰਕ ਮਾਰਗ ਵਜੋਂ ਕੰਮ ਕੀਤਾ।

ਜਦੋਂ ਕਿ 19ਵੀਂ ਸਦੀ ਦੌਰਾਨ ਚੀਨ, ਈਸਟ ਇੰਡੀਆ ਕੰਪਨੀ ਦੇ ਨਾਲ ਅਫੀਮ ਦੇ ਵਧਦੇ ਵਪਾਰ ਵਿੱਚ ਸ਼ਾਮਲ ਸੀ, ਜੋ ਭਾਰਤ ਵਿੱਚ ਉਗਾਈ ਜਾਣ ਵਾਲੀ ਅਫੀਮ ਦੀ ਬਰਾਮਦਗੀ ਕਰਦੀ ਸੀ। ਦੂਜੇ ਵਿਸ਼ਵ ਯੁੱਧ ਦੌਰਾਨ ਬ੍ਰਿਟਿਸ਼ ਭਾਰਤ ਅਤੇ ਚੀਨ ਗਣਰਾਜ (ਆਰ ਓ ਸੀ) ਦੋਵਾਂ ਨੇ ਇੰਪੀਰੀਅਲ ਜਾਪਾਨ ਦੀ ਤਰੱਕੀ ਨੂੰ ਰੋਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

1947 ਵਿੱਚ ਭਾਰਤ ਦੇ ਆਜ਼ਾਦ ਹੋਣ ਤੋਂ ਉਪਰੰਤ ਇਸ ਨੇ ਆਰ ਓ ਸੀ ਨਾਲ ਸੰਬੰਧ ਸਥਾਪਤ ਕੀਤੇ। ਆਧੁਨਿਕ ਚੀਨ-ਭਾਰਤੀ ਕੂਟਨੀਤਕ ਸੰਬੰਧ 1950 ਵਿੱਚ ਸ਼ੁਰੂ ਹੋਏ।

ਇਹ ਕਿ ਪਿਛਲੇ ਕਈ ਦਹਾਕਿਆਂ ਤੋਂ ਚੀਨ ਅਤੇ ਭਾਰਤ ਏਸ਼ੀਆ ਦੀਆਂ ਦੋ ਪ੍ਰਮੁੱਖ ਖੇਤਰੀ ਸ਼ਕਤੀਆਂ ਚਲੀਆਂ ਆ ਰਹੀਆਂ ਹਨ ਅਤੇ ਦੋਵੇਂ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਹਨ (ਬੇਸ਼ੱਕ ਹੁਣ ਭਾਰਤ ਨੇ ਆਬਾਦੀ ਦੇ ਮਾਮਲੇ ਵਿੱਚ ਚੀਨ ਨੂੰ ਪਿੱਛੇ ਛੱਡ ਦਿੱਤਾ ਹੈ) ਇਸ ਤੋਂ ਇਲਾਵਾ ਇਹ ਦੋਵੇਂ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਪ੍ਰਮੁੱਖ ਅਰਥਵਿਵਸਥਾਵਾਂ ਵਿੱਚੋਂ ਇੱਕ ਹਨ।

ਮਾਹਿਰਾਂ ਅਨੁਸਾਰ ਦੋਵੇਂ ਦੇਸ਼ ਆਪਣੇ ਸਰਹੱਦੀ ਵਿਵਾਦ ਨੂੰ ਸੁਲਝਾਉਣ ਵਿੱਚ ਹੁਣ ਤੱਕ ਅਸਫਲ ਰਹੇ ਅਤੇ ਭਾਰਤੀ ਮੀਡੀਆ ਆਉਟਲੈਟਾਂ ਨੇ ਵਾਰ-ਵਾਰ ਭਾਰਤੀ ਖੇਤਰ ਵਿੱਚ ਚੀਨੀ ਫੌਜੀ ਘੁਸਪੈਠ ਦੀਆਂ ਰਿਪੋਰਟਾਂ ਦਿੱਤੀਆਂ ਹਨ ਅਤੇ ਸਮਕਾਲੀ ਚੀਨ ਅਤੇ ਭਾਰਤ ਵਿਚਕਾਰ ਸੰਬੰਧਾਂ ਨੂੰ ਸਰਹੱਦੀ ਵਿਵਾਦਾਂ ਦੁਆਰਾ ਦਰਸਾਇਆ ਗਿਆ ਹੈ, ਜਿਸ ਦੇ ਨਤੀਜੇ ਵਜੋਂ ਤਿੰਨ ਫੌਜੀ ਸੰਘਰਸ਼- 1962 ਦੀ ਚੀਨ-ਭਾਰਤ ਜੰਗ, 1967 ਵਿੱਚ ਨਾਥੂ ਲਾ ਅਤੇ ਚੋ ਲਾ ਵਿੱਚ ਸਰਹੱਦੀ ਝੜਪਾਂ ਅਤੇ 1987 ਵਿੱਚ ਸੁਮਡੋਰੋਂਗ ਚੂ ਰੁਕਾਵਟ ਸਾਹਮਣੇ ਆਏ। ਹਾਲਾਂਕਿ, 1980 ਦੇ ਦਹਾਕੇ ਦੇ ਅਖੀਰ ਤੋਂ ਦੋਵਾਂ ਦੇਸ਼ਾਂ ਨੇ ਸਫਲਤਾਪੂਰਵਕ ਕੂਟਨੀਤਕ ਅਤੇ ਆਰਥਿਕ ਸੰਬੰਧਾਂ ਨੂੰ ਦੁਬਾਰਾ ਬਣਾਇਆ ਹੈ।

ਜਦੋਂ ਕਿ 2013 ਤੋਂ ਸਰਹੱਦੀ ਵਿਵਾਦ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਵਿੱਚ ਮੁੜ ਉੱਭਰ ਕੇ ਸਾਹਮਣੇ ਆਏ। 2018 ਦੇ ਸ਼ੁਰੂ ਵਿੱਚ ਦੋਵੇਂ ਫੌਜਾਂ ਵਿਵਾਦਤ ਭੂਟਾਨ-ਚੀਨ ਸਰਹੱਦ ਦੇ ਨਾਲ ਡੋਕਲਾਮ ਪਠਾਰ 'ਤੇ ਇੱਕ ਰੁਕਾਵਟ ਵਿੱਚ ਰੁੱਝੀਆਂ ਹੋਈਆਂ ਸਨ। ਇਸ ਤੋਂ ਬਾਅਦ ਇਹ ਤਨਾਅ ਦਾ ਸਿਲਸਿਲਾ 2020 ਵਿੱਚ ਗਲਵਾਨ ਘਾਟੀ ਤੱਕ ਪਹੁੰਚਦਾ ਹੈ।

ਫਿਲਹਾਲ ਦੋਵਾਂ ਦੇਸ਼ਾਂ ਦੇ ਸੈਨਿਕਾਂ ਨੇ ਡੇਪਸਾਂਗ ਅਤੇ ਡੇਮਚੋਕ ਖੇਤਰਾਂ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਹੈ। ਸਮਝੌਤੇ ਮੁਤਾਬਕ ਦੋਵਾਂ ਧਿਰਾਂ ਨੇ ਇਲਾਕੇ ਵਿੱਚ ਇੱਕ-ਇੱਕ ਟੈਂਟ ਅਤੇ ਕੁੱਝ ਅਸਥਾਈ ਢਾਂਚੇ ਨੂੰ ਢਾਹ ਦਿੱਤਾ ਹੈ। ਡੇਮਚੋਕ ਵਿੱਚ ਭਾਰਤੀ ਸੈਨਿਕ ਚਾਰਡਿੰਗ ਡਰੇਨ ਦੇ ਪੱਛਮ ਵੱਲ ਮੁੜ ਰਹੇ ਹਨ, ਜਦੋਂ ਕਿ ਚੀਨੀ ਸੈਨਿਕ ਡਰੇਨ ਦੇ ਦੂਜੇ ਪਾਸੇ ਪੂਰਬ ਵੱਲ ਵਾਪਸ ਜਾ ਰਹੇ ਹਨ। ਦੋਹੀਂ ਪਾਸੇ ਕਰੀਬ 10-12 ਆਰਜ਼ੀ ਢਾਂਚੇ ਬਣਾਏ ਗਏ ਹਨ ਅਤੇ ਦੋਹੀਂ ਪਾਸੇ ਕਰੀਬ 12-12 ਟੈਂਟ ਲਗਾਏ ਗਏ ਹਨ, ਜਿਨ੍ਹਾਂ ਨੂੰ ਹਟਾਇਆ ਜਾਣਾ ਹੈ।

ਕੁਝ ਰਿਪੋਰਟਾਂ ਅਨੁਸਾਰ ਇਸ ਪ੍ਰਕਿਰਿਆ ਦੇ ਮੁਕੰਮਲ ਹੋਣ ਤੋਂ ਬਾਅਦ ਅਗਲੇ 4-5 ਦਿਨਾਂ 'ਚ ਡੇਪਸੰਗ ਅਤੇ ਡੇਮਚੋਕ 'ਚ ਗਸ਼ਤ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਇਸ ਤੋਂ ਪਹਿਲਾਂ ਵੀਰਵਾਰ ਨੂੰ ਕੁੱਝ ਅਸਥਾਈ ਢਾਂਚੇ ਵੀ ਢਾਹ ਦਿੱਤੇ ਗਏ। ਇਸ ਦੇ ਨਾਲ ਹੀ ਵੀਰਵਾਰ ਨੂੰ ਚੀਨੀ ਸੈਨਿਕਾਂ ਨੇ ਆਪਣੇ ਕੁਝ ਵਾਹਨ ਇੱਥੋਂ ਹਟਾ ਦਿੱਤੇ ਹਨ। ਭਾਰਤੀ ਫੌਜ ਨੇ ਵੀਰਵਾਰ ਨੂੰ ਇੱਥੋਂ ਕੁਝ ਸੈਨਿਕਾਂ ਦੀ ਗਿਣਤੀ ਵੀ ਘਟਾ ਦਿੱਤੀ।

ਰਿਪੋਰਟਾਂ ਅਨੁਸਾਰ ਗਸ਼ਤ ਲਈ ਵੀ ਫੌਜੀਆਂ ਦੀ ਗਿਣਤੀ ਤੈਅ ਕੀਤੀ ਗਈ ਹੈ। ਹੱਦ ਤੋਂ ਪਿੱਛੇ ਹਟਣ ਦਾ ਇਹ ਫੈਸਲਾ ਅਪ੍ਰੈਲ 2020 ਤੋਂ ਪਹਿਲਾਂ ਦੀ ਸਥਿਤੀ ਬਹਾਲ ਕਰਨ ਲਈ ਲਿਆ ਗਿਆ ਹੈ। 2020 ਵਿੱਚ ਭਾਰਤ-ਚੀਨ ਦੇ ਫੌਜੀਆਂ ਵਿਚਾਲੇ ਗਲਵਾਨ ਘਾਟੀ ਵਾਲੀ ਝੜਪ ਤੋਂ ਬਾਅਦ ਲਗਾਤਾਰ ਤਣਾਅ ਬਣਿਆ ਹੋਇਆ ਸੀ।

ਇਸ ਦੌਰਾਨ ਵੱਖ-ਵੱਖ ਸਮਿਆਂ ਦੌਰਾਨ ਦੋਵਾਂ ਦੇਸ਼ਾਂ ਦਰਮਿਆਨ ਉਕਤ ਤਨਾਅ ਨੂੰ ਘੱਟ ਕਰਨ ਲਈ ਕਈ ਵਾਰ ਬੈਠਕਾਂ ਹੋਈਆਂ, ਪਰ ਉਨ੍ਹਾਂ ਦਾ ਕੋਈ ਖਾਸ ਨਤੀਜਾ ਵੇਖਣ ਨੂੰ ਨਹੀਂ ਸੀ ਮਿਲਿਆ। ਹੁਣ ਉਕਤ ਗਲਵਾਨ ਘਾਟੀ ਵਾਲੀ ਘਟਨਾ ਨੂੰ ਵਾਪਰਿਆਂ ਕਰੀਬ ਚਾਰ ਸਾਲਾਂ ਦਾ ਸਮਾਂ ਹੋ ਗਿਆ ਹੈ ਤਾਂ ਘਟਨਾ ਦੇ ਚਾਰ ਸਾਲ ਬਾਅਦ 21 ਅਕਤੂਬਰ ਨੂੰ ਦੋਵਾਂ ਦੇਸ਼ਾਂ ਵਿਚਾਲੇ ਫੌਜੀ ਜਵਾਨਾਂ ਦੀ ਗਸ਼ਤ ਸਬੰਧੀ ਨਵਾਂ ਸਮਝੌਤਾ ਹੋਇਆ ਸੀ। ਇਸ ਸੰਦਰਭ ਵਿੱਚ ਵਿਦੇਸ਼ ਮੰਤਰੀ ਐੱਸ. ਜੈ ਸ਼ੰਕਰ ਨੇ ਕਿਹਾ ਹੈ ਕਿ ਇਸ ਸਮਝੌਤੇ ਦਾ ਮਕਸਦ ਲੱਦਾਖ ਵਿੱਚ ਗਲਵਾਨ ਵਰਗੀ ਝੜਪ ਰੋਕਣਾ ਅਤੇ ਪਹਿਲਾਂ ਵਰਗੇ ਹਾਲਾਤ ਬਣਾਉਣਾ ਹੈ। ਦੋਵਾਂ ਦੇਸ਼ਾਂ ਵਿਚਾਲੇ ਇਹ ਸਮਝੌਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬ੍ਰਿਕਸ ਯਾਤਰਾ ਤੋਂ ਪਹਿਲਾਂ ਲੱਗਭੱਗ ਫਾਈਨਲ ਹੋਇਆ ਸੀ। ਇੱਥੇ ਜ਼ਿਕਰਯੋਗ ਹੈ ਕਿ ਬ੍ਰਿਕਸ ਸੰਮੇਲਨ ਦੌਰਾਨ ਵੀ ਪ੍ਰਧਾਨ ਮੰਤਰੀ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸੀ ਜਿਨਪਿੰਗ ਵਿਚਾਲੇ ਉਕਤ ਸੰਦਰਭ ਵਿੱਚ ਗੱਲਬਾਤ ਹੋਈ ਸੀ ਅਤੇ ਇਸ ਗੱਲਬਾਤ ਦੌਰਾਨ ਤੈਅ ਕੀਤਾ ਗਿਆ ਸੀ ਕਿ ਦੋਵੇਂ ਦੇਸ਼ਾਂ ਵੱਲੋਂ ਸ਼ਾਂਤੀ ਕਾਇਮ ਰੱਖਣ ਦੀਆਂ ਕੋਸ਼ਿਸ਼ਾਂ ਤੇਜ਼ ਕੀਤੀਆਂ ਜਾਣਗੀਆਂ।

ਇਸ ਤੋਂ ਪਹਿਲਾਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਸੀ ਕਿ ਭਾਰਤ ਅਤੇ ਚੀਨੀ ਵਾਰਤਾਕਾਰ ਪੂਰਬੀ ਲੱਦਾਖ 'ਚ ਅਸਲ ਕੰਟਰੋਲ ਰੇਖਾ (ਐੱਲ ਏ ਸੀ) ਦੇ ਨਾਲ ਗਸ਼ਤ ਕਰਨ ਲਈ ਇੱਕ ਸਮਝੌਤੇ 'ਤੇ ਪਹੁੰਚ ਗਏ ਹਨ। ਉਨ੍ਹਾ ਕਿਹਾ ਕਿ ਭਾਰਤ ਅਤੇ ਚੀਨੀ ਵਾਰਤਾਕਾਰ ਮੁੱਦਿਆਂ ਨੂੰ ਸੁਲਝਾਉਣ ਲਈ ਪਿਛਲੇ ਕੁੱਝ ਹਫਤਿਆਂ ਤੋਂ ਸੰਪਰਕ 'ਚ ਸਨ। ਮੰਨਿਆ ਜਾ ਰਿਹਾ ਹੈ ਕਿ ਸਮਝੌਤਾ ਡੇਪਸਾਂਗ ਅਤੇ ਡੇਮਚੋਕ ਖੇਤਰਾਂ 'ਚ ਗਸ਼ਤ ਨਾਲ ਸੰਬੰਧਤ ਹੈ। ਸਮਝੌਤੇ ਮੁਤਾਬਕ ਦੋਨੋਂ ਦੇਸ਼ਾਂ ਦੀਆਂ ਫੌਜਾਂ ਡੇਪਸਾਂਗ ਤੇ ਡੇਮਚੋਕ ਖੇਤਰ 'ਚੋਂ ਪਿੱਛੇ ਹਟਣਗੀਆਂ।

ਇਹ ਐਲਾਨ ਬ੍ਰਿਕਸ ਸੰਮੇਲਨ 'ਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੂਸੀ ਸ਼ਹਿਰ ਕਾਜਾਨ ਦੀ ਯਾਤਰਾ ਤੋਂ ਇਕ ਦਿਨ ਪਹਿਲਾਂ ਕੀਤਾ ਗਿਆ ਸੀ। ਹਾਲਾਂਕਿ ਇਸ ਬਾਰੇ ਉਸ ਸਮੇਂ ਕੋਈ ਅਧਿਕਾਰਤ ਬਿਆਨ ਸਾਹਮਣੇ ਨਹੀਂ ਸੀ ਆਇਆ, ਪਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸੀ ਜਿਨਪਿੰਗ ਵੱਲੋਂ ਬ੍ਰਿਕਸ ਸੰਮੇਲਨ ਤੋਂ ਇਲਾਵਾ ਦੁਵੱਲੀ ਬੈਠਕ ਕਰਨ ਦੇ ਕਿਆਸ ਲਾਏ ਜਾ ਰਹੇ ਸਨ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਐੱਨ ਡੀ ਟੀ ਵੀ ਦੇ ਪ੍ਰੋਗਰਾਮ ਵਿਚ ਵਿਦੇਸ਼ ਸਕੱਤਰ ਦੇ ਬਿਆਨ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ ਸੀ ਕਿ ਚੀਨ ਨਾਲ ਠਰ੍ਹੰਮੇ ਦੀ ਰਣਨੀਤੀ ਕਾਰਨ ਇਹ ਕਾਮਯਾਬੀ ਮਿਲੀ ਹੈ। ਦੋਵੇਂ ਦੇਸ਼ ਅੱਗੇ ਵਧ ਰਹੇ ਹਨ। ਬੇਸ਼ੱਕ ਗੱਲਬਾਤ ਦੀ ਪ੍ਰਕਿਰਿਆ ਪੇਚੀਦਾ ਰਹੀ, ਪਰ ਉਮੀਦ ਹੈ ਕਿ ਅਸੀਂ ਅਮਨ ਵੱਲ ਵਧ ਰਹੇ ਹਾਂ। ਭਾਰਤ ਤੇ ਚੀਨ ਵਿਚਾਲੇ ਸਹਿਮਤੀ ਬਹੁਤ ਹਾਂ-ਪੱਖੀ ਹੈ। ਦੋਵੇਂ 2020 ਵਿਚ ਗਲਵਾਨ ਝੜਪ ਤੋਂ ਪਹਿਲਾਂ ਵਾਲੀ ਸਥਿਤੀ ਵੱਲ ਜਾ ਰਹੇ ਹਨ। ਉਪਰੋਕਤ ਸਥਿਤੀ ਨੂੰ ਵੇਖਦੇ ਹੋਏ ਇੰਝ ਲੱਗਦਾ ਹੈ ਕਿ ਜਿਵੇਂ ਪਿਛਲੇ ਚਾਰ ਸਾਲਾਂ ਤੋਂ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ 'ਚ ਜੰਮੀ ਬਰਫ ਪਿਘਲਣ ਲੱਗੀ ਹੈ। ਹੁਣ ਇਹ ਦੇਖਣਾ ਕਾਫੀ ਦਿਲਚਸਪ ਹੋਵੇਗਾ ਕਿ ਇਨ੍ਹਾਂ ਰਿਸ਼ਤਿਆਂ ਵਿੱਚ ਹੋਰ ਕਿੰਨਾ ਕੁ ਅਤੇ ਕਿੱਥੇ ਕੁ ਤੱਕ ਨਿੱਘਾਪਣ ਵੇਖਣ ਨੂੰ ਮਿਲਦਾ ਹੈ।

**# ਸੰਪਰਕ : 95309-50053**

## ਵਿਦਿਆਰਥੀਆਂ ਦਾ ਸਾਇੰਸ ਸਿਟੀ ਕਪੂਰਥਲਾ ਦਾ ਵਿੱਦਿਅਕ ਟੂਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਮੁੱਖ ਮੰਤਰੀ ਵਿਗਿਆਨ ਯਾਤਰਾ ਤਹਿਤ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ ਸ਼ਿਵਪਾਲ ਗੋਇਲ ਦੇ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਦੇ ਨੌਵੀਂ ਜਮਾਤ ਦੇ ਵਿਦਿਆਰਥੀਆਂ ਦਾ ਇੱਕ ਰੋਜ਼ਾ ਵਿੱਦਿਅਕ ਟੂਰ ਸਾਇੰਸ ਮਿਸਟ੍ਰੈਸ ਰੂਬੀ ਮਹਿਤਾ ਤੇ ਸਾਇੰਸ ਮਿਸਟ੍ਰੈਸ ਨਿਸ਼ਾ ਰਾਣੀ ਵੱਲੋਂ ਸਾਇੰਸ ਸਿਟੀ ਕਪੂਰਥਲਾ ਵਿਖੇ ਲਿਜਾਇਆ ਗਿਆ। ਇਸ ਟੂਰ ਤਹਿਤ ਵਿਦਿਆਰਥੀਆਂ ਨੇ ਸਾਇੰਸ ਸਿਟੀ ਵਿਖੇ ਡੋਮ ਥੀਏਟਰ 'ਚ ਬ੍ਰਹਿਮੰਡ ਦੀ ਕਹਾਣੀ, 3-ਡੀ ਸ਼ੋਅ, ਰੌਚਕ ਲੇਜ਼ਰ ਸ਼ੋਅ ਤੇ ਕਾਲਪਨਿਕ ਜਹਾਜ਼ ਦੀ ਉਡਾਨ ਦਾ ਪੂਰਾ ਆਨੰਦ ਮਾਣਿਆ ਅਤੇ ਖੂਬ ਜਾਣਕਾਰੀ ਹਾਸਿਲ ਕੀਤੀ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਇਲੈਕਟ੍ਰੀਸਿਟੀ ਗੈਲਰੀ ਲਿਜਾਇਆ ਗਿਆ, ਜਿੱਥੇ ਵਿਦਿਆਰਥੀਆਂ ਨੇ ਬਿਜਲੀ ਬਣਾਉਣ ਦੀ ਪੂਰੀ ਪ੍ਰਕਿਰਿਆ ਨੂੰ ਆਪਣੇ ਅੱਖੀਂ ਦੇਖਿਆ। ਖੇਡ-ਖੇਡ ਰਾਹੀਂ ਵਿਗਿਆਨ ਵਿਸ਼ੇ ਨੂੰ ਪ੍ਰਦਰਸ਼ਿਤ ਕਰਦੀ ਫੋਨ ਗੈਲਰੀ ਤੇ ਅਲੋਪ ਹੋ ਚੁੱਕੇ ਡਾਇਨਾਸੋਰ ਪਾਰਕ ਆਕਰਸ਼ਣ ਦਾ ਮੁੱਖ ਕੇਂਦਰ ਰਹੇ। ਪ੍ਰਿੰਸੀਪਲ ਜਸਵੀਰ ਸਿੰਘ ਨੇ ਕਿਹਾ ਕਿ ਟੈਕਨੋਲੋਜੀ ਦੇ ਯੁੱਗ ਨੂੰ ਧਿਆਨ 'ਚ ਰੱਖਦਿਆਂ ਅਤੇ ਵਿਦਿਆਰਥੀਆਂ ਵਿੱਚ ਵਿਗਿਆਨਿਕ ਸੋਚ ਵਿਕਸਿਤ ਕਰਨ ਦੇ ਉਦੇਸ਼ ਨਾਲ ਅਜਿਹੇ ਟੂਰ ਆਯੋਜਤ ਕੀਤੇ ਜਾਂਦੇ ਹਨ। ਟੂਰ ਨੂੰ ਨੇਪਰੇ ਚਾੜ੍ਹਨ ਵਿੱਚ ਸਮੂਹ ਸਟਾਫ਼ ਦਾ ਭਰਪੂਰ ਯੋਗਦਾਨ ਰਿਹਾ।

## ਗੁਰਮੇਲ ਸਿੰਘ ਮੌੜ ਵੱਲੋਂ ਕਾਲਾ ਢਿੱਲੋਂ ਦੇ ਹੱਕ 'ਚ ਪ੍ਰਚਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਗੁਰਮੇਲ ਸਿੰਘ ਮੌੜ ਨੇ ਆਪਣੀ ਟੀਮ ਸਮੇਤ ਪਿੰਡ ਠੁੱਲੇਵਾਲ ਵਿਖੇ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਘਰ ਘਰ ਜਾ ਕੇ ਕਾਲਾ ਢਿੱਲੋਂ ਦੇ ਹੱਕ 'ਚ ਵੋਟਾਂ ਭੁਗਤਾਉਣ ਦੀ ਅਪੀਲ ਕੀਤੀ।ਉਨ੍ਹਾਂ ਪਾਰਟੀ ਆਗੂਆਂ, ਵਰਕਰਾਂ ਨੂੰ ਮਿਲ ਕੇ ਡਿਊਟੀਆਂ ਲਗਾਈਆਂ ਤੇ ਪਿੰਡ-ਪਿੰਡ ਛਾਅ ਜਾਣ ਦੀ ਅਪੀਲ ਕੀਤੀ।ਸੀਨੀ: ਆਗੂ ਮੌੜ ਨੇ ਸੂਬਾ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੀ ਕਰੜੀ ਆਲੋਚਨਾ ਕਰਦਿਆਂ ਕਿਹਾ ਕਿ ਹਰ ਵਰਗ ਦੇ ਲੋਕ ਆਪ ਸਰਕਾਰ ਦੀ ਕਾਰਗੁਜ਼ਾਰੀ ਤੋਂ ਬੁਰੀ ਤਰ੍ਹਾਂ ਤੰਗ ਆ ਚੁੱਕੇ ਹਨ, ਜਿਸ ਸਦਕਾ ਹਲਕੇ ਦੇ ਸੂਝਵਾਨ ਵੋਟਰ ਕਾਂਗਰਸ ਪਾਰਟੀ ਦੇ ਉਮੀਦਵਾਰ ਨੌਜਵਾਨ ਆਗੂ ਕੁਲਦੀਪ ਸਿੰਘ ਢਿੱਲੋਂ ਨੂੰ ਸ਼ਾਨ ਨਾਲ ਜਿਤਾਉਣਗੇ।

## ਬੱਚਿਆਂ ਦਾ ਪੰਜ ਰੋਜ਼ਾ ਕ੍ਰਿਕਟ ਟੂਰਨਾਮੈਂਟ ਸ਼ੁਰੂ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸ਼ਹਿਰ ਦੇ ਸਥਾਨਕ ਰਾਮ ਲੀਲ੍ਹਾ ਗਰਾਊਂਡ ਵਿਖੇ ਨੰਨ੍ਹੇ ਮੁੰਨੇ ਬੱਚਿਆਂ ਵੱਲੋਂ ਦੀਪੂ ਦੀ ਅਗਵਾਈ ਹੇਠ ਪੰਜ ਰੋਜ਼ਾ ਕ੍ਰਿਕਟ ਟੂਰਨਾਮੈਂਟ ਸ਼ੁਰੂ ਹੋਣ ਨਾਲ ਕ੍ਰਿਕਟ ਪ੍ਰੇਮੀਆਂ ਵਿਚਕਾਰ ਖੁਸ਼ੀ ਦੀ ਲਹਿਰ ਦੌੜ ਗਈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੋਮਲ ਸ਼ਰਮਾ ਸੋਨੂੰ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਸ਼ੋਕ ਕੁਮਾਰ ਗਰਗ ਨੇ ਕਿਹਾ ਕਿ ਬੱਚਿਆਂ ਦੀ ਖੇਡਾਂ ਪ੍ਰਤੀ ਰੁਚੀ ਉਨ੍ਹਾਂ ਨੂੰ ਲੜਾਈ, ਝਗੜੇ ਤੇ ਖਾਸਕਰ ਨਸ਼ਿਆਂ ਤੋਂ ਬਚਾਉਣ ਲਈ ਸਹਾਈ ਹੋਵੇਗੀ।ਇਸ ਮੌਕੇ ਆਰਵ, ਪ੍ਰਥਮ, ਮੋਹਿਤ, ਰਾਘਵ, ਮਾਨਵ, ਸਮਰ, ਜਸਨੂਰ, ਸ਼ਵੀ, ਦਕਸ਼, ਭਾਵਿਆ, ਪਰਨੂਰ, ਰਿਹਾਨ, ਦਰਪਣ, ਦਕਸ਼ ਨੂਰ, ਕ੍ਰਿਸ਼ਨਾ, ਰਣਵਿਜੇ, ਰਿਜ਼ਵਾਨ, ਆਦੀ, ਲਕਸ਼ ਛੋਟਾ, ਗੁਨਵੀਰ, ਸੁੱਖੀ, ਤੇਜਵੀਰ, ਅਰਮਾਨ, ਅਕਸ਼, ਅਰਸ਼, ਵੇਦਾਂਤ, ਲਕਸਿਤ, ਸ਼ਿਆਮ, ਦੀਨਸ, ਸਨਥ, ਰਾਹਤ, ਰਿਸ਼ਵ, ਰਾਘਵ, ਯਸ਼ੂ, ਯਸ਼, ਲਕਸ਼ ਮੋਟਾ, ਚਿਰਾਗ, ਪ੍ਰਭਜੋਤ ਸਮੇਤ ਅਨੇਕਾਂ ਖਿਡਾਰੀ ਬੱਚੇ ਹਾਜ਼ਰ ਸਨ।

## ਲਾਰੈਂਸ ਸਕੂਲ ਦੇ ਵਿਦਿਆਰਥੀਆਂ ਵੱਲੋਂ ਇਤਿਹਾਸਕ ਸਥਾਨਾਂ ਦੀ ਯਾਤਰਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਗੁਰਦੁਆਰਾ ਤਖਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੀ ਯਾਤਰਾ ਕੀਤੀ।ਇਹ ਸਥਾਨ ਸਿੱਖ ਧਰਮ ਦੇ ਪੰਜ ਤਖਤਾਂ ਵਿੱਚੋਂ ਇੱਕ ਹੈ।ਇਸ ਦੌਰਾਨ ਵਿਦਿਆਰਥੀਆਂ ਨੂੰ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਇਸ ਸਥਾਨ ਦੀ ਪਵਿੱਤਰਤਾ ਬਾਰੇ ਜਾਨਣ ਦਾ ਮੌਕਾ ਮਿਲਿਆ।ਅਧਿਆਪਕ ਸਹਿਬਾਨਾਂ ਦੀ ਨਿਗਰਾਨੀ ਹੇਠ ਵਿਦਿਆਰਥੀਆਂ ਨੇ ਬਠਿੰਡਾ ਦੇ ਇਤਿਹਾਸਕ ਕਿਲ੍ਹੇ (ਕਿਲ੍ਹਾ ਮੁਬਾਰਕ) ਦੀ ਵੀ ਯਾਤਰਾ ਕੀਤੀ।ਵਿਦਿਆਰਥੀਆਂ ਨੇ ਇਸ ਕਿਲ੍ਹੇ ਦੇ ਇਤਿਹਾਸਿਕ ਢਾਂਚੇ ਤੇ ਇਸ ਦੀ ਕਲਾਤਮਿਕ ਸੁੰਦਰਤਾ ਨੂੰ ਦੇਖਦੇ ਹੋਏ ਇਸ ਦੀ ਇਤਿਹਾਸਕ ਮਹੱਤਤਾ ਨੂੰ ਵੀ ਜਾਣਿਆ।ਮਨੋਜ ਕੁਮਾਰ ਤੇ ਮੈਡਮ ਜੀਨਮ ਗਰਗ ਨੇ ਇਨ੍ਹਾਂ ਸਥਾਨਾਂ ਦੀ ਸਾਰਥਿਕਤਾ ਨੂੰ ਦੱਸਦੇ ਹੋਏ ਕਿਹਾ ਕਿ ਇਸ ਯਾਤਰਾ ਦਾ ਵਿਦਿਅਰਥੀਆਂ ਉੱਪਰ ਡੂੰਘਾ ਪ੍ਰਭਾਵ ਪਵੇਗਾ ਤੇ ਇਹ ਯਾਤਰਾ ਵਿਦਿਆਰਥੀਆਂ ਨੂੰ ਪੰਜਾਬੀ ਇਤਿਹਾਸ ਤੇ ਵਿਰਸੇ ਪ੍ਰਤੀ ਇੱਜ਼ਤ ਅਤੇ ਸਿੱਖ ਮੁੱਲਾਂ ਬਾਰੇ ਸਵੈਭਰ ਕਰੇਗੀ।

## ਸਰਵਹਿੱਤਕਾਰੀ ਵਿੱਦਿਆ ਮੰਦਰ ਸੰਸਥਾ ਨੇ ਮੈਡੀਕਲ ਕੈਂਪ ਲਾਇਆ



**ਮੱਖੂ (ਰਛਪਾਲ ਸਿੰਘ ਸੰਧੂ)**-ਸਰਵਹਿੱਤਕਾਰੀ ਵਿੱਦਿਆ ਮੰਦਰ ਸੰਸਥਾ ਵੱਲੋਂ ਸੁਖਮਨੀ ਕਿਡਨੀ ਐਂਡ ਲਿਵਰ ਕੇਅਰ ਸੈਂਟਰ ਮੱਖੂ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਕੈਂਪ ਸਰਵਹਿੱਤਕਾਰੀ ਵਿੱਦਿਆ ਮੰਦਰ ਹਾਈ ਸਕੂਲ ਮੱਖੂ ਵਿਖੇ ਲਗਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਥਾਨਾਂ ਤੋਂ ਇਲੈਕਟ੍ਰੋਹੋਮਿਓਪੈਥੀ ਦੇ 10 ਮਾਹਰ ਡਾਕਟਰਾਂ ਨੇ ਭਾਗ ਲਿਆ ਅਤੇ ਵੱਡੀ ਗਿਣਤੀ ਵਿੱਚ ਮਰੀਜ਼ਾਂ ਨੇ ਇਸ ਕੈਂਪ 'ਚ ਮੁਫਤ ਵਿੱਚ ਆਪਣੇ ਸਰੀਰ ਦਾ ਚੈੱਕਅਪ ਤੇ ਦਵਾਈਆਂ ਪ੍ਰਾਪਤ ਕੀਤੀਆਂ।ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਸੱਤਪਾਲ ਦੂਆ ਤੇ ਸੰਜੀਵ ਅਹੂਜਾ ਨੇ ਦੱਸਿਆ ਕਿ ਸੁਖਮਨੀ ਕਿਡਨੀ ਐਂਡ ਲਿਵਰ ਕੇਅਰ ਸੈਂਟਰ ਦੇ ਮੁੱਖ ਸੰਚਾਲਕ ਡਾ. ਸਵਿੰਦਰ ਸਿੰਘ ਭੁੱਲਰ ਬੀਈਐੱਮਐੱਸ ਦੇ ਨਾਲ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਮੋਗਾ, ਡਾ. ਸੰਤੋਖ ਸਿੰਘ ਤਰਨਤਾਰਨ, ਡਾ. ਸਰਬਜੀਤ ਸਿੰਘ ਫਤਿਹਾਬਾਦ, ਡਾ. ਮਨਜੀਤ ਸਿੰਘ ਸੰਧੂ ਮੋਗਾ, ਡਾ. ਪਰਮਜੀਤ ਸਿੰਘ ਨੰਗਲ, ਡਾ. ਸੁਰਜੀਤ ਸਿੰਘ ਢੰਡ ਕਸੇਲ, ਡਾ. ਜਸਪਾਲ ਸਿੰਘ ਵਿਰਕ ਜ਼ੀਰਾ, ਡਾ. ਹਰਜੀਤ ਸਿੰਘ ਭੁੱਲਰ ਜ਼ੀਰਾ, ਡਾ. ਭਗਵੰਤ ਸਿੰਘ ਸਰਹਾਲੀ, ਡਾ. ਕੁਲਦੀਪ ਸਿੰਘ ਭੁੱਲਰ ਤਲਵੰਡੀ ਭਾਈ, ਡਾ. ਦਵਿੰਦਰ ਸਿੰਘ ਨੌਸ਼ਹਿਰਾ ਪੰਨੂਆ, ਡਾ. ਸੁਖਮਨਪ੍ਰੀਤ ਸਿੰਘ, ਡਾ. ਹਰਨੂਰਪ੍ਰੀਤ ਸਿੰਘ, ਡਾ. ਕੋਮਲਪ੍ਰੀਤ ਸਿੰਘ ਆਦਿ ਵੱਲੋਂ ਵੱਖ-ਵੱਖ ਬਿਮਾਰੀਆਂ ਨਾਲ ਸਬੰਧਤ ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਮੁਫਤ ਵਿੱਚ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਮੈਡੀਕਲ ਕੈਂਪ ਨੂੰ ਸਫਲ ਬਣਾਉਣ ਵਿੱਚ ਸੱਤਪਾਲ ਦੂਆ, ਸੰਜੀਵ ਅਹੂਜਾ, ਲੱਕੀ ਗਰੋਵਰ, ਤਰਲੋਕ ਚੰਦ, ਸੁਖਦੇਵ ਸਿੰਘ ਵਿੰਝੋਕੇ, ਪੱਤਰਕਾਰ ਰੋਸ਼ਨ ਲਾਲ ਮਨਚੰਦਾ ਮੱਲਾਂਵਾਲਾ, ਰਾਜੂ ਮਨਚੰਦਾ, ਰਜਤ ਦੂਆ, ਗੁਰਲਾਲਦੀਪ ਸਿੰਘ ਗੋਰਾ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਵੇਅ ਆਫ਼ ਫੇਥ ਚਰਚ ਰੇਤਗੜ੍ਹ ਵੱਲੋਂ ਪ੍ਰਾਰਥਨਾ ਸਭਾ 3 ਨੂੰ



**ਸਮਾਣਾ (ਇਕਬਾਲ ਸਿੰਘ ਬੱਲ)**-ਸਥਾਨਕ ਨੇੜਲੇ ਪਿੰਡ ਰੇਤਗੜ੍ਹ ਵਿਖੇ ਸਥਿਤ ਖੋਜੇਵਾਲਾ ਬ੍ਰਾਂਚ ਵੇਅ ਆਫ਼ ਫੇਥ ਚਰਚ ਰੇਤਗੜ੍ਹ ਸਮਾਣਾ ਵਿਖੇ 3 ਨਵੰਬਰ ਨੂੰ ਵੱਡੀ ਪ੍ਰਾਥਨਾ ਸਭਾ ਦਾ ਐਲਾਨ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰੇਤਗੜ੍ਹ ਚਰਚ ਦੇ ਮੁਖੀ ਪਾਸਟਰ ਗੁਰਚਰਨ ਰੇਤਗੜ੍ਹ ਨੇ ਚਰਚ ਵਿਖੇ ਮੀਟਿੰਗ ਦੌਰਾਨ ਦੱਸਿਆ ਕਿ ਸਾਲ ਦੇ ਇਨ੍ਹਾਂ ਦਿਨਾਂ ਵਿੱਚ ਸ਼ੈਤਾਨੀ ਟੂਣੇ ਟੋਟਕੇ ਜ਼ਿਆਦਾ ਹੁੰਦੇ ਹਨ, ਜਿਸ ਕਾਰਨ ਲੋਕਾਂ ਵਿੱਚ ਸ਼ੈਤਾਨ ਦੀ ਅਗਵਾਈ ਹੋਣ ਲੱਗ ਜਾਂਦੀ ਹੈ ਤੇ ਕਈ ਦੁੱਖ ਬੀਮਾਰੀਆਂ ਅਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਮਸੀਹ ਲੋਕਾਂ ਨੂੰ ਲਗਾਤਾਰ ਪ੍ਰਾਥਨਾ ਕਰਦੇ ਰਹਿਣਾ ਚਾਹੀਦਾ ਹੈ, ਇਸ ਲਈ ਅਸੀਂ ਰੇਤਗੜ੍ਹ ਚਰਚ ਵਿੱਚ 3 ਨਵੰਬਰ ਨੂੰ ਇੱਕ ਵੱਡੀ ਪ੍ਰਾਥਨਾ ਸਭਾ ਦਾ ਆਯੋਜਨ ਕੀਤਾ ਹੈ, ਜਿਸ ਦੌਰਾਨ ਚਰਚ ਵਿੱਚ ਕਾਲਾ ਜਾਦੂ ਤੇ ਸ਼ੈਤਾਨੀ ਟੂਣੇ ਟੋਟਕੇ ਤੋਂ ਹੋਣ ਵਾਲੇ ਬੁਰੇ ਪ੍ਰਭਾਵ ਤੋਂ ਛੁਟਕਾਰੇ ਲਈ ਖਾਸ ਪ੍ਰਾਥਨਾ ਕੀਤੀ ਜਾਵੇਗੀ ਅਤੇ ਪ੍ਰਭੂ ਯਿਸ਼ੂ ਦੀ ਮਹਿਮਾ ਆਰਾਧਨਾ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਦੀ ਪਤਨੀ ਪਾਸਟਰ ਰਾਜਵਿੰਦਰ ਕੌਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਪ੍ਰਭੂ ਯਿਸ਼ੂ ਸਰਬ ਸ਼ਕਤੀਮਾਨ ਪ੍ਰਮੇਸ਼ਵਰ ਹਨ, ਉਨ੍ਹਾਂ ਤੋਂ ਵੱਡੀ ਤਾਕਤ ਹੋਰ ਕੋਈ ਨਹੀਂ ਹੈ। ਇਸ ਲਈ ਅਸੀਂ 3 ਨਵੰਬਰ ਨੂੰ ਹੋਣ ਵਾਲੀ ਖਾਸ ਪ੍ਰਾਥਨਾ ਦੌਰਾਨ ਸ਼ੈਤਾਨ ਨੂੰ ਹਰਾਇਆ ਜਾਵੇਗਾ, ਕਿਉਂਕਿ ਸ਼ੈਤਾਨ ਹਮੇਸ਼ਾ ਸਾਡੇ ਪ੍ਰਮੇਸ਼ਵਰ ਦੇ ਪੈਰਾਂ ਹੇਠ ਹੀ ਰਹੇਗਾ, ਸਾਡੇ ਵੱਲੋਂ ਸਾਰਿਆਂ ਨੂੰ ਰੇਤਗੜ੍ਹ ਚਰਚ ਵਿੱਚ ਆਉਣ ਲਈ ਸੱਦਾ ਦਿੱਤਾ ਗਿਆ ਹੈ। ਰੇਤਗੜ੍ਹ ਚਰਚ ਦੇ ਦਰਵਾਜ਼ੇ ਸਭ ਲਈ ਹਮੇਸ਼ਾ ਖੁੱਲ੍ਹੇ ਹਨ। ਉਨ੍ਹਾ ਕਿਹਾ ਕਿ ਇਸ ਦੌਰਾਨ ਦੁਖੀਆਂ ਤੇ ਬੀਮਾਰਾਂ ਲਈ ਵਿਸ਼ੇਸ਼ ਪ੍ਰਾਥਨਾਵਾਂ ਕੀਤੀਆਂ ਜਾਣਗੀਆਂ ਅਤੇ ਇਸ ਦਿਨ ਵੱਡੇ ਚਮਤਕਾਰ ਵੀ ਹੋਣਗੇ।ਇਸ ਮੌਕੇ ਵੇਅ ਆਫ ਫੇਥ ਚਰਚ ਰੇਤਗੜ੍ਹ ਦੀ ਸਮੁੱਚੀ ਟੀਮ ਹਾਜ਼ਰ ਸੀ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਫੂਕਿਆ ਮੁੱਖ ਮੰਤਰੀ ਦਾ ਪੁਤਲਾ

**■ 7 ਨੂੰ ਗਿੱਦੜਬਾਹਾ ਹਲਕੇ 'ਚ ਕੀਤਾ ਜਾਵੇਗਾ ਝੰਡਾ ਮਾਰਚ**



**ਕੋਟਕਪੂਰਾ (ਰਛਪਾਲ ਭੁੱਲਰ)**-ਭਗਵੰਤ ਮਾਨ ਸਰਕਾਰ ਦੇ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਵਤੀਰੇ ਖਿਲਾਫ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਸਥਾਨਕ ਬੱਸ ਅੱਡੇ ਸਾਹਮਣੇ ਕੁਝ ਸਮੇਂ ਲਈ ਟ੍ਰੈਫਿਕ ਜਾਮ ਕਰਕੇ ਝੂਠਾਂ ਦੀ ਵੰਡ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਪੁਤਲਾ ਫੂਕਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਮੁਲਾਜ਼ਮ ਤੇ ਪੈਨਸ਼ਨਰ ਆਗੂ ਪ੍ਰੇਮ ਚਾਵਲਾ ਇੰਦਰਜੀਤ ਸਿੰਘ ਖੀਵਾ, ਮੰਡੀ ਬੋਰਡ ਦੇ ਸੂਬਾ ਪ੍ਰਧਾਨ ਵੀਰਇੰਦਰਜੀਤ ਸਿੰਘ ਪੁਰੀ, ਪਾਵਰਕਾਮ ਪੈਨਸ਼ਨਰ ਆਗੂ ਚੰਦ ਸਿੰਘ ਡੋਡ, ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਆਗੂ ਬਲਵਿੰਦਰ ਰਾਮ ਸ਼ਰਮਾ, ਹਰਜਿੰਦਰ ਸਿੰਘ ਧਾਲੀਵਾਲ ਪ੍ਰਧਾਨ ਪੰਜਾਬ ਪੁਲਸ ਵੈੱਲਫੇਅਰ ਐਸੋਸੀਏਸ਼ਨ, ਅਸ਼ੋਕ ਕੌਸ਼ਲ, ਦਫਤਰੀ ਮੁਲਾਜ਼ਮਾਂ ਦੇ ਸੂਬਾ ਪ੍ਰਧਾਨ ਅਮਰੀਕ ਸਿੰਘ ਸੰਧੂ, ਪੈਰਾ ਮੈਡੀਕਲ ਸਟਾਫ ਦੇ ਆਗੂ ਜਸਮੇਲ ਸਿੰਘ ਜੱਸੀ, ਬਲਵਿੰਦਰ ਸਿੰਘ ਬਰਾੜ, ਕੁਲਵੰਤ ਸਿੰਘ ਚਾਨੀ, ਕਲਾਸ ਫੋਰ ਯੂਨੀਅਨ ਦੇ ਜਨਰਲ ਸਕੱਤਰ ਬਲਕਾਰ ਸਿੰਘ ਸਹੋਤਾ, ਆਸ਼ਾ ਵਰਕਰ ਆਗੂ ਸਿੰਬਲਜੀਤ ਕੌਰ ਤੇ ਚਰਨਜੀਤ ਕੌਰ ਲੰਭਵਾਲੀ, ਏਟਕ ਦੇ ਆਗੂ ਹਰਪਾਲ ਸਿੰਘ ਮਚਾਕੀ ਤੇ ਰਮੇਸ਼ ਕੌਸ਼ਲ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ, ਜਿਸ ਕਾਰਨ ਮੁਲਾਜ਼ਮ ਤੇ ਪੈਨਸ਼ਨਰ ਵਰਗ ਵਿੱਚ ਭਾਰੀ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ। ਆਗੂਆਂ ਨੇ ਐਲਾਨ ਕੀਤਾ ਕਿ 7 ਨਵੰਬਰ ਨੂੰ ਮੁਲਾਜ਼ਮ ਤੇ ਪੈਨਸ਼ਨਰ ਵੱਡੀ ਗਿਣਤੀ ਵਿੱਚ ਆਪਣੇ ਆਪਣੇ ਸਾਧਨਾਂ ਰਾਹੀਂ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਤੇ ਸ਼ਹਿਰ ਵਿੱਚ ਝੰਡਾ ਮਾਰਚ ਕਰਕੇ ਆਮ ਆਦਮੀ ਪਾਰਟੀ ਤੇ ਭਾਜਪਾ ਉਮੀਦਵਾਰ ਦਾ ਲੋਕ ਵਿਰੋਧੀ ਚਿਹਰਾ ਲੋਕਾਂ ਵਿੱਚ ਜਾ ਕੇ ਨੰਗਾ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਪ੍ਰਧਾਨ ਸਿਹਤ ਵਿਭਾਗ, ਰੇਸ਼ਮ ਸਿੰਘ ਤੇ ਗੁਰਪ੍ਰੀਤ ਸਿੰਘ ਸਿੱਧੂ ਬਰਜਿੰਦਰਾ ਕਾਲਜ, ਜਸਮੇਲ ਸਿੰਘ ਰਾਹੀ, ਨੀਲਾ ਸਿੰਘ, ਅਜੀਤ ਸਿੰਘ, ਬਲਦੇਵ ਸਿੰਘ ਅਹਿਲ, ਮਦਨ ਲਾਲ ਸ਼ਰਮਾ, ਮੇਜਰ ਸਿੰਘ ਜੌਹਲ, ਪ੍ਰਿੰਸੀਪਲ ਕ੍ਰਿਸ਼ਨ ਲਾਲ, ਗੁਰਮੀਤ ਸਿੰਘ ਜੈਤੋਂ, ਬਿਸਨ ਦਾਸ ਅਰੋੜਾ, ਅਮਰਜੀਤ ਸਿੰਘ ਵਾਲੀਆ, ਗੁਰਦੀਪ ਸਿੰਘ ਜੈਤੋ, ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਸੁਖਵਿੰਦਰ ਸਿੰਘ ਪ੍ਰਧਾਨ ਸਕਿਉਰਟੀ ਗਾਰਡ, ਪ੍ਰੀਤਮ ਸਿੰਘ ਖਜਾਨਾ ਦਫਤਰ, ਕੁਲਵੰਤ ਸਿੰਘ ਜੌਹਲ, ਸੁਖਚਰਨ ਸਿੰਘ ਤੇ ਗੁਰਦੀਪ ਭੋਲਾ, ਸੁਰਿੰਦਰ ਪਾਲ ਸਿੰਘ ਮਾਨ, ਜਰਨੈਲ ਸਿੰਘ ਤੇ ਜਗਵੰਤ ਸਿੰਘ ਬਰਾੜ ਮੁੱਖ ਅਧਿਆਪਕ ਤੇ ਮਲਕੀਤ ਸਿੰਘ ਭਾਣਾ ਆਦਿ ਹਾਜ਼ਰ ਸਨ।

# ਝੋਨੇ ਨੂੰ ਲੈ ਕੇ ਕਿਸਾਨਾਂ ਵੱਲੋਂ ਟੋਲ ਪਲਾਜ਼ਿਆਂ 'ਤੇ ਧਰਨੇ ਜਾਰੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਝੋਨੇ ਦੀ ਖਰੀਦ 'ਤੇ ਸਿਆਸੀ ਵੋਟ ਪਾਰਟੀਆਂ ਵੱਲੋਂ ਸਿਆਸੀ ਰੋਟੀਆਂ ਸੇਕਣੀਆਂ ਬੰਦ ਕਰਕੇ ਕਿਸਾਨਾਂ ਦੀ ਪੁੱਤਾਂ-ਧੀਆਂ ਵਾਂਗ ਪਾਲੀ ਫਸਲ ਝੋਨੇ ਦੀ ਖਰੀਦ ਤੇ ਚੁਕਾਈ ਦਾ ਹੱਲ ਕਰਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਠਿੰਡਾ ਜ਼ਿਲ੍ਹੇ ਵੱਲੋਂ ਚੱਲ ਰਹੇ ਮੋਰਚਿਆਂ ਵਿੱਚ ਅੱਜ ਦੇ ਮੁੱਖ ਬੁਲਾਰਿਆਂ ਸੂਬਾ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਹਰਜਿੰਦਰ ਸਿੰਘ ਬੱਗੀ, ਬਸੰਤ ਸਿੰਘ ਕੋਠਾਗੁਰੂ, ਜਗਦੇਵ ਸਿੰਘ ਜੋਗੇਵਾਲਾ, ਜਗਸੀਰ ਸਿੰਘ ਝੁੰਬਾ, ਹਰਿੰਦਰ ਬਿੰਦੂ ਤੇ ਮਾਲਣ ਕੌਰ ਕੋਠਾਗੁਰੂ ਨੇ ਕੀਤਾ।ਉਨ੍ਹਾਂ ਕਿਹਾ ਕਿ ਵਿਸ਼ਵ ਵਪਾਰ ਸੰਸਥਾ ਵੱਲੋਂ ਸਾਮਰਾਜੀ ਪੱਖੀ ਨੀਤੀਆਂ ਲਾਗੂ ਕਰਵਾਉਣ 'ਤੇ ਦਬਾਅ ਹੇਠ ਕੇਂਦਰ ਤੇ ਪੰਜਾਬ ਸਰਕਾਰ ਝੋਨੇ ਦੀ ਖਰੀਦ ਨਾਲ ਸਬੰਧਤ ਆੜ੍ਹਤੀਏ, ਸੈਲਰ ਮਾਲਕਾਂ ਤੇ ਟ੍ਰਾਂਸਪੋਰਟਰਾਂ ਦੇ ਮਸਲੇ ਹੱਲ ਨਹੀਂ ਕਰ ਰਹੀ, ਜਿਸ ਕਰਕੇ ਕਿਸਾਨ ਮੰਡੀਆਂ ਵਿੱਚ ਰੁਲ ਰਹੇ ਹਨ।ਇਨ੍ਹਾਂ ਨੀਤੀਆਂ ਰਾਹੀਂ ਕਾਰਪੋਰੇਟ ਘਰਾਣੇ ਐੱਮ ਐੱਸ ਪੀ ਤੇ ਸਰਕਾਰੀ ਖਰੀਦ ਬੰਦ ਕਰਨਾ ਚਾਹੁੰਦੇ ਹਨ ਅਤੇ ਖੁੱਲ੍ਹੀ ਮੰਡੀ ਰਾਹੀਂ ਅਨਾਜ ਸਸਤੇ ਰੇਟਾਂ 'ਤੇ ਖਰੀਦ ਕੇ ਪੂਰੇ ਅਨਾਜ ਭੰਡਾਰ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ, ਜਿਸ ਨਾਲ ਜਨਤਕ ਵੰਡ ਪ੍ਰਣਾਲੀ ਰਾਹੀਂ ਸਰਕਾਰੀ ਡੀਪੂਆਂ ਤੋਂ ਗਰੀਬਾਂ ਨੂੰ ਸਸਤੇ ਜਾਂ ਮੁਫਤ ਮਿਲਦੇ ਅਨਾਜ ਤੇ ਹੋਰ ਸਹੂਲਤਾਂ ਬੰਦ ਹੋ ਜਾਣਗੀਆਂ। ਐੱਮ ਐੱਸ ਪੀ ਤੇ ਸਰਕਾਰੀ ਖਰੀਦ ਬੰਦ ਹੋਣ ਨਾਲ ਜ਼ਮੀਨਾਂ 'ਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੋ ਜਾਵੇਗਾ।

ਕਿਸਾਨ ਆਗੂਆਂ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ 'ਤੇ ਕੀਤੀ ਸਖਤੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਝੋਨੇ ਦੀ ਪਰਾਲੀ ਦੇ ਸੰਭਾਲ ਦਾ ਪ੍ਰਬੰਧ ਕਰੇ ਜਾਂ ਝੋਨੇ 'ਤੇ 200 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਿਸਾਨਾਂ ਨੂੰ ਬੋਨਸ ਦਿੱਤਾ ਜਾਵੇ।ਡੀ ਏ ਪੀ ਦੀ ਬਿਨਾਂ ਸ਼ਰਤ ਨਿਰਵਿਘਨ ਸਪਲਾਈ ਦੀ ਗਰੰਟੀ ਕਰਨ ਦੀ ਮੰਗ 'ਤੇ ਵੀ ਜ਼ੋਰ ਦਿੱਤਾ।ਜ਼ਿਲ੍ਹਾ ਬਠਿੰਡਾ ਵੱਲੋਂ 17 ਅਕਤੂਬਰ ਤੋਂ ਚੱਲ ਰਹੇ ਮਸਲੇ ਦੇ ਹੱਲ ਲਈ ਚਾਰ ਬਠਿੰਡਾ-ਮਲੋਟ ਰੋਡ 'ਤੇ ਟੋਲ ਪਲਾਜਾ ਬੱਲੂਆਣਾ, ਬਠਿੰਡਾ-ਅੰਮ੍ਰਿਤਸਰ ਰੋਡ 'ਤੇ ਟੋਲ ਪਲਾਜਾ ਜੀਦਾ, ਬਠਿੰਡਾ-ਬਰਨਾਲਾ ਰੋਡ 'ਤੇ ਟੋਲ ਪਲਾਜਾ ਲਹਿਰਾ ਬੇਗਾ ਤੇ ਰਾਮਾ-ਰਾਮਪੁਰਾ ਰੋਡ 'ਤੇ ਟੋਲ ਪਲਾਜਾ ਸੇਖਪੁਰਾ ਟੋਲ ਫ੍ਰੀ ਕੀਤੇ ਹੋਏ ਅਤੇ ਆਮ ਆਦਮੀ ਪਾਰਟੀ ਦੇ ਮਾਸਟਰ ਜਗਸੀਰ ਸਿੰਘ ਹਲਕਾ ਭੁੱਚੋ, ਬਲਕਾਰ ਸਿੰਘ ਹਲਕਾ ਰਾਮਪੁਰਾ, ਸੁਖਵੀਰ ਸਿੰਘ ਮਾਈਸਰਖਾਨਾ ਹਲਕਾ ਮੌੜ, ਬਲਜਿੰਦਰ ਕੌਰ ਹਲਕਾ ਤਲਵੰਡੀ ਤੇ ਜਗਦੀਪ ਸਿੰਘ ਨਕਈ ਰਾਮਪੁਰਾ ਭਾਜਪਾ ਆਗੂ ਦੇ ਘਰਾਂ ਲਗਾਤਾਰ ਦਿਨ-ਰਾਤ ਦੇ ਮੋਰਚੇ ਜਾਰੀ ਹਨ।ਧਰਨੇ ਨੂੰ ਕ੍ਰਾਂਤੀਕਾਰੀ ਸੈਨਿਕ ਯੂਨੀਅਨ, ਨੌਜਵਾਨ ਭਾਰਤ ਸਭਾ ਤੇ ਡੀ ਟੀ ਐੱਫ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ।

# ਮਾਲਵਿੰਦਰ ਮਾਲੀ ਦੀ ਰਿਹਾਈ ਨੂੰ ਲੈ ਕੇ ਪੱਤਰਕਾਰ ਭਾਈਚਾਰਾ ਮੈਦਾਨ 'ਚ

## ਮਨੁੱਖੀ ਅਧਿਕਾਰ ਕਾਰਕੁਨਾਂ ਤੇ ਪ੍ਰੈੱਸ ਭਾਈਚਾਰੇ ਵੱਲੋਂ ਬਠਿੰਡਾ 'ਚ ਰੋਸ ਪ੍ਰਦਰਸ਼ਨ



**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ, ਬਖਤੌਰ ਢਿੱਲੋਂ)**-ਉੱਘੇ ਪੱਤਰਕਾਰ ਤੇ ਬੇਬਾਕ ਪੋਲੀਟੀਕਲ ਟਿੱਪਣੀਕਾਰ ਸ੍. ਮਾਲਵਿੰਦਰ ਸਿੰਘ ਮਾਲੀ ਦੀ ਫੌਰੀ ਰਿਹਾਈ ਦੀ ਮੰਗ ਨੂੰ ਲੈ ਕੇ ਬਠਿੰਡਾ ਜ਼ਿਲ੍ਹੇ ਦਾ ਸਮੁੱਚਾ ਪੱਤਰਕਾਰ ਭਾਈਚਾਰਾ ਤੇ ਮਨੁੱਖੀ ਅਧਿਕਾਰ ਸਭਾ ਵੱਲੋਂ ਜ਼ੋਰਦਾਰ ਰੋਸ ਪ੍ਰਦਰਸ਼ਨ ਕਰਦਿਆਂ ਸ੍. ਮਾਲੀ ਦੀ ਤੁਰੰਤ ਰਿਹਾਈ ਦੇ ਹੱਕ ਵਿੱਚ ਜ਼ੋਰਦਾਰ ਆਵਾਜ਼ ਚੁੱਕੀ ਗਈ ਹੈ।ਬਠਿੰਡਾ ਦੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਚੌਕ ਵਿਖੇ ਮੂੰਹਾਂ ਉੱਪਰ ਕਾਲੀਆਂ ਪੱਟੀਆਂ ਬੰਨ੍ਹ ਕੇ ਰੋਸ ਪ੍ਰਦਰਸ਼ਨ ਕਰਦਿਆਂ ਵੱਖ ਵੱਖ ਅਖਬਾਰਾਂ ਦੇ ਵੱਡੀ ਗਿਣਤੀ ਪ੍ਰਤੀਨਿਧਾਂ, ਰੇਡੀਓ-ਟੀ ਵੀ ਚੈਨਲਾਂ, ਪ੍ਰੈੱਸ ਫੋਟੋਗਰਾਫਰਾਂ ਤੇ ਮਨੁੱਖੀ ਅਧਿਕਾਰ ਸਭਾ ਦੇ ਬੁਲਾਰਿਆਂ ਨੇ ਕਿਹਾ ਕਿ ਵੱਖ ਵੱਖ ਪੱਧਰਾਂ ਤੇ ਵੱਖ ਵੱਖ ਸੰਕਟਾਂ ਵਿੱਚ ਘਿਰੀ ਪੰਜਾਬ ਦੀ ਭਗਵੰਤ ਮਾਨ ਸਰਕਾਰ ਸਰਕਰਦਾ ਮੀਡੀਆ ਤੇ ਮਨੁੱਖੀ ਅਧਿਕਾਰ ਕਾਰਕੁਨਾਂ ਦੀ ਜ਼ੁਬਾਨਬੰਦੀ ਕਰਨ ਉੱਪਰ ਉੱਤਰ ਆਈ ਹੈ।ਬੁਲਾਰਿਆਂ ਨੇ ਕਿਹਾ ਕਿ ਸ੍. ਮਾਲਵਿੰਦਰ ਸਿੰਘ ਮਾਲੀ ਲੰਮੇ ਸਮੇਂ ਤੋਂ ਵੱਖ ਵੱਖ ਸਰਕਾਰਾਂ ਮੌਕੇ ਵਾਪਰਦੇ ਚੰਗੇ-ਮੰਦੇ ਵਰਤਾਰਿਆਂ ਉੱਪਰ ਆਪਣੀਆਂ ਸਿਆਸੀ ਟਿੱਪਣੀਆਂ ਕਰਦੇ ਰਹਿਣ ਵਾਲੇ ਉਸ ਬੇਬਾਕ ਟਿੱਪਣੀਕਾਰ ਵਜੋਂ ਜਾਣੇ ਜਾਂਦੇ ਹਨ, ਜਿਨ੍ਹਾਂ ਟਿੱਪਣੀਆਂ ਜਾਂ ਸਮਾਜ ਦੇ ਮਾਰੂ ਵਰਤਾਰਿਆਂ ਖਿਲਾਫ ਆਵਾਜ਼ ਬੁਲੰਦ ਕਰਨ ਦੀ ਸਾਡਾ ਸੰਵਿਧਾਨ ਆਗਿਆ ਦਿੰਦਾ ਹੈ।ਬੁਲਾਰਿਆਂ ਕਿਹਾ ਕਿ ਭਾਵੇਂ ਸ੍. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਆਪ ਦਹਾਕਿਆਂ ਬੱਧੀ ਸਿਆਸੀ ਟਿੱਪਣੀਆਂ ਤੇ ਤਿੱਖੇ ਕਟਾਖਸ਼ ਹਰ ਰੰਗ ਦੀਆਂ ਸਰਕਾਰਾਂ ਮੌਕੇ ਖੁਦ ਕਰਦੇ ਰਹੇ ਹਨ, ਪ੍ਰੰਤੂ ਉਨ੍ਹਾਂ ਦੀ ਸਰਕਾਰ ਦੇ ਚਲਦਿਆਂ ਵੀ ਜੇਕਰ ਮਨੁੱਖੀ ਹੱਕ ਤੇ ਅਧਿਕਾਰ ਪੁਲਸੀਆ ਡੰਡੇ ਦੇ ਜ਼ੋਰ ਨਾਲ ਕੁਚਲੇ ਜਾ ਰਹੇ ਹਨ ਤਾਂ ਇਸ ਦੀ ਕੀਮਤ ਭਗਵੰਤ ਮਾਨ ਸਰਕਾਰ ਨੂੰ ਵੀ ਚਕਾਉਣੀ ਪੈ ਸਕਦੀ ਹੈ।

ਇਸ ਮੌਕੇ ਬਠਿੰਡਾ ਪ੍ਰੈੱਸ ਕਲੱਬ ਦੇ ਪ੍ਰਧਾਨ ਬਖਤੌਰ ਸਿੰਘ ਢਿੱਲੋਂ, ਉੱਘੇ ਲੇਖਕ ਪ੍ਰੋ: ਰਾਜਪਾਲ ਸਿੰਘ, ਸਵਰਨ ਸਿੰਘ ਦਾਨੇਵਾਲੀਆ, ਸੁਖਨੈਬ ਸਿੰਘ ਸਿੱਧੂ, ਬਰਜਿੰਦਰ ਸਿੰਘ ਜੌੜਾ, ਬਲਵਿੰਦਰ ਭੁੱਲਰ, ਜਗਦੀਪ ਗਿੱਲ, ਜਗਜੀਤ ਸਿੱਧੂ, ਹਰਭਜਨ ਸਿੰਘ, ਬਲਵੀਰ ਬੀਰਾ ਤੇ ਰੇਸ਼ਮ ਵੱਡਾ ਗੁੜਾ ਤੋਂ ਇਲਾਵਾ ਪੰਜਾਬ ਸਟੂਡੈਂਟਸ ਯੂਨੀਅਨ ਦੇ ਫਾਊਂਡਰ ਪ੍ਰਧਾਨ ਬਰਜਿੰਦਰ ਸਿੰਘ ਬਰਾੜ, ਸ੍. ਭੋਲਾ ਸਿੰਘ ਗਿੱਲ ਪੱਤੀ, ਜਗਦੇਵ ਸਿੰਘ ਜੱਗਾ ਸਾਬਕਾ ਸੰਪਾਦਕ ਪ੍ਰਚੰਡ ਮੈਗਜ਼ੀਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੱਤਰਕਾਰ ਭਾਈਚਾਰਾ ਤੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਮੌਜੂਦ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਰਪੰਚ ਲਖਮੀਰਵਾਲਾ ਨਾਲ ਕੀਤਾ ਦੁੱਖ ਸਾਂਝਾ



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**

ਬੀਤੇ ਦਿਨੀਂ ਪਿੰਡ ਲਖਮੀਰਵਾਲਾ ਤੋਂ ਸਰਪੰਚ ਸਰਦਾਰ ਮਨਿੰਦਰ ਸਿੰਘ ਜੀ ਦੇ ਪਿਤਾ ਸ੍. ਗਿਆਨ ਸਿੰਘ ਅਚਾਨਕ ਚਲਾਣਾ ਕਰ ਗਏ ਸਨ, ਪੰਜਾਬ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਉਨ੍ਹਾਂ ਦੇ ਘਰ ਅਫਸੋਸ ਕਰਨ ਲਈ ਪਹੁੰਚੇ। ਅਮਨ ਅਰੋੜਾ ਨੇ ਅਫਸੋਸ ਕਰਦੇ ਹੋਏ ਕਿਹਾ ਕਿ ਮਨ ਨੂੰ ਬਹੁਤ ਦੁੱਖ ਪਹੁੰਚਿਆ, ਸਾਨੂੰ ਹਮੇਸ਼ਾ ਹੀ ਬਜ਼ੁਰਗਾਂ ਦੀ ਲੋੜ ਹੁੰਦੀ ਹੈ। ਸਾਡੇ ਸਿਰਾਂ ਉੱਪਰ ਹੱਥ ਬਜ਼ੁਰਗਾਂ ਦਾ ਹਰ ਵਕਤ ਲੋੜੀਂਦਾ ਹੈ। ਮਨਿੰਦਰ ਸਿੰਘ ਨੂੰ ਇੱਕ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਤੇ ਵਾਹਿਗੁਰੂ ਉੱਪਰ ਭਰੋਸਾ ਰੱਖਣ ਦੀ ਗੱਲ ਆਖੀ।

ਇਸ ਸਮੇਂ ਸੁਖਜਿੰਦਰ ਸਿੰਘ ਧਾਲੀਵਾਲ, ਗੁਰਦੀਪ ਸਿੰਘ ਰਿੰਪਲ, ਕੋਆਪ੍ਰੇਟਿਵ ਸੋਸਾਇਟੀ ਪ੍ਰਧਾਨ ਪੁਸ਼ਪਿੰਦਰ ਸਿੰਘ ਧਾਲੀਵਾਲ, ਪੰਚਾਇਤ ਮੈਂਬਰ ਹਰਵਿੰਦਰ ਸਿੰਘ ਕਾਕਾ, ਡਾਕਟਰ ਅਜੇ ਵੀਰ ਸਿੰਘ, ਕਰਨਵੀਰ ਸਿੰਘ, ਐਡਵੋਕੇਟ ਪਰਮਪਾਲ ਸਿੰਘ ਧਾਲੀਵਾਲ, ਸੁਖਬੀਰ ਸਿੰਘ ਸੁੱਖੀ, ਗੁਰਮੈਕ ਸਿੰਘ, ਨਵਤਾਜ ਸਿੰਘ ਹਾਜ਼ਰ ਸਨ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ



**ਮੁੱਲਾਂਪੁਰ ਦਾਖਾਂ (ਗੁਰਮੇਲ ਮੈਲਡੇ)**-ਇੱਥੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਜੁਆਇੰਟ ਫਰੰਟ ਜ਼ਿਲ੍ਹਾ ਲੁਧਿਆਣਾ ਵੱਲੋਂ ਡੀ ਸੀ ਦਫਤਰ ਸਾਹਮਣੇ ਭਾਰੀ ਗਿਣਤੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੈਨਸ਼ਨ ਭਵਨ ਤੋਂ ਭਾਈਵਾਲਾ ਚੌਕ ਤੱਕ ਪੁਤਲਾ ਚੁੱਕ ਕੇ ਡੀ ਸੀ ਦਫਤਰ ਸਾਹਮਣੇ ਅਗਨ ਭੇਟ ਕੀਤਾ ਗਿਆ।ਇਸ ਸਮੇਂ ਸ੍ਰੀ ਸੁਸ਼ੀਲ ਕੁਮਾਰ, ਗੁਰਮੇਲ ਸਿੰਘ ਮੈਲਡੇ, ਦਲੀਪ ਸਿੰਘ, ਚਰਨ ਸਿੰਘ ਸਰਾਭਾ, ਹਰਜੀਤ ਸਿੰਘ ਗਰੇਵਾਲ, ਨਿਰਮਲ ਸਿੰਘ ਲਲਤੋਂ, ਹਰਵੰਤ ਸਿਘ ਮਾਂਗਟ ਨੇ ਕਿਹਾ ਕਿ ਪੰਜਾਬ ਸਰਕਾਰ ਕੇਵਲ 38% ਡੀ.ਏ. ਦੇ ਰਹੀ ਹੈ, ਜਦੋਂਕਿ ਕੇਂਦਰ ਸਰਕਾਰ ਗੁਆਂਢੀ ਰਾਜ 53% ਡੀ. ਏ. ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਭੁਗਤਾਨ ਕਰ ਰਹੀਆਂ ਹਨ।ਪੈਨਸ਼ਨ ਸੋਧ ਫਾਰਮੂਲਾ ਦਾ ਫੈਕਟਰ 2.59 ਪੰਜਾਬ ਪੇ-ਕਮਿਸ਼ਨ ਵੱਲੋਂ ਸਿਫਾਰਸ਼ ਕੀਤਾ ਗਿਆ, ਪਰ ਇਸ ਨੂੰ ਸਰਕਾਰ ਲਾਗੂ ਨਹੀਂ ਕਰ ਰਹੀ।ਪੇ-ਕਮਿਸ਼ਨ ਦਾ 01-01-2016 ਤੋਂ 30-06-2021 ਤੱਕ ਦਾ ਏਰੀਅਰ ਕੋਰਟ ਵੱਲੋਂ ਦਿੱਤੇ ਗਏ ਨਿਰਦੇਸ਼ ਤੋਂ ਵੀ ਪੰਜਾਬ ਸਰਕਾਰ ਇਨਕਾਰੀ ਹੈ।ਪੁਰਾਣੀ ਪੈਨਸ਼ਨ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕਰਕੇ ਢੰਗ ਟਪਾ ਰਹੀ ਹੈ।ਮੁੱਖ ਮੰਤਰੀ ਪੰਜਾਬ ਤੇ ਉਸ ਵੱਲੋਂ ਬਣਾਈ ਗਈ ਸਬ-ਕਮੇਟੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸੰਘਰਸ਼ ਸਮੇਂ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਕਰਨ ਤੋਂ ਭੱਜ ਜਾਂਦੇ ਹਨ।ਤਿਉਹਾਰਾਂ ਦੇ ਸਮੇਂ ਵੀ ਭਗਵੰਤ ਸਿੰਘ ਮਾਨ ਸਰਕਾਰ ਕੋਈ ਮੰਗ ਪੂਰੀ ਨਹੀਂ ਕਰ ਰਹੀ।ਕੇਵਲ ਟਾਲ-ਮਟੋਲ ਕਰ ਰਹੀ ਹੈ।

ਇਸ ਲਈ ਮੁਲਜ਼ਮਾਂ ਤੇ ਪੈਨਸ਼ਰਨਾਂ ਵਿੱਚ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ।ਪੁਤਲਾ ਫੂਕਣ ਸਮੇਂ ਗੁਰਚਰਨ ਸਿੰਘ ਦੁੱਗਾ, ਚਰਨਜੀਵ ਪ੍ਰਕਾਸ਼, ਸਤੀਸ਼ ਸਚਦੇਵਾ, ਮਨਜੀਤ ਸਿੰਘ ਮਨਸੂਰਾਂ, ਹਰਜਿੰਦਰ ਸਿੰਘ ਸੀਲੋ, ਕੇਵਲ ਸਿੰਘ, ਚਮਕੌਰ ਸਿੰਘ ਵਰਮੀ, ਅਮਿਤ ਅਰੋੜਾ, ਸੁਰਿੰਦਰਪਾਲ ਸਿੰਘ, ਪਵਨ ਕੁਮਾਰ, ਸੰਜੀਵ ਭਾਗਰਵ, ਸ਼ਾਮ ਸੁੰਦਰ, ਧੀਰਜ ਸਿੰਘ, ਪਵਿੱਤਰ ਸਿੰਘ, ਧੀਰ ਸਿੰਘ, ਜਸਵੰਤ ਸਿੰਘ, ਮੇਜਰ ਸਿੰਘ ਨੱਤ, ਰਣਧੀਰ ਸਿੰਘ ਧੀਰਾ ਆਦਿ ਆਗੂ ਸ਼ਾਮਲ ਸਨ।

# ਤੀਰਅੰਦਾਜ਼ੀ 'ਚ ਭਾਈ ਮਸਤਾਨ ਸਿੰਘ ਸਕੂਲ ਦੀ ਨੈਸ਼ਨਲ ਲਈ ਚੋਣ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿਛਲੇਂ ਦਿਨੀਂ ਪਟਿਆਲਾ ਵਿਖੇ ਹੋਈਆਂ 68ਵੀਆਂ ਅੰਡਰ ਜ਼ਿਲ੍ਹਾ ਸਕੂਲ ਖੇਡਾਂ ਵਿੱਚ ਭਾਈ ਮਸਤਾਨ ਸਿੰਘ ਪਬਲਿਕ ਸਕੂਲ ਸ੍ਰੀ ਮੁਕਤਸਰ ਸਾਹਿਬ ਦੇ ਖਿਡਾਰੀਆਂ ਦੇ ਤੀਰਅੰਦਾਜ਼ੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਸਦਕਾ ਉਨ੍ਹਾਂ ਦੀ ਚੋਣ ਨੈਸ਼ਨਲ ਸਕੂਲ ਖੇਡਾਂ ਲਈ ਹੋਈ।ਅੰਡਰ-19 ਲੜਕੀਆਂ ਟੀਮ ਤੀਰਅੰਦਾਜ਼ੀ ਵਿੱਚ ਤਨੂਰੀਤ ਕੌਰ, ਹਰਜਸ਼ਨ ਕੌਰ ਤੇ ਹਰਲੀਨ ਕੌਰ ਨੇ ਸੋਨ ਤਮਗਾ ਜਿੱਤੇ ਕੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਵਿਅਕਤੀਗਤ ਤੌਰ 'ਤੇ ਤਨੂਰੀਤ ਕੌਰ ਨੇ ਚਾਂਦੀ ਤਮਗਾ ਅਤੇ ਹਰਲੀਨ ਕੌਰ ਨੇ ਕਾਂਸੀ ਦਾ ਤਮਗਾ ਜਿੱਤੇ ਕੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਅੰਡਰ-14 ਲੜਕੀਆਂ ਵਿੱਚ ਬਖਸ਼ੀਸ਼ ਕੌਰ ਨੇ ਚਾਂਦੀ ਤਮਗਾ ਜਿੱਤ ਕੇ ਦੂਜਾ ਸਥਾਨ ਪ੍ਰਾਪਤ ਕੀਤਾ।ਅੰਡਰ-17 ਲੜਕੇ ਵਿੱਚ ਅਰਨਵ ਚੋਪੜਾ ਨੇ ਕਾਂਸੀ ਦਾ ਤਮਗਾ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸਕੂਲ ਦੀਆਂ ਤਿੰਨੋਂ ਵਿਦਿਆਰਥਣਾਂ ਤਨੂਰੀਤ ਕੌਰ, ਹਰਲੀਨ ਕੌਰ ਤੇ ਬਖਸ਼ੀਸ਼ ਕੌਰ ਨੂੰ ਗੁਜਰਾਤ ਵਿੱਚ ਹੋਣ ਵਾਲੀਆਂ ਨੈਸ਼ਨਲ ਸਕੂਲ ਖੇਡਾਂ ਲਈ ਚੁਣਿਆ ਗਿਆ। ਵਿਦਿਆਰਥਣਾਂ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਸਕੂਲ ਦੇ ਸੰਸਥਾਪਕ ਮਹੰਤ ਕਸ਼ਮੀਰ ਸਿੰਘ ਤੇ ਪ੍ਰਿੰਸੀਪਲ ਮੁਨੀਸ਼ ਚੋਪੜਾ ਨੇ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਕੁੜੀਆਂ ਹਰ ਖੇਤਰ ਵਿੱਚ ਮੋਹਰੀ ਬਣ ਕੇ ਅੱਗੇ ਆ ਰਹੀਆਂ ਹਨ।ਇਸ ਮੌਕੇ ਤੀਰਅੰਦਾਜ਼ੀ ਦੇ ਕੋਚ ਰਮਨਦੀਪ ਕੌਰ ਹਾਜ਼ਰ ਸਨ।

# ਝੋਨੇ ਦੀ ਨਿਰਵਿਘਨ ਖਰੀਦ ਨੂੰ ਲੈ ਕੇ ਏਕਤਾ ਉਗਰਾਹਾਂ ਵੱਲੋਂ ਪੱਕੇ ਮੋਰਚੇ ਜਾਰੀ

**■ ਭਲਕੇ ਜ਼ਿਲ੍ਹਾ ਪੱਧਰ 'ਤੇ ਕੀਤੇ ਜਾਣਗੇ ਮੋਦੀ/ਕਾਰਪੋਰੇਟਾਂ ਦੇ ਪੁਤਲਾ ਫੂਕ ਮੁਜ਼ਾਹਰੇ**



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਝੋਨੇ ਦੀ ਨਿਰਵਿਘਨ ਖ੍ਰੀਦ ਤੇ ਚੁਕਾਈ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਟੋਲ ਪਰਚੀ ਮੁਕਤ 12 ਦਿਨਾਂ ਤੋਂ ਅਤੇ ਮੁੱਖ ਮੰਤਰੀ ਸਮੇਤ ਆਪ ਤੇ ਭਾਜਪਾ ਦੇ ਸਿਆਸੀ ਆਗੂਆਂ ਦੇ ਘਰਾਂ/ਦਫ਼ਤਰਾਂ ਅੱਗੇ 11 ਦਿਨਾਂ ਤੋਂ ਚੱਲ ਰਹੇ 52 ਪੱਕੇ ਮੋਰਚੇ ਅੱਜ ਵੀ ਜਾਰੀ ਰਹੇ।ਇਹ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕੇਂਦਰੀ ਤੇ ਪੰਜਾਬ ਦੇ ਮੰਤਰੀਆਂ ਵੱਲੋਂ ਵਾਰ ਵਾਰ ਝੋਨੇ ਦਾ ਦਾਣਾ ਦਾਣਾ ਖ੍ਰੀਦਨ ਬਾਰੇ ਦਾਗੇ ਜਾ ਰਹੇ ਬਿਆਨਾਂ ਨੂੰ ਸਰਾਸਰ ਥੋਥੇ ਕਰਾਰ ਦਿੱਤਾ ਹੈ।ਉਨ੍ਹਾਂ ਦੱਸਿਆ ਕਿ ਜਥੇਬੰਦੀ ਦੇ ਫੈਸਲੇ ਅਨੁਸਾਰ ਕੱਲ੍ਹ ਨੂੰ ਪੰਜਾਬ ਦੀਆਂ 37 ਕਿਸਾਨ ਜਥੇਬੰਦੀਆਂ ਵੱਲੋਂ ਡੀ ਸੀ ਦਫ਼ਤਰਾਂ ਦੇ ਘਿਰਾਓ ਦੇ ਸੱਦੇ ਨਾਲ਼ ਤਾਲਮੇਲਵੇਂ ਰੂਪ ਵਿੱਚ ਮੋਦੀ/ਕਾਰਪੋਰੇਟਾਂ ਦੇ ਜ਼ਿਲ੍ਹਾ ਪੱਧਰੀ ਪੁਤਲਾ ਫੂਕ ਮੁਜ਼ਾਹਰੇ ਕੀਤੇ ਜਾਣਗੇ।ਰਿਪੋਰਟਾਂ ਅਨੁਸਾਰ ਅਜੇ ਵੀ ਮੰਡੀਆਂ ਵਿੱਚ ਬਹੁਤ ਅੜਚਨਾਂ ਜਾਰੀ ਹਨ।ਮਿਸਾਲ ਵਜੋਂ ਮੰਡੀਆਂ ਵਿੱਚ ਸ਼ੈਲਰ ਮਾਲਕਾਂ ਦੀਆਂ ਨਮੀ ਪਰਖਣ ਵਾਲੀਆਂ ਨਿੱਜੀ ਮਸ਼ੀਨਾਂ ਦੀ ਵਰਤੋਂ ਰਾਹੀਂ ਝੋਨੇ ਦੀ ਖ੍ਰੀਦ ਵਿੱਚ ਖਾਹਮਖਾਹ ਅੜਿੱਕੇ ਖੜ੍ਹੇ ਕੀਤੇ ਜਾ ਰਹੇ ਹਨ। ਚੁਕਾਈ ਦਾ ਕੰਮ ਵੀ ਨਾਮਾਤਰ ਹੀ ਹੋ ਰਿਹਾ ਹੈ, ਜਦੋਂ ਕਿ ਅੱਧਿਓਂ ਵੱਧ ਝੋਨਾ ਅਜੇ ਖੇਤਾਂ ਵਿੱਚ ਹੀ ਖੜ੍ਹਾ ਹੈ।ਪਟਿਆਲਾ ਮੰਡੀ ਵਿੱਚ ਭਾਜਪਾ ਆਗੂ ਪ੍ਰਨੀਤ ਕੌਰ ਦੇ ਘਿਰਾਓ ਮੌਕੇ ਅੱਜ ਪੁਲਸ ਵੱਲੋਂ ਧੱਕਾ ਮੁੱਕੀ ਸਮੇਂ ਕੁੱਝ ਕਿਸਾਨਾਂ ਦੀਆਂ ਪੱਗਾਂ ਵੀ ਲਾਹ ਸੁੱਟੀਆਂ ਗਈਆਂ।ਪਿੰਡ ਜੇਠੂਕੇ ਦੀ ਮੰਡੀ ਵਿੱਚ ਅੱਜ ਆਪ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ ਦਾ ਘਿਰਾਓ ਵੀ ਕੀਤਾ ਗਿਆ।ਮੋਰਚਿਆਂ ਵਿੱਚ ਬੁਲਾਰਿਆਂ ਨੇ ਝੋਨੇ ਦੀ ਨਿਰਵਿਘਨ ਖ੍ਰੀਦ ਤੇ ਚੁਕਾਈ ਸਮੇਤ ਪਰਾਲ਼ੀ ਅਤੇ ਡੀ ਏ ਪੀ ਬਾਰੇ ਮੰਗਾਂ ਦੇ ਵੇਰਵੇ ਦੇ ਕੇ ਇਹ ਮੰਗਾਂ ਤੁਰੰਤ ਮੰਨਣ ਉੱਤੇ ਜ਼ੋਰ ਦਿੱਤਾ ਅਤੇ ਐਲਾਨ ਕੀਤਾ ਕਿ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿੱਚ ਇਹ ਮੋਰਚੇ ਲਗਾਤਾਰ ਜਾਰੀ ਰੱਖੇ ਜਾਣਗੇ।

ਕਿਸਾਨ ਆਗੂਆਂ ਨੇ ਉਨ੍ਹਾਂ ਦੀਆਂ ਹੱਕੀ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਨ ਲਈ ਕੇਂਦਰ ਤੇ ਪੰਜਾਬ ਦੀਆਂ ਦੋਨਾਂ ਸਰਕਾਰਾਂ ਨੂੰ ਦੋਸ਼ੀ ਠਹਿਰਾਇਆ, ਜਿਹੜੀਆਂ ਛੋਟੇ ਦਰਮਿਆਨੇ ਕਿਸਾਨਾਂ ਨੂੰ ਆਰਥਿਕ ਪੱਖੋਂ ਤਬਾਹ ਕਰਕੇ ਜ਼ਮੀਨਾਂ ਹਥਿਆਉਣ ਵਾਲੀ ਸੰਸਾਰ ਵਪਾਰ ਸੰਸਥਾ ਦੀ ਕਾਰਪੋਰੇਟ ਪੱਖੀ ਖੁੱਲ੍ਹੀ ਮੰਡੀ ਦੀ ਨੀਤੀ ਮੜ੍ਹਨ 'ਤੇ ਤੁਲੀਆਂ ਹੋਈਆਂ ਹਨ।ਬੁਲਾਰਿਆਂ ਵੱਲੋਂ ਸਮੂਹ ਪਿੰਡਾਂ ਦੇ ਕਿਸਾਨਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਗਿਆ ਕਿ ਸਰਕਾਰਾਂ ਦੇ ਇਸ ਕਿਸਾਨ ਮਾਰੂ ਤੇ ਕਾਰਪੋਰੇਟ ਪੱਖੀ ਹਮਲੇ ਨੂੰ ਮਾਤ ਦੇਣ ਲਈ ਪੱਕੇ ਮੋਰਚਿਆਂ ਵਿੱਚ ਪੂਰੇ ਜੋਸ਼ ਤੇ ਧੜੱਲੇ ਨਾਲ ਵੱਧ ਤੋਂ ਵੱਧ ਗਿਣਤੀ 'ਚ ਪ੍ਰਵਾਰਾਂ ਸਮੇਤ ਕਾਫ਼ਲੇ ਬੰਨ੍ਹ ਕੇ ਪੁੱਜਿਆ ਜਾਵੇ।ਅੱਜ ਦੇ ਸਮੂਹ ਮੋਰਚਿਆਂ ਵਿੱਚ ਕਿਸਾਨਾਂ ਮਜ਼ਦੂਰਾਂ ਦੇ ਇਕੱਠਾਂ ਨੂੰ ਸੰਬੋਧਨ ਕਰਨ ਵਾਲੇ ਮੁੱਖ ਬੁਲਾਰਿਆਂ ਵਿੱਚ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਹਰਦੀਪ ਸਿੰਘ ਟੱਲੇਵਾਲ, ਜਗਤਾਰ ਸਿੰਘ ਕਾਲਾਝਾੜ, ਜਨਕ ਸਿੰਘ ਭੁਟਾਲ, ਹਰਿੰਦਰ ਕੌਰ ਬਿੰਦੂ, ਕਮਲਜੀਤ ਕੌਰ ਬਰਨਾਲਾ ਅਤੇ ਕੁਲਦੀਪ ਕੌਰ ਕੁੱਸਾ ਤੋਂ ਇਲਾਵਾ ਸੰਬੰਧਤ ਜ਼ਿਲ੍ਹਾ ਤੇ ਬਲਾਕ ਪੱਧਰਾਂ ਦੇ ਸੈਂਕੜੇ ਆਗੂ ਸ਼ਾਮਲ ਸਨ।

# ਐਡਵੋਕੇਟ ਧਾਮੀ ਦਾ ਚੌਥੀ ਵਾਰ ਪ੍ਰਧਾਨ ਚੁਣਿਆ ਜਾਣਾ ਮਾਣ ਵਾਲੀ ਗੱਲ : ਪ੍ਰੋ. ਬਡੂੰਗਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੌਥੀ ਵਾਰ ਪ੍ਰਧਾਨ ਬਣੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਮੁੜ ਚੁਣੇ ਜਾਣ 'ਤੇ ਵਧਾਈ ਦਿੰਦਿਆਂ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਅੱਜ ਆਪਣਾ ਕੀਮਤੀ ਮੱਤਦਾਨ ਦੇ ਕੇ ਇਕ ਦੂਰਦਰਸ਼ੀ ਤੇ ਸੂਝਵਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਮੁੜ ਚੋਣ ਕੀਤੀ ਹੈ। ਉਨ੍ਹਾ ਕਿਹਾ ਕਿ ਪਿਛਲੇ ਸਮੇਂ ਵਿਚ ਐਡਵੋਕੇਟ ਧਾਮੀ ਨੇ ਸਿੱਖਾਂ ਦੀ ਸਿਰਮੌਰ ਸੰਸਥਾ ਦਾ ਬਤੌਰ ਪ੍ਰਧਾਨ ਰਹਿੰਦਿਆਂ ਧਰਮ ਦੇ ਪ੍ਰਚਾਰ ਪ੍ਰਸਾਰ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਅਤੇ ਅੱਜ ਵੀ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਐਡਵੋਕੇਟ ਧਾਮੀ 'ਤੇ ਪ੍ਰਗਟ ਕੀਤਾ ਭਰੋਸਾ ਤੇ ਵਿਸ਼ਵਾਸ ਇਸ ਗੱਲ ਦੀ ਤਾਕੀਦ ਕਰਦਾ ਹੈ ਕਿ ਗੁਰੂ ਸਾਹਿਬਾਨ ਦੇ ਫ਼ਲਸਫੇ ਤੇ ਧਰਮ ਦੇ ਖੇਤਰ ਵਿੱਚ ਹੋਰ ਵੀ ਵੱਡਮੁੱਲੇ ਕਾਰਜ ਹੁੰਦੇ ਨਜ਼ਰ ਆਉਣਗੇ।ਪ੍ਰੋ. ਬਡੂੰਗਰ ਨੇ ਕਿਹਾ ਕਿ ਇਸ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਚੁਣੀ ਗਈ ਅੰਤ੍ਰਿੰਗ ਕਮੇਟੀ ਦੇ ਮੈਂਬਰ ਵੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੂੰ ਨਿਰਵਿਘਨ ਤੇ ਨਿਰਵਿਰੋਧ ਸਾਲ 2024-2025 ਲਈ ਚੁਣ ਲਿਆ ਗਿਆ ਹੈ।ਪ੍ਰੋ. ਬਡੂੰਗਰ ਨੇ ਕਿਹਾ ਕਿ ਇਸ ਅੰਤ੍ਰਿੰਗ ਕਮੇਟੀ ਵਿੱਚ ਸ੍. ਸੁਰਜੀਤ ਸਿੰਘ ਗੜ੍ਹੀ ਨੂੰ ਅੰਤ੍ਰਿੰਗ ਕਮੇਟੀ ਮੈਂਬਰ ਲਿਆ ਜਾਣਾ ਵੀ ਸ਼ਾਲਾਘਾਯੋਗ ਹੈ।ਉਨ੍ਹਾਂ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੂੰ ਵੀ ਮੁਬਾਰਕਬਾਦ ਦਿੱਤੀ।

# ਝੋਨੇ ਦੀ ਬੇਕਦਰੀ ਲਈ ਸਰਕਾਰ ਜ਼ਿੰਮੇਵਾਰ : ਡਾ. ਅਮਰ ਸਿੰਘ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਵਿੱਚ ਝੋਨੇ ਦੀ ਵਿਕਰੀ ਤੇ ਚੁਕਾਈ ਸਮੇਂ ਸਿਰ ਨਾ ਹੋਣ ਕਾਰਨ ਕਿਸਾਨਾਂ ਨੂੰ ਹੋ ਰਹੀ ਪ੍ਰੇਸ਼ਾਨੀ ਲਈ ਮੁੱਖ ਤੌਰ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਜ਼ਿੰਮੇਵਾਰ ਹੈ। ਇਹ ਵਿਚਾਰ ਅਨਾਜ ਮੰਡੀ ਦਾ ਦੌਰਾ ਕਰਨ ਵੇਲੇ ਪਾਰਲੀਮੈਂਟ ਹਲਕਾ ਫਤਿਹਗੜ੍ਹ ਸਾਹਿਬ ਦੇ ਸੰਸਦ ਮੈਂਬਰ ਡਾ. ਅਮਰ ਸਿੰਘ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨੇ ਸਮਾਂ ਰਹਿੰਦਿਆਂ ਕਾਰਵਾਈ ਨਹੀਂ ਕੀਤੀ, ਜਿਸਦਾ ਖਮਿਆਜਾ ਪੰਜਾਬ ਦਾ ਕਿਸਾਨ ਆਪਣੀ ਫਸਲ ਵੇਚਣ ਲਈ ਮੰਡੀਆਂ ਵਿੱਚ ਰੁਲ ਕੇ ਭੁਗਤ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਝੋਨੇ ਦੀ ਚੁਕਾਈ ਦੇ ਮਕਸਦ ਨੂੰ ਲੈ ਕੇ ਕੇਂਦਰ ਕੋਲ 14 ਅਕਤੂਬਰ ਨੂੰ ਗਿਆ, ਜਦਕਿ ਉਨ੍ਹਾਂ ਨੂੰ ਇਸ ਕੰਮ ਲਈ ਕੇਂਦਰ ਕੋਲ 14 ਅਗਸਤ ਨੂੰ ਸਮੇਂ ਤੋਂ ਪਹਿਲਾਂ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਦਰਮਿਆਨ ਤਾਲਮੇਲ ਦੀ ਘਾਟ ਕਾਰਨ ਚੌਲਾਂ ਲਈ ਗੋਦਾਮ ਖਾਲੀ ਨਹੀਂ ਹੋਏ, ਜਿਸ ਕਾਰਨ ਮੰਡੀਆਂ 'ਚ ਝੋਨੇ ਦੀਆਂ ਬੋਰੀਆਂ ਦੇ ਢੇਰ ਲੱਗ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜੇਕਰ ਕਿਸਾਨਾਂ ਦਾ ਹਿਤ ਚਾਹੁੰਦੀ ਤਾਂ ਉਸਦੇ 92 ਵਿਧਾਇਕ ਦਿੱਲੀ ਜਾ ਕੇ ਧਰਨਾ ਲਾਉਂਦੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੁਦ ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਕੇਂਦਰ ਸਰਕਾਰ ਤੇ ਦੋਸ ਮੜ੍ਹ ਰਹੀ ਹੈ, ਜਦਕਿ ਦੋਵੇਂ ਸਰਕਾਰਾਂ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਵੇਲੇ ਹਾਲਾਤ ਇਹ ਨੇ ਕਿ ਕਿਸਾਨ, ਆੜ੍ਹਤੀਏ ਤੇ ਲੇਬਰ ਸਰਕਾਰ ਦੀ ਕਾਰਗੁਜ਼ਾਰੀ ਤੋਂ ਬਹੁਤ ਤੰਗ ਹਨ। ਉਨ੍ਹਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਤਨਜ਼ ਕੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਖੰਨਾ ਮੰਡੀ ਵਿੱਚ ਆਉਣ ਦੀ ਬਜਾਏ ਮਸਲੇ ਦੇ ਹੱਲ ਲਈ ਪ੍ਰਧਾਨ ਮੰਤਰੀ ਕੋਲ ਜਾਣਾ ਚਾਹੀਦਾ ਸੀ। ਉਨ੍ਹਾਂ ਆਪਣੇ ਸੰਸਦੀ ਹਲਕੇ ਦੀਆਂ ਸਾਰੀਆਂ ਮੰਡੀਆਂ ਦਾ ਦੌਰਾ ਕੀਤਾ ਹੈ। ਉਨ੍ਹਾਂ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਆਲਮਦੀਪ ਸਿੰਘ ਮੱਲਮਜਰਾ ਤੇ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਆਗੂਆਂ ਦੀ ਬਦੌਲਤ ਸਮਰਾਲਾ ਮੰਡੀ ਬਿਹਤਰ ਢੰਗ ਨਾਲ ਚਲ ਰਹੀ ਹੈ, ਜਿਨ੍ਹਾਂ ਨੇ ਨਿੱਜੀ ਕੋਸ਼ਿਸ਼ਾਂ ਕਰਕੇ ਮੰਡੀ ਦਾ ਕੰਮ ਸੁਚਾਰੂ ਢੰਗ ਨਾਲ ਚਲਾ ਲਿਆ। ਆੜ੍ਹਤੀਆ ਐਸੋਸੀਏਸਨ ਦੇ ਪ੍ਰਧਾਨ ਆਲਮਦੀਪ ਸਿੰਘ ਵਲੋਂ ਡੀਏਪੀ ਖਾਦ ਦੀ ਘਾਟ ਬਾਰੇ ਉਠਾਏ ਮੁੱਦੇ 'ਤੇ ਉਨ੍ਹਾਂ ਕੇਂਦਰ ਸਰਕਾਰ ਦੇ ਸਬੰਧਤ ਅਧਿਕਾਰੀ ਨਾਲ ਤੁਰੰਤ ਫੋਨ 'ਤੇ ਗੱਲ ਕਰਕੇ ਮੌਕੇ 'ਤੇ ਡੀਏਪੀ ਖਾਦ ਦੀ ਆਪੂਰਤੀ ਦਾ ਮਾਮਲਾ ਹੱਲ ਕਰ ਦਿੱਤਾ। ਇਸ ਦੌਰਾਨ ਸਮਰਾਲਾ ਤੇ ਮਹਿਦੂਦਾਂ ਮੰਡੀਆਂ ਵਿੱਚ ਝੋਨੇ ਦੀ ਆਮਦ ਜ਼ੋਰਾਂ 'ਤੇ ਹੈ। ਹੁਣ ਤਕ ਕਰੀਬ 5.50 ਲੱਖ ਕੁਇੰਟਲ ਝੋਨਾ ਦੋਹਾਂ ਮੰਡੀਆਂ ਵਿੱਚ ਆ ਚੁੱਕਾ ਹੈ, ਇਸ ਵਿਚੋਂ 5.43 ਲੱਖ ਕੁਇੰਟਲ ਝੋਨੇ ਦੀ ਖਰੀਦ ਹੋ ਚੁੱਕੀ ਹੈ, ਜਿਸ ਵਿਚੋਂ ਮਹਿਜ 1.29 ਲੱਖ ਕਵਿੰਟਲ ਦੀ ਚੁਕਾਈ ਹੀ ਹੋ ਪਾਈ ਹੈ, ਜਦਕਿ 4.15 ਲੱਖ ਕੁਇੰਟਲ ਝੋਨੇ ਦੇ ਢੇਰ ਮੰਡੀਆਂ ਵਿੱਚ ਲੱਗੇ ਹੋਏ ਹਨ। ਦੋਹਾਂ ਮੰਡੀਆਂ ਵਿੱਚ ਪੈਰ ਧਰਨ ਜੋਗੀ ਵੀ ਥਾਂ ਨਹੀਂ ਬਚੀ। ਝੋਨਾ ਪੱਕ ਕੇ ਤਿਆਰ ਹੋਣ ਕਾਰਨ ਕਿਸਾਨਾਂ ਵੱਲੋਂ ਧੜਾਧੜ ਟਰਾਲੀਆਂ ਭਰ ਕੇ ਮੰਡੀਆਂ ਵਿੱਚ ਲਿਆਂਦਾ ਜਾ ਰਿਹਾ ਹੈ।

# ਮਾਲਵਾ ਲਿਖਾਰੀ ਸਭਾ ਵੱਲੋਂ ਸਾਲਾਨਾ ਪੁਰਸਕਾਰਾਂ ਦਾ ਐਲਾਨ



**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਨ ਨੂੰ ਸਮਰਪਤ ਸਮਾਗਮ ਹੋਇਆ, ਜਿਸ ਦੀ ਪ੍ਰਧਾਨਗੀ ਸ੍ਰੀ ਮੂਲ ਚੰਦ ਸ਼ਰਮਾ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨੇ ਕੀਤੀ। ਇਸ ਸਮਾਗਮ ਵਿੱਚ ਸ੍ਰੀ ਮਹਿੰਦਰ ਸਿੰਘ ਭੱਠਲ ਪ੍ਰਧਾਨ ਖੇਤੀਬਾੜੀ ਕਿਸਾਨ ਫਰੰਟ ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਸ੍ਰੀ ਮੂਲ ਚੰਦ ਸ਼ਰਮਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਸ਼ੁਰੂ ਹੋਏ ਸੰਵਾਦ ਨੂੰ ਵਿਆਪਕ ਰੂਪ ਦੇਣ ਦੀ ਜ਼ਰੂਰਤ ਹੈ। ਕਰਮ ਸਿੰਘ ਜ਼ਖ਼ਮੀ, ਸਰਬਜੀਤ ਸਿੰਘ ਨਮੋਲ, ਪਵਨ ਕੁਮਾਰ ਹੋਸ਼ੀ, ਮੂਲ ਚੰਦ ਸ਼ਰਮਾ, ਬਿੱਕਰ ਸਿੰਘ ਸਟੈਨੋ, ਰਜਿੰਦਰ ਸਿੰਘ ਰਾਜਨ, ਸੁਖਵਿੰਦਰ ਸਿੰਘ ਲੋਟੇ, ਜਗਜੀਤ ਸਿੰਘ ਲੱਡਾ, ਅਮਰ ਗਰਗ ਕਲਮਦਾਨ, ਲਾਭ ਸਿੰਘ ਝਮਟ, ਚਰਨਜੀਤ ਸਿੰਘ ਮੀਮਸਾ, ਸ਼ਸ਼ੀ ਬਾਲਾ, ਨਵਜੋਤ ਕੌਰ, ਗੁਰਮੀਤ ਸਿੰਘ ਸੋਹੀ, ਸਰਬਜੀਤ ਸੰਗਰੂਰਵੀ, ਗੋਬਿੰਦ ਸਿੰਘ ਤੂਰਬਨਜਾਰਾ, ਬਲਜੀਤ ਸਿੰਘ ਬਾਂਸਲ, ਬਲਜਿੰਦਰ ਬੱਲੀ ਈਲਵਾਲ, ਨਿਰਭੈ ਸਿੰਘ ਭੱਠਲ ਤੇ ਬਹਾਦਰ ਸਿੰਘ ਧੌਲਾ ਆਦਿ ਕਵੀਆਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਨਾਲ ਹਾਜ਼ਰੀ ਲਵਾਈ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਤੇ ਮੰਚ ਸੰਚਾਲਨ ਦੀ ਭੂਮਿਕਾ ਸੁਖਵਿੰਦਰ ਸਿੰਘ ਲੋਟੇ ਨੇ ਬਾਖ਼ੂਬੀ ਨਿਭਾਈ।

ਸਮਾਗਮ ਉਪਰੰਤ ਸਭਾ ਦੀ ਕਾਰਜਕਾਰਨੀ ਦੀ ਵਿਸ਼ੇਸ਼ ਇਕੱਤਰਤਾ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਸਭਾ ਦੇ 24 ਨਵੰਬਰ ਨੂੰ ਹੋਣ ਵਾਲੇ ਸਮਾਗਮ ਦੀ ਰੂਪ-ਰੇਖਾ ਸਬੰਧੀ ਵਿਚਾਰ-ਵਟਾਂਦਰਾ ਹੋਇਆ।

ਇਸ ਮੌਕੇ ਸਰਬਸੰਮਤੀ ਨਾਲ ਸਭਾ ਵੱਲੋਂ ਦਿੱਤੇ ਜਾਣ ਵਾਲੇ ਸਾਲਾਨਾ ਪੁਰਸਕਾਰਾਂ ਸਬੰਧੀ ਸਾਹਿਤਕਾਰਾਂ ਦੇ ਨਾਂਵਾਂ ਦੀ ਚੋਣ ਵੀ ਕੀਤੀ ਗਈ, ਜਿਸ ਮੁਤਾਬਿਕ ਡਾ. ਪ੍ਰੀਤਮ ਸੈਣੀ ਵਾਰਤਕ ਪੁਰਸਕਾਰ ਸ੍ਰੀ ਪੰਮੀ ਫੱਗੂਵਾਲੀਆ ਨੂੰ, ਲੋਕ ਕਵੀ ਸੰਤ ਰਾਮ ਉਦਾਸੀ ਪੁਰਸਕਾਰ ਸ੍ਰੀਮਤੀ ਵਿਰਕ ਪੁਸ਼ਪਿੰਦਰ ਨੂੰ, ਗੁਰਮੇਲ ਮਡਾਹੜ ਗਲਪ ਪੁਰਸਕਾਰ ਸ੍ਰੀ ਰਣਜੀਤ ਆਜ਼ਾਦ ਕਾਂਝਲਾ ਨੂੰ ਤੇ ਕਵੀ ਗੁਰਬੀਰ ਸਿੰਘ ਬੀਰ ਵਿਰਾਸਤੀ ਪੁਰਸਕਾਰ ਭਾਈ ਚਮਕੌਰ ਸਿੰਘ ਚਮਨ ਦੇ ਢਾਡੀ ਜਥੇ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ।

# ਝੰਡਾ ਮਾਰਚ 'ਚ ਜਲ ਸਪਲਾਈ ਕਾਮੇ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ : ਬਲਜੀਤ ਸਿੰਘ ਭੱਟੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ ਪੂਜਾ/ ਚਾਵਲਾ/ਪਰਮਜੀਤ ਸਿੰਘ)** ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ ਰਜਿ: ਨੰ: 31 ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੋਂ ਸੂਬਾ ਪ੍ਰਚਾਰ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ, ਜ਼ਿਲ੍ਹਾ ਜਨਰਲ ਸਕੱਤਰ ਸੁਰਜੀਤ ਸਿੰਘ ਤੱਖੀ, ਜ਼ਿਲ੍ਹਾ ਪ੍ਰੈਸ ਸਕੱਤਰ ਬਿਕਰਮਜੀਤ ਸਿੰਘ ਕਪੂਰ, ਸੋਰਵ ਮਿਗਲਾਨੀ ਤੇ ਗੁਰਸੇਵਕ ਸਿੰਘ ਨੇ ਕਿਹਾ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਇੰਨਲਿਸਟਮੈਂਟ, ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ 'ਆਪ' ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਸਬ-ਕਮੇਟੀਆਂ ਦਾ ਗਠਨ ਕਰਕੇ ਲਾਰੇ-ਲੱਪਿਆਂ ਨਾਲ਼ ਆਪਣਾ ਸਮਾਂ ਲੰਘਾ ਰਹੀ ਹੈ, ਵੱਖ-ਵੱਖ ਸਰਕਾਰੀ ਵਿਭਾਗਾਂ ਜਿਵੇਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪਾਵਰਕਾਮ ਤੇ ਟ੍ਰਾਂਸਕੋ ਸਮੇਤ ਸਮੂਹ ਸਰਕਾਰੀ ਥਰਮਲ ਪਲਾਂਟਾਂ ਅਤੇ ਹਾਈਡਲ ਪ੍ਰਾਜੈਕਟਾਂ, ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ, ਵੇਰਕਾ ਮਿਲਕ, ਲੋਕ ਨਿਰਮਾਣ ਵਿਭਾਗ (ਬਿਜਲੀ ਵਿੰਗ) ਤੇ ਸਿਹਤ ਵਿਭਾਗ ਆਦਿ ਵਿੱਚ ਪਿਛਲੇ 15-20 ਸਾਲਾਂ ਦੇ ਲੰਬੇ ਅਰਸੇ ਤੋਂ ਲਗਾਤਾਰ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਇਨਲਿਸਟਮੈਂਟ ਤੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਲਈ ਆਪ ਸਰਕਾਰ ਵੱਲੋਂ ਆਪਣੇ ਢਾਈ ਸਾਲਾਂ ਦੇ ਕਾਰਜ਼ਕਾਲ ਵਿੱਚ ਹਜ਼ੇ ਤੱਕ ਕੋਈ ਵੀ ਨੀਤੀ ਨਹੀਂ ਬਣਾਈ, ਜਿਸ ਤੋਂ ਸਾਫ਼ ਜ਼ਾਹਰ ਹੈ ਕਿ 'ਆਪ' ਵੀ ਪਿਛਲੀਆਂ ਸਰਕਾਰਾਂ ਦੀ ਤਰਾਂ ਆਊਟਸੋਰਸ਼ਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨਾਲ਼ ਨੰਗਾ-ਚਿੱਟਾ ਧੋਖਾ ਕਰ ਰਹੀ ਹੈ, ਜਿਸ ਦੇ ਵਿਰੋਧ ਵੱਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ 5 ਨਵੰਬਰ ਨੂੰ ਗਿੱਦੜਬਾਹਾ, ਬਰਨਾਲਾ, 6 ਨਵੰਬਰ ਨੂੰ ਚੱਬੇਵਾਲ, 7 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਆਵਦੀਆਂ ਮੰਗਾਂ ਦੇ ਹੱਲ ਲਈ ਝੰਡਾ ਮਾਰਚ ਕੀਤਾ ਜਾਵੇਗਾ। ਇਸ ਝੰਡਾ ਮਾਰਚ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ ਰਜਿ: ਨੰ 31 ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ ਤੇ ਪੰਜਾਬ ਸਰਕਾਰ ਤੋਂ ਮੰਗ ਕਰਨਗੇ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਇਨਲਿਸਟਮੈਂਟ ਤੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਪਹਿਲ ਅਤੇ ਤਜਰਬੇ ਦੇ ਆਧਾਰ ਤੇ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕੀਤਾ ਜਾਵੇ, ਘੱਟੋ-ਘੱਟ ਉਜਰਤਾਂ ਦੇ ਕਾਨੂੰਨ 1948 ਤਹਿਤ ਤੇ ਪੰਦਰਵੀਂ ਲੇਬਰ ਕਾਨਫਰੰਸ ਵਿੱਚ ਤਹਿ ਹੋਏ ਫਾਰਮੂਲੇ ਮੁਤਾਬਕ ਅੱਜ ਮਹਿੰਗਾਈ ਅਨੁਸਾਰ ਠੇਕਾ ਮੁਲਾਜ਼ਮਾਂ ਦੀ ਤਨਖ਼ਾਹ ਘੱਟੋ-ਘੱਟ 30 ਹਜ਼ਾਰ ਰੁਪਏ ਨਿਸ਼ਚਿਤ ਕੀਤੀ ਜਾਵੇ, ਸਮੂਹ ਸਰਕਾਰੀ ਵਿਭਾਗਾਂ ਦਾ ਪੰਚਾਇਤੀ ਕਰਨ, ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ।



# ਜੇਲ੍ਹ 'ਚ ਸਕਿਊਰਿਟੀ ਡਰਿੱਲ ਤੇ ਸਰਚ ਆਪਰੇਸ਼ਨ ਚਲਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ/ਚਾਵਲਾ/ਪਰਮਜੀਤ ਸਿੰਘ)** ਗੌਰਵ ਯਾਦਵ ਡੀ.ਜੀ.ਪੀ ਪੰਜਾਬ ਦੀਆਂ ਹਦਾਇਤਾਂ ਤਹਿਤ ਤੁਸ਼ਾਰ ਗੁਪਤਾ ਐਸ.ਐਸ.ਪੀ ਵੱਲੋਂ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਜ਼ਿਲ੍ਹੇ ਅੰਦਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ, ਜਿਸ ਤਹਿਤ ਪੁਲਸ ਦੀਆਂ ਅਲੱਗ-ਅਲੱਗ ਟੀਮਾਂ ਵੱਲੋਂ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ ਤੇ ਗਸ਼ਤ ਵਾ ਚੈਕਿੰਗ ਕੀਤੀ ਜਾ ਰਹੀ ਹੈ।ਇਸੇ ਤਹਿਤ ਤੁਸ਼ਾਰ ਗੁਪਤਾ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਸੁਧਾਰ ਘਰ (ਜੇਲ੍ਹ) ਵਿਖੇ ਸਕਿਊਰਿਟੀ ਡਰਿਲ ਕੀਤੀ ਗਈ ਤੇ ਸਰਚ ਅਭਿਆਨ ਚਲਾਇਆ ਗਿਆ। ਚੈਕਿੰਗ ਦੌਰਾਨ ਨਵਦੀਪ ਸਿੰਘ ਬੈਨੀਵਾਲ ਸੁਪਰਡੈਂਟ ਜੇਲ੍ਹ, ਸਤਨਾਮ ਸਿੰਘ ਡੀ.ਐਸ.ਪੀ (ਸ੍ਰੀ ਮੁਕਤਸਰ ਸਾਹਿਬ), ਪ੍ਰਿਥੀਪਾਲ ਸਿੰਘ ਡੀ.ਐਸ.ਪੀ ਸੁਪਰਡੈਂਟ ਸਕਿਊਰਿਟੀ ਜੇਲ੍ਹ, ਐਸ.ਆਈ ਗੁਰਦਿੱਤ ਸਿੰਘ, ਐਸ.ਆਈ ਵਰਿੰਦਰ ਸਿੰਘ, ਐੱਸ. ਆਈ ਹਰਪ੍ਰੀਤ ਕੌਰ ਮੁੱਖ ਅਫ਼ਸਰ ਥਾਣਾ ਸਦਰ ਤੋਂ ਇਲਾਵਾ 150 ਦੇ ਕਰੀਬ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਨਾਲ ਮਿਲ ਕੇ ਜੇਲ੍ਹ ਅੰਦਰ ਸਕਿਊਰਿਟੀ ਡਰਿਲ ਕਰਾਈ ਗਈ ਅਤੇ ਸਰਚ ਅਭਿਆਨ ਚਲਾਇਆ ਗਿਆ। ਸਤਨਾਮ ਸਿੰਘ ਡੀ.ਐਸ.ਪੀ ਨੇ ਦੱਸਿਆ ਕਿ ਤਿਉਹਾਰਾਂ ਦੇ ਮੱਦੇਨਜ਼ਰ ਜ਼ਿਲ੍ਹਾ ਅੰਦਰ ਸੁਰੱਖਿਆ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਸੁਧਾਰ ਘਰ (ਜੇਲ੍ਹ) ਸ੍ਰੀ ਮੁਕਤਸਰ ਸਾਹਿਬ ਵਿਖੇ ਜੇਲ੍ਹ ਅੰਦਰ ਸਕਿਊਰਿਟੀ ਡਰਿੱਲ ਕਰਾਈ ਗਈ ਤੇ ਸਰਚ ਅਭਿਆਨ ਚਲਾਇਆ ਗਿਆ।ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਸਾਰੀਆਂ ਬੈਰਕਾਂ, ਜੇਲ੍ਹ ਦੇ ਅੰਦਰ ਆਉਣ ਤੇ ਬਾਹਰ ਜਾਣ ਵਾਲੇ ਰਸਤਿਆਂ, ਕੈਦੀਆਂ ਤੇ ਹਵਾਲਾਤੀਆਂ ਦੀ ਚੰਗੀ ਤਰ੍ਹਾਂ ਸਰਚ ਕੀਤੀ ਗਈ।ਇਸ ਦੇ ਨਾਲ ਹੀ ਜੇਲ੍ਹ ਦੇ ਅੰਦਰ ਤੇ ਬਾਹਰ ਦੀਆਂ ਕੰਧਾਂ ਦੇ ਨਾਲ ਲੱਗਦੀਆਂ ਥਾਂਵਾਂ 'ਤੇ ਸਰਚ ਕੀਤਾ ਗਿਆ।ਉਨ੍ਹਾਂ ਕਿਹਾ ਕਿ ਜੇਲ੍ਹ ਪ੍ਰਸ਼ਾਸਨ ਦੀ ਸਹਾਇਤਾ ਨਾਲ ਇੱਕ ਸਕਿਊਰਟੀ ਡਰਿੱਲ ਵੀ ਕਰਾਈ ਗਈ।ਇਸ ਸਰਚ ਅਪ੍ਰੇਸ਼ਨ ਦਾ ਮੁੱਖ ਉਦੇਸ਼ ਨਸ਼ਿਆਂ ਅਤੇ ਜੇਲ ਅੰਦਰ ਗੈਂਗਸਟਰਾਂ ਦੇ ਨੈਟਵਰਕ ਨੂੰ ਤੋੜਨਾ ਹੈ ਤੇ ਉਨ੍ਹਾਂ ਕਿਹਾ ਕਿ ਸ਼ਰਾਰਤੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਦੀਵਾਲੀ 'ਤੇ ਪਟਾਕੇ ਨਾ ਚਲਾ ਕੇ ਸ਼ੁੱਧ ਵਾਤਾਵਰਣ ਬਣਾਓ : ਬੂਟਾ ਗੁਲਾਮੀ ਵਾਲਾ

**ਕੋਟ ਈਸੇ ਖਾਂ (ਅਰੋੜਾ)**-ਕੋਟ ਈਸੇ ਖਾਂ ਦੇ ਪ੍ਰਸਿੱਧ ਲੇਖਕ ਬੂਟਾ ਗੁਲਾਮੀ ਵਾਲਾ ਨੇ ਦੀਵਾਲੀ ਦੀਆਂ ਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦੇਣ ਦੇ ਨਾਲ ਨਾਲ ਇੱਕ ਕਵਿਤਾ ਵੀ ਲਿਖੀ ਹੈ, ਜਿਹੜੀ ਉਸ ਨੇ ਇਸ ਵਾਰ ਦੀਵਾਲੀ ਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਵਾਸਤੇ ਘਿਓ ਦੇ ਦੀਵੇ ਜਗਾਉਣ, ਪਟਾਕੇ ਨਾ ਚਲਾਉਣ ਤੇ ਸ਼ੁੱਧ ਵਾਤਾਵਰਨ ਬਣਾਉਣ ਦਾ ਸੁਨੇਹਾ ਦਿੱਤਾ ਹੈ। ਗੁਲਾਮੀ ਵਾਲਾ ਨੇ ਆਪਣੀ ਕਵਿਤਾ ਦੀਆਂ ਕੁਝ ਲਾਇਨਾਂ ਸਾਂਝੀਆਂ ਕਰਦਿਆਂ ਲਿਖਿਆ 'ਸ਼ੁੱਧ ਵਾਤਾਵਰਨ ਬਣਾਈਏ ਏਸ ਦੀਵਾਲੀ ਤੇ, ਘਿਉ ਦੇ ਦੀਪ ਜਗਾਈਏ ਏਸ ਦੀਵਾਲੀ ਤੇ, ਪਟਾਕੇ ਨਾ ਚਲਾਈਏ ਏਸ ਦੀਵਾਲੀ ਤੇ,' ਦੀ ਗੱਲ ਕਰਦਿਆਂ ਕਿਹਾ ਕਿ ਅੱਜਕੱਲ੍ਹ ਦਾ ਵਾਤਾਵਰਨ ਪਹਿਲਾਂ ਹੀ ਬਹੁਤ ਦੂਸ਼ਿਤ ਹੋ ਚੁੱਕਿਆ ਹੈ, ਜਿਹੜਾ ਪੰਛੀਆਂ, ਜਾਨਵਰਾਂ ਤੇ ਮਨੁੱਖੀ ਸਿਹਤ ਲਈ ਹਾਨੀਕਾਰਕ ਹੈ ਅਤੇ ਫੇਰ ਆਪਣਾ ਵੀ ਫਰਜ਼ ਬਣਦਾ ਹੈ ਕਿ ਇਸ ਵਾਰ ਦੀਵਾਲੀ ਤੇ ਵਾਤਾਵਰਨ ਨੂੰ ਸਾਫ ਸੁਥਰਾ ਸ਼ੁੱਧ ਬਣਾਉਣ ਲਈ ਪਟਾਕੇ ਨਾ ਚਲਾ ਕੇ ਅਤੇ ਘਿਓ ਤੇਲ ਦੇ ਦੀਵੇ ਜਗਾ ਕੇ ਆਪਣਾ ਯੋਗਦਾਨ ਪਾਈਏ।



## PUBLIC NOTICE

I, Mohan Singh s/o Mit singh R/o Sahari, Gurdaspur, Punjab- 143516, declare that I was owner of 7 Marlas of the property description below : Property measuring 8 marlas i.e having 1/6 share out of khasra No. 101/3 (2-9), Situated in the area of village Sahari Tehsil Kalanour Distt Gurdaspur. Then I Transfer 7 Marlas in favour of my sons sukhdev singh & Baldev Singh S/o Mohan Singh vide Transfer deed No. 1044 dated 10-01-2024 mutation no. 3636. . Then Baldev Singh S/o Mohan Singh transferred his share of 8 Marlas in favour of Rajwinder Kaur W/o Baldev Singh vide Doc no. 2024-25/149/1/522 dated 05-08-2024 and having mutation no. 3649. . I will not revoke/cancel the transfer deed executed by me. The above said property is under sole ownership of Rajwinder Kaur W/o Baldev Singh and I do not have any right, interest or title in the said property and Rajwinder Kaur W/o Baldev Singh is exclusive owner. The deponent has got no right, interest or title in the said property and Rajwinder Kaur W/o Baldev Singh is exclusive owner. The deponent has got no objection in case Rajwinder Kaur W/o Baldev Singh creates security interest (including mortgage) on the said property in favor of AU Small Finance Bank Limited for obtaining finance facilities from AU Small Finance Bank Limited. The deponent shall never raise any obstruction or hurdle in creation of charge by Au Small Finance Bank and shall also abide by the terms of the said charge till all dues are not paid. The aforesaid declaration has been made by the deponent of his own free will without any force pressure or coercion from any side.


## Vidyasagar College of Elementary Education

Sardulgarh-Ratia Road, Ahlupur (Mansa)
E-mail: drgoyal@rediffmail.com

Application are invited for the following Posts :-
• Principal - 01 • Lecturers - 06
Foundation Courses - 01, Methodology - 03, Fine Arts/ Performing Arts - 01, Health & Physical Edu. Instructor - 01
Qualification as per NCTE/SCERT norms. Applications along with attested photocopies of testimonials and two passport size photographs should be sent within 3 days of advertisement.

President M. 92156-47148 | Secretary M. 94170-65166


## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਸਕਿਊਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੱਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ, 2002 {2002 ਦਾ 54} ਤਹਿਤ ਅਤੇ ਸਕਿਊਰਿਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਮੈਸ. ਪਰਸੈਨਲਿਟੀ ਗਾਰਮੈਂਟਸ, 375, ਅਕਾਲ ਮਾਰਕੀਟ, ਲੁਧਿਆਣਾ ਵਿਖੇ ਸਥਿਤ ਰਾਹੀਂ ਇਸ ਦੇ ਮਾਲਕ ਸ੍ਰੀ ਜੋਗਿੰਦਰ ਪਾਲ, (2) ਸ੍ਰੀ ਜੋਗਿੰਦਰ ਪਾਲ ਪੁੱਤਰ ਸ੍ਰੀ ਸਰੂਪ ਲਾਲ ਵਾਸੀ ਮਕਾਨ ਨੰ. 20, ਫੇਜ਼-5, ਅਮਨ ਪਾਰਕ, ਥਰੀਕੇ ਰੋਡ, ਲੁਧਿਆਣਾ, ਪੰਜਾਬ-141001 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ (3) ਸ੍ਰੀਮਤੀ ਜਯੋਤੀ ਬਾਂਸਲ ਪਤਨੀ ਸ੍ਰੀ ਜੋਗਿੰਦਰ ਪਾਲ, ਮਕਾਨ ਨੰ. 20, ਫੇਜ਼-5, ਅਮਨ ਪਾਰਕ, ਥਰੀਕੇ ਰੋਡ, ਲੁਧਿਆਣਾ, ਪੰਜਾਬ-141001, (4) ਸ੍ਰੀ ਤੀਰਥ ਰਾਜ ਪੁੱਤਰ ਸ੍ਰੀ ਸਰੂਪ ਲਾਲ ਵਾਸੀ ਮਕਾਨ ਨੰ. 20, ਫੇਜ਼-5, ਅਮਨ ਪਾਰਕ, ਥਰੀਕੇ ਰੋਡ, ਲੁਧਿਆਣਾ, ਪੰਜਾਬ-141001 (ਬਾਅਦ ਵਿੱਚ ਗਰੰਟਰ ਵਜੋਂ ਹਵਾਲਾ ਦਿੱਤਾ ਗਿਆ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਓ ਡੀ/090400000003 ਵਿੱਚ ਰੁਪਏ 24,83,912/- ਡਬਲਯੂ ਸੀ ਟੀ ਐੱਲ ਈ ਸੀ ਐੱਲ ਜੀ ਐੱਸ-1/090612000031 ਦੇ ਰੁਪਏ 4,11,906.56 ਅਤੇ ਡਬਲਯੂ ਸੀ ਟੀ ਐੱਲ-ਈ ਸੀ ਐੱਲ ਜੀ ਐੱਸ-2/090612000047 ਵਿੱਚ ਬਕਾਇਆ ਨਿਕਲਦੀ ਰਕਮ ਰੁ. 2,24,448/- ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕਰਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਮਿਤੀ 25.07.24 ਨੂੰ ਜਾਰੀ ਕੀਤਾ ਗਿਆ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐਸੱਟ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਓ ਡੀ/090400000003 ਵਿੱਚ ਰੁਪਏ 24,83,912/- ਡਬਲਯੂ ਸੀ ਟੀ ਐੱਲ ਈ ਸੀ ਐੱਲ ਜੀ ਐੱਸ-1/090612000031 ਦੇ ਰੁਪਏ 4,11,906.56 ਅਤੇ ਡਬਲਯੂ ਸੀ ਟੀ ਐੱਲ-ਈ ਸੀ ਐੱਲ ਜੀ ਐੱਸ-2/090612000047 ਦੀ ਬਕਾਇਆ ਰਾਸ਼ੀ ਰੁਪਏ 2,24,448/- ਮਿਤੀ 01.07.2024 ਤੋਂ ਲਾਗੂ ਭਵਿੱਖ ਵਿਆਜ ਸਮੇਤ ਵਸੂਲੀ ਜਾਵੇਗੀ।

### ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਵਿਕਰੀ ਬੈਨਾਮਾ ਦਸਤਾਵੇਜ਼ ਨੰ. 21240 ਮਿਤੀ 15.03.2007 ਤਹਿਤ ਸ੍ਰੀ ਜੋਗਿੰਦਰ ਪਾਲ ਪੁੱਤਰ ਸਵ. ਸ੍ਰੀ ਸਰੂਪ ਲਾਲ ਦੀ ਮਾਲਕੀ ਹੇਠ ਪਿੰਡ ਤਰਫ ਸੈਦਾਂ, ਹਦਬਸਤ ਨੰ. 172, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਜਾਇਦਾਦ ਰਕਬਾ 180 ਵਰਗ ਗਜ਼ ਦੇ ਸਾਰੇ ਹਿੱਸੇ। ਵਰਤਮਾਨ ਪਤਾ : ਆਦਰਸ਼ ਨਗਰ, ਸੈਦਾ ਦੀ ਤਰਫ, ਲੁਧਿਆਣਾ

ਮਿਤੀ : 28.10.2024, ਸਥਾਨ : ਲੁਧਿਆਣਾ (ਅਧਿਕਾਰਤ ਅਫਸਰ)

## AXIS BANK

ਰਿਟੇਲ ਐਸੱਟ ਸੈਂਟਰ : ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ - 380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੱਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸੱਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਓਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਜਿਸ ਨੂੰ 1. ਸ੍ਰੀ ਰਵੀ ਵਰਮਾ ਪੁੱਤਰ ਸਹਿਦੇਵ ਵਰਮਾ (ਕਰਜ਼ਦਾਰ), 2. ਸ੍ਰੀਮਤੀ ਮੀਨੂ ਵਰਮਾ ਪਤਨੀ ਸਹਿਦੇਵ ਵਰਮਾ (ਸਹਿ-ਕਰਜ਼ਦਾਰ/ਗਿਰਵੀਕਾਰ) ਕੋਲੋਂ ਸਕਿਓਰਡ ਕ੍ਰੈਡੀਟਰ ਦੀ ਮਿਤੀ 22.10.2024 ਨੂੰ ਬਕਾਇਆ ਨਿਕਲਦੀ ਰਾਸ਼ੀ ਰੁਪਏ 1470826/- (ਰੁਪਏ ਚੌਦਾਂ ਲੱਖ ਸੱਤਰ ਹਜ਼ਾਰ ਅੱਠ ਸੌ ਛੱਬੀ ਕੇਵਲ) ਦੀ ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ ਸਹਿਤ ਵਸੂਲੀ ਲਈ ਮਿਤੀ 11-12-2024 ਨੂੰ "ਜਿਵੇਂ ਹੈ, ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ ਵੇਚ ਦਿੱਤਾ ਜਾਵੇਗਾ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 17,95,550/- (ਰੁਪਏ ਸਤਾਰਾਂ ਲੱਖ ਪਚੱਨਵੇਂ ਹਜ਼ਾਰ ਪੰਜ ਸੌ ਪੰਜਾਹ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 1,79,555/- (ਰੁਪਏ ਇੱਕ ਲੱਖ ਉਨਾਸੀ ਹਜ਼ਾਰ ਪੰਜ ਸੌ ਪਚਵੰਜਾ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 10,000/- (ਰੁਪਏ ਦਸ ਹਜ਼ਾਰ ਕੇਵਲ) |
| ਈ ਐਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐਸੱਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 09 ਦਸੰਬਰ 2024 ਨੂੰ ਸ਼ਾਮ ਦੇ 5.00 ਵਜੇ ਤੱਕ। |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 11 ਦਸੰਬਰ 2024 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 1.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਚ ਉਪਲੱਬਧ ਹਨ। |

### ਸਾਰਣੀ-ਜਾਇਦਾਦ ਦਾ ਵੇਰਵਾ

ਵਿਕਰੀ ਬੈਨਾਮਾ ਦਸਤਾਵੇਜ਼ ਨੰ. 2021-22/187/1/1174 ਮਿਤੀ 30 ਅਪ੍ਰੈਲ 2021 ਤਹਿਤ ਸ੍ਰੀਮਤੀ ਮੀਨੂ ਵਰਮਾ ਪਤਨੀ ਸਹਿਦੇਵ ਵਰਮਾ ਦੇ ਨਾਂਅ 'ਤੇ ਰਜਿਸਟਰਡ ਅਬਾਦੀ ਗਰੀਨ ਐਵੀਨਿਊ, ਬਸਤੀ ਸ਼ੇਖ, ਤਹਿ. ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਜਮ੍ਹਾਂਬੰਦੀ ਵਾਸਤੇ ਸਾਲ 2015-2016 ਹਦਬਸਤ ਨੰ. 308, ਅਨੁਸਾਰ ਖਾਤਾ ਨੰ. 1148/1225, 1149/1226,1150/1227, ਖਸਰਾ ਨੰ. 598, 599, 600,602, 601, 597/1 ਵਿੱਚ ਸ਼ਾਮਲ ਪਲਾਟ ਨੰ. 10-11 ਰਕਬਾ 02 ਮਰਲੇ 36 ਵਰਗ ਫੁੱਟ ਉੱਪਰ ਉਸਾਰੀ ਗਈ ਰਿਹਾਇਸ਼ੀ ਜਾਇਦਾਦ/ ਮਕਾਨ ਦੇ ਸਾਰੇ ਹਿੱਸੇ। ਹੱਦਾਂ : (ਦਸਤਾਵੇਜ਼ਾਂ ਅਨੁਸਾਰ) : ਪੂਰਬ : ਹੋਰਨਾਂ, ਪੱਛਮ : ਸੜਕ 12', ਉੱਤਰ : ਪਲਾਟ ਨੰ. 9, ਦੱਖਣ : ਪਲਾਟ ਨੰ. 10-11 ਦਾ ਬਾਕੀ ਹਿੱਸਾ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਓਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ।

ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ।

ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ (ਮੋਬਾਇਲ) 8920705598 ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 30 ਦਿਨਾਂ ਦਾ ਨੋਟਿਸ ਮੰਨਿਆ ਜਾਵੇ

ਮਿਤੀ : 29-10-2024, ਸਥਾਨ : ਲੁਧਿਆਣਾ | ਸਹੀ/-ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

## ਪਬਲਿਕ ਨੋਟਿਸ

**ICICI Bank** ਰਜਿਸਟਰਡ ਦਫਤਰ : ਆਈ ਸੀ ਆਈ ਸੀ ਆਈ ਬੈਂਕ ਟਾਵਰ, ਨੇੜੇ ਚਕਲੀ ਸਰਕਲ, ਪੁਰਾਣੀ ਪਾਦਰਾ ਰੋਡ, ਵਡੋਦਰਾ 390007
ਕਾਰਪੋਰੇਟ ਦਫਤਰ : ਆਈ ਸੀ ਆਈ ਸੀ ਆਈ ਬੈਂਕ ਟਾਵਰਜ਼, ਬਾਂਦਰਾ-ਕੁਰਲਾ ਕੰਪਲੈਕਸ, ਮੁੰਬਈ-400051

### ਸੋਨਾ ਈ-ਨਿਲਾਮੀ ਕਮ ਸੌਦਾ ਨੋਟਿਸ

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 8 ਨਵੰਬਰ 2024 ਨੂੰ ਈ- ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਈ-ਨਿਲਾਮੀ ਦੁਪਹਿਰ 12.30 ਤੋਂ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਭਾਦਸੋਂ | |
| 400505001328 | ਲਾਲ ਸਿੰਘ |
| ਬਰਾਂਚ ਦਾ ਨਾਂਅ : ਭਿੱਖੀਵਿੰਡ, ਪੰਜਾਬ | |

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| 361005002459 | ਦਰਸ਼ਨ ਸਿੰਘ |
| ਬਰਾਂਚ ਦਾ ਨਾਂਅ : ਜੈਤੋ. ਪੰਜਾਬ | |
| 355805002063 | ਲਖਵੀਰ ਸਿੰਘ |
| ਬਰਾਂਚ ਦਾ ਨਾਂਅ : ਸੰਗਤ | |

| ਕਰਜ਼ਾ ਖਾਤਾ ਨੰ. | ਗ੍ਰਾਹਕ ਦਾ ਨਾਂਅ |
|---|---|
| 383505002781 | ਜਗਜੀਵਨ ਸਿੰਘ |
| 383505002782 | ਸੁਰਿੰਦਰ ਕੁਮਾਰ |
| 383505000620 | ਸਰਬਜੀਤ ਕੌਰ |

ਮਿਤੀ : 29.10.2024
ਸਥਾਨ : ਬਠਿੰਡਾ, ਫਰੀਦਕੋਟ, ਪਟਿਆਲਾ, ਤਰਨ ਤਾਰਨ
ਸਹੀ/- ਅਧਿਕਾਰਤ ਅਫਸਰ, ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:

# ਕਲਾਸੀਫਾਈਡ ਇਸ਼ਤਿਹਾਰ

## Change of Name

I, MRS JASBIR KAUR WIFE OF MR DIDAR SINGH DHILLON WHOSE PERMANENT ADDRESS IN INDIA IS VILL: DALEWAL, P.O. GORAYA, DISTT: JALANDHAR, PUNJAB AND NOW LIVING AT 51 KENTON AVENUE, SOUTHALL, UB1 3QG, UK HEREBY GIVE NOTICE OF MY INTENTION TO CHANGE MY NAME TO JASBIR KAUR DHILLON. (U/I)

I, MR SUDHIR KAMAL SON OF MR PREM LAL WHOSE PERMANENT ADDRESS IN INDIA IS NANAK NAGAR, NEW SABZI MANDI, P.O. NETA JI NAGAR, LUDHIANA (141008) PUNJAB AND NOW LIVING AT 25 UPPER ETTINGSHALL ROAD, BILSTON, WV14 9QZ, UK HEREBY GIVE NOTICE OF MY INTENTION TO CHANGE MY NAME TO SUDHIR SAMPLAY. (U/I)

I, GURJIT PAL SON OF MAKHAN LAL WHOSE PERMANENT ADDRESS IN INDIA IS VILL: PARWA, PO MAULI, TEH: PHAGWARA, KAPURTHALA, 144632, PUNJAB AND NOW LIVING AT 52 JOHN SHELTON DRIVE, COVENTRY, CV6 4PE, UK HEREBY GIVE NOTICE OF MY INTENTION TO CHANGE MY NAME TO GURJIT PAL RALL. (U/I)

I, NIRMAL SINGH SON OF BHAGWAN SINGH WHOSE PERMANENT ADDRESS IN INDIA IS VILL: TALWANDI RAJA DINA NATH, P.O. BHIKHARIWAL, GURDASPUR, PIN: 143520 PUNJAB AND NOW LIVING AT 70 HADLEY GARDENS, SOUTHALL, UB2 5SH, UK HEREBY GIVE NOTICE OF MY INTENTION TO CHANGE MY NAME TO NIRMAL (GIVEN NAME) SINGH (SURNAME). (U/I)

I, Bikram Kumar S/o Gurmit Ram R/o Nanak Nagri, PO. Chiheru, Teh. Phagwara, Distt. Kapurthala, declare that in my Passport, my wife name Santosh is Incorrect, Correct name is Santosh Kumari. All concerned please note.

I, Jaswinder Kumar S/o Chaman Lal R/o VPO. Sarhal Mundi, Tehsil Phillaur, Distt. Jalandhar have changed my name Jaswinder and now Kumar is my Surname.

I, Veerinder Kaur D/o Sohan Singh, W/o Jaspal Singh R/o SCF 32, Kabir Park, PO Khalsa College, Amritsar, Punjab-143002 have changed my name from Veerinder Kaur to Kaur is my surname and Veerinder is my given name.

I, Gopal Singh Jaur S/o Mohinder Singh R/o Bhikhiwind Road, Adda Chabhal, Near Police Station, Tarn Taran, Punjab have changed my name from Gopal Singh Jaur to Gopal Singh.

I, Aman Dhawan S/O Sudesh Dhawan R/O Plot No. 67, New Dashmesh Avenue,Gali No.6,Tower Wali Gali, Near Bhavya Shivalik Public School, Kot Khalsa, Amritsar, Punjab have changed my name from Aman Dhawan to Aman Kumar Dhawan. Concerned note.

I Gurbax Singh S/o Swaran Singh R/o Vill Sheikhwan, PO. Jaito Sarja, Tehsil Batala, Distt Gurdaspur. Have Changed my name from Gurpreet Singh Sekhon to Gurbax Singh.

I, Shehfali Batta alias Shefali Batta D/O Meghraj Batta, W/O Harish Anand R/o 9815, 06, Joshi Nagar, Haibowal Kalan, Ludhiana, Punjab-141001. have changed my name and shall hereafter be Known as Namrata Anand.

I, Kumari Raj Bala , W/O Harish Kumar Jhamb R/o House No 374-A, Sector 11-12, Panipat, Haryana-132103. have changed my name and shall hereafter be Known as Raj Bala Jhamb.

I, Raman Madaan S/O Suresh Madaan,R/o 108, Khatik Wara Mohalla, Ward No. 6, Taoru, Mewat, Haryana- 122105, I have changed the name of my minor Son Nivaan Madaan aged about 7 years and He shall hereafter be known as Nivann Madaan.

I, Jeena D/O Kurian, R/o St. Josephs Convent School, Deep Nagar, Rehmanpur Road, Jalandhar, Punjab- 144005. have changed my name and shall hereafter be Known as Shincy Kurian.

I, Ritu, W/O Prem Masih R/o Vill Bahadarpur Batala, Bahadarpur, Gurdaspur, Punjab- 143505. have changed my name and shall hereafter be Known as Ritu Prem.

I, Deepika Grover W/o Late Ravinder Kumar Grover R/o H.No. 218, Behind Urban Estate Ph-2, Ranjit Enclave, Jalandhar, Punjab declare that I am known by all these names Deepika Grover, Dipika & Dipika Grover. Both the names are of one and the same person. Concerned Note.

I, Rani Maggo W/o Arjan Dass R/o H.No. 155, Guru Gobind Singh Nagar, Jalandhar -144003, Punjab, India have changed my name from Rani Maggo to Pushpa Rani. Concerned Note.

I Sumanjeet Singh S/o Surinder Singh R/o Vpo Pheruman Distt. Amritsar have changed my name from Sumanjeet Singh to Given name Sumanjit Surname Singh.

I, Jasmeen Kaur W/o Sumanjit Singh R/o VPO Pheruman Distt. Amritsar have changed my name to Jasmeen Jaswal

I, Jagdeep Singh Son of Shamsher Singh R/o Vill. Purian Kalan P.O. Bal Purian Tehsil Batala Distt. Gurdaspur Punjab. have declare that Singh is my Surname and Jagdeep is my Given name.

I, Princepal Singh S/o Sukhwinder Singh R/o VPO Bhorchhi Rajputan Tehsil Baba Bakala District Amritsar have declare that Princepal is my Given name and Singh is my Surname

I, Harpreet Kaur W/o Onkar Singh R/o H.No.12/82, Azad Nagar, Sultanwind Road, Amritsar have changed my name from Harpreet Kaur to Harpreet Sandhu

I, Lovejeet Kaur W/o Harpreet Kaur R/o Villaeg Maan PO Kathunangal Tehsil Majitha District Amritsar have changed my name from Lovejeet Kaur to Lovejit Kaur

I, Guradita Ram Jajoria S/o Jadh Ram R/o Ward No 11 Nehru Basti Mandi Bariwala District Sri Muktsar Sahib have changed my name from Guradita Ram Jajoria to Guradita Ram

I, Kiran Bala Mehan W/o Raman Sethi R/o 148 Kamla Devi Avenue F.G.C Road Amritsar have changed my name from Kiran Bala Mehan to Kiran Sethi

## Change of Name

I, Jatin Gandhi S/o Joginder Pal R/o 9-A, Sultanwind Doburji Link Road, Near New Entry Gate Pyramid City Amritsar have changed my name from Jatin Gandhi S/o Joginder Pal to Jatin Gandhi S/o Joginder Pal Gandhi

I, Sandeep Rishi S/o Narinder Rishi R/o H.No. Lane No.1, Blossom Enclave, Nabha Road, Patiala declare that Sandeep Rishi and Sandeep Kumar Rishi is one and Same person. Please Note.

I, Ashwani Kumar S/o Rup Lal R/o H.No.331 Golden Avenue Phase-II Jalandhar Punjab have kept my name from Ashwani Kumar to Ashwani Sapra. All may note it down.

I, Rekha W/o Taranjit Bassi R/o Village Bhaura, Tehsil Nawanshahr, Distt S.B.S.Nagar Punjab India-144506 have changed my name From REKHA TO REKHA BASSI.

I, Jagvinder Kaur Cheema W/o Kashmir Singh R/o 130 Urban Estate Batala (Gurdaspur) have changed my name from Jagvinder Kaur Cheema to Jagvinder Kaur.

I, Kashmir Singh Cheema S/o Tara Singh R/o 130 Urban Estate Batala (Gurdaspur) have changed my name to Kashmir Singh.

I, Balwinder w/o Parveen Kumar r/o Gali No. 5, New Rattan Nagar, Gulab Devi Road, Jalandhar, Punjab have changed my name to Balwinder Kaur. All Please Note.

I, Neetika w/o Varun Kalia r/o H.No.119-A, Guru Nagar, Near Model Town, Jalandhar have changed by name from Neetika to Neetika Kalia. All Please Note.

I, Paramjeet Singh s/o Pritam Singh r/o H.No.B15/221, Sunder Nagar, Dhangu Road, Pathankot have changed my name to Paramjit Singh. All Please Note.

I, Jasvir Kaur w/o Paramjit Singh r/o H.No.B15/221, Sunder Nagar, Dhangu Road, Pathankot have changed my name to Jasbir Kaur. All Please Note.

I, Jasmeet Kaur W/o Amarjeet Singh R/o Vill. Banwalipur, Po. Kala Sanghian, Distt. Kapurthala have changed my name to Given name as Jasmeet & Surname as Kaur. All Please Note.

I, Amit S/o Joti Prakash R/o H.No.WS-45, Moh. Satran, Basti Sheikh, Jalandhar have changed my name to Amit Dogra, Given name as Amit & Surname as Dogra. All Please Note.

I, Diksha Aggarwal D/o Vishal Aggarwal W/o Shubham Gupta R/o 143, Ramneek Avenue, Pathankot Road, Jalandhar have changed my surname from Diksha Aggarwal to Diksha Gupta, after marriage. All Please Note.

I, Shreya Mohindroo W/o Pranav Bhalla R/o H.No. 371, Lajpat Nagar, Jalandhar, Punjab have changed my surname from Shreya Mohindroo to Shreya Bhalla, After Marriage. All Please Note.

I, Deepak Kumar S/o Lakhan Thakur R/o H.No. 129, Dilbagh Nagar, Basti Guzan, Jalandhar-144002, Punjab have changed my name from Deepak Kumar to Deepak Thakur. All Please Note.

I, Amita Kalra W/o Vipan Kumar R/o H.No. 506-C, Smart Homes, Jalandhar Heights-2, Pholriwal, Distt. Jalandhar-144022, Punjab have changed my name from Amita Kalra to Amita. All Please Note.

I, Lakhwinder Singh Alias Lakhveer Singh S/o Gurdeep Singh R/o VPO. Surkha, Distt. Kapurthala have changed my name from Lakhwinder Singh Alias Lakhveer Singh to Lakhveer Singh. All Please Note.

I Jaspreet Singh S/o Surinder Pal, R/o Mehmoodpur, Nawanshahar, Punjab have changed my name Jaspreet (as given name) and Singh (as surname). All concerned may note.

I, Saranjit Kaur W/o Satnam Singh R/o Balagan, Tehsil/Distt. Gurdaspur, Punjab-143520. Have changed my name from Saranjit Kaur to Sharanjeet Kaur.

I, Sukhvinder Singh S/o Santokh Singh , R/o Village Aujla, Tehsil/Distt. Gurdaspur, Punjab. Have Changed my name from Sukhvinder Singh to Sukhwinder Singh.

## ਨਾਂਅ ਦੀ ਬਦਲੀ

ਮੈਂ, ਜਸਵਿੰਦਰ ਕੁਮਾਰ ਪੁੱਤਰ ਚਮਨ ਲਾਲ ਵਾਸੀ ਪਿੰਡ ਤੇ ਡਾਕ. ਸਰਹਾਲ ਮੁੰਡੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਂਅ ਬਦਲ ਕੇ ਜਸਵਿੰਦਰ ਰੱਖ ਲਿਆ ਹੈ ਅਤੇ ਕੁਮਾਰ ਮੇਰਾ ਉਪਨਾਮ ਹੈ।

ਮੈਂ ਕਮਲਪ੍ਰੀਤ ਕੌਰ ਪਤਨੀ ਵਰਿੰਦਰ ਸਿੰਘ ਵਾਸੀ 120, ਵਾਰਡ ਨੰਬਰ 6, ਲੋਹੀਆਂ ਖਾਸ, ਤਹਿ. ਸ਼ਾਹਕੋਟ, ਜ਼ਿਲ੍ਹਾ ਜਲੰਧਰ ਘੋਸ਼ਣਾ ਕਰਦੀ ਹਾਂ ਕਿ ਮੈਂ ਸ਼ਾਦੀ ਤੋਂ ਬਾਅਦ ਆਪਣਾ ਨਾਮ ਦਰਸ਼ਨ ਕੌਰ ਤੋਂ ਬਦਲ ਕੇ ਕਮਲਪ੍ਰੀਤ ਕੌਰ ਰੱਖ ਲਿਆ ਹੈ। ਮੈਂ ਦਰਸ਼ਨ ਕੌਰ ਅਤੇ ਕਮਲਪ੍ਰੀਤ ਕੌਰ ਦੋਵਾਂ ਨਾਮਾਂ ਨਾਲ ਜਾਣੀ ਜਾਂਦੀ ਹਾਂ।ਸਮੂਹ ਸਬੰਧਤ ਨੋਟ ਕਰਨ।

## ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 21/0623ਕੇ, 13 ਹਾਰਸ ਪਾਵਰ ਜੋ ਕਿ ਸ੍ਰੀ ਰਜਿੰਦਰ ਸਿੰਘ ਪੁੱਤਰ ਸ: ਰੂੜ ਸਿੰਘ ਵਾਸੀ ਪਿੰਡ ਜੇਠੂਵਾਲ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਰਕਬਾ ਜੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਸ੍ਰੀ ਪ੍ਰਭਦਿਆਲ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਜੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ। ਇਤਰਾਜ਼ 10 ਦਿਨਾਂ ਦੇ ਅੰਦਰ ਉਪ-ਮੰਡਲ ਦਫ਼ਤਰ ਕੱਥੂਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 21/0151ਵਾਈ, 12 ਹਾਰਸ ਪਾਵਰ ਜੋ ਕਿ ਸ੍ਰੀ ਰੂੜ ਸਿੰਘ ਪੁੱਤਰ ਸ: ਹਾਕਮ ਸਿੰਘ ਵਾਸੀ ਪਿੰਡ ਜੇਠੂਵਾਲ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਰਕਬਾ ਜੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਸ੍ਰੀ ਸੁਖਰਾਮ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਜੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ। ਇਤਰਾਜ਼ 10 ਦਿਨਾਂ ਦੇ ਅੰਦਰ ਉਪ-ਮੰਡਲ ਦਫ਼ਤਰ ਕੱਥੂਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 21/0574 ਐਮ, 12 ਹਾਰਸ ਪਾਵਰ ਜੋ ਕਿ ਸ੍ਰੀ ਪਲਵਿੰਦਰ ਸਿੰਘ ਪੁੱਤਰ ਸ: ਅਨੂਪ ਸਿੰਘ ਵਾਸੀ ਪਿੰਡ ਜੇਠੂਵਾਲ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਰਕਬਾ ਜੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਸ੍ਰੀ ਰਜਿੰਦਰ ਸਿੰਘ ਪੁੱਤਰ ਰੂੜ ਸਿੰਘ ਵਾਸੀ ਪਿੰਡ ਜੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਕਰਨ ਦੀ ਅਰਜ਼ੀ ਆਈ ਹੈ। ਇਤਰਾਜ਼ 10 ਦਿਨਾਂ ਦੇ ਅੰਦਰ ਉਪ-ਮੰਡਲ ਦਫ਼ਤਰ ਕੱਥੂਨੰਗਲ ਵਿਖੇ ਪੇਸ਼ ਕੀਤਾ ਜਾ ਸਕਦਾ ਹੈ।

## ਆਮ ਸੂਚਨਾ

ਮੈਂ ਮੇਲਾ ਰਾਮ ਪੁੱਤਰ ਰਾਮ ਚੰਦ ਪਿੰਡ ਰੰਗਾਂ ਤਹਿਸੀਲ ਚਮਕੌਰ ਸਾਹਿਬ (ਰੋਪੜ) ਬਿਆਨ ਕਰਦਾ ਹਾਂ ਕਿ ਮੇਰਾ ਮਾਲ ਰਿਕਾਰਡ ਵਿੱਚ ਨਾਮ ਮੇਲਾ ਰਾਮ ਚੱਲਦਾ ਹੈ ਜਦੋਂ ਕਿ ਇੱਕ ਰਿਕਾਰਡ ਵਿੱਚ ਮੇਰਾ ਨਾਮ ਸੱਤਪਾਲ ਸਿੰਘ ਚੱਲਦਾ ਹੈ। ਮੈਂ ਉਕਤ ਦੋਵੇਂ ਨਾਵਾਂ ਵਾਲਾ ਇੱਕੋ ਵਿਅਕਤੀ ਹਾਂ। ਸੰਬੰਧਤ ਨੋਟ ਕਰਨ।

ਮੈਂ, ਕ੍ਰਿਸ਼ਨਾ ਪਤਨੀ ਲੇਟ ਗਿਆਨ ਚੰਦ ਵਾਸੀ Vill. ਕੰਗਨੀਵਾਲ, PO. ਹਜ਼ਾਰਾ, ਜ਼ਿਲ੍ਹਾ ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਮਨਦੀਪ ਨਰ ਨੂੰ ਅਖਬਾਰ ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਪਰ ਹੁਣ ਮੇਰਾ ਲੜਕਾ ਮੇਰੇ ਕਹਿਣੇਕਾਰ ਹੈ। ਇਸ ਲਈ ਮੈਂ ਆਪਣੀ ਬੇਦਖਲੀ ਰੱਦ ਕਰਦੀ ਹਾਂ। ਸੰਬੰਧਤ ਨੋਟ ਕਰਨ।

ਮੈਂ, ਸਤਨਾਮ ਸਿੰਘ ਪੁੱਤਰ ਕਰਤਾਰ ਸਿੰਘ, ਵਾਸੀ ਨੇੜੇ ਦੁਰਗਾ ਮੰਦਰ, ਔਜਲਾ ਫਾਟਕ, ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਰਬਜੀਤ ਸਿੰਘ ਅਤੇ ਉਸਦੀ ਪਤਨੀ ਨੇਹਾ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮੈਂ ਇਨ੍ਹਾਂ ਦੋਵਾਂ ਨੂੰ ਬੇਦਖਲ ਕਰ ਦਿੱਤਾ ਹੋਇਆ ਸੀ। ਇਹ ਕਿ ਹੁਣ ਮੇਰਾ ਲੜਕਾ ਸਰਬਜੀਤ ਸਿੰਘ ਅਤੇ ਉਸਦੀ ਪਤਨੀ ਨੇਹਾ, ਮੇਰੇ ਕਹਿਣੇਕਾਰ ਹਨ ਅਤੇ ਮੇਰੀ ਸੇਵਾ ਵੀ ਕਰਦੇ ਹਨ।ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਅਤੇ ਉਸਦੀ ਪਤਨੀ ਦੇ ਬੇਦਖਲੀ ਵਾਪਿਸ ਲੈਂਦਾ ਹਾਂ। ਅੱਜ ਤੋਂ ਮੇਰਾ ਲੜਕਾ ਅਤੇ ਉਸਦੀ ਪਤਨੀ ਮੇਰੀ ਜਾਇਦਾਦ ਦੇ ਹੱਕਦਾਰ ਹੋਣਗੇ।

ਮੈਂ ਸੁਖਰਾਜ ਸਿੰਘ ਪੁੱਤਰ ਚਰਨਜੀਤ ਸਿੰਘ, ਵਾਸੀ ਤਿੰਮੋਵਾਲ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਭਰਾ ਬਿਕਰਮਜੀਤ ਸਿੰਘ, ਜੋ ਕਿ ਮੇਰੇ ਕਹਿਣੇ ਵਿੱਚ ਨਹੀਂ ਹੈ, ਮੈਂ ਉਸ ਨਾਲੋਂ ਆਪਣਾ ਨਾਤਾ ਤੋੜਦਾ ਹਾਂ। ਉਸ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਹਰੀ ਚੰਦ, ਮਾਰਫਤ ਰਾਧਾ ਸੁਆਮੀ ਸਤਿਸੰਗ ਬਿਆਸ ਰਜਿਸਟਰਡ ਸੁਸਾਇਟੀ ਦੇ ਨਾਮ 'ਤੇ ਚੱਲਦਾ ਟਿਊਬਵੈਲ ਕੁਨੈਕਸ਼ਨ ਏ.ਪੀ.27/3267ਏ ਨੂੰ ਹਰਪ੍ਰੀਤ ਕੌਰ ਪਤਨੀ ਮਨਦੀਪ ਸਿੰਘ, ਸਠਿਆਲਾ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ। ਇਤਰਾਜ 7 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁੱਜਣ।

ਮੁਖਤਾਰ ਸਿੰਘ ਪੁੱਤਰ ਬਸੰਤ ਸਿੰਘ, ਵਾਸੀ ਕੰਮੋਕੇ ਨਾਮ ਚੱਲਦਾ ਟਿਊਬਵੈਲ ਕੁਨੈਕਸ਼ਨ ਏ. ਪੀ. 16/1718-ਐਨ ਨੂੰ ਮਲਕੀਤ ਸਿੰਘ ਪੁੱਤਰ ਮੁਖਤਾਰ ਸਿੰਘ, ਕੰਮੋਕੇ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ। ਇਤਰਾਜ 7 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁੱਜਣ।

## ਬੇਦਖਲੀ ਨੋਟਿਸ

ਮੈਂ ਜੀਵਨ ਲਾਲ ਪੁੱਤਰ ਕਰਨੈਲ ਚੰਦ ਪਿੰਡ ਬਸੀ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਪੁੱਤਰ ਜਸਪ੍ਰੀਤ ਉਰਫ ਜੱਸਾ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ ਅਤੇ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਜੇ ਕੋਈ ਲੈਣ ਦੇਣ ਰਖੇਗਾ, ਤਾਂ ਉਸ ਦਾ ਉਹ ਖੁਦ ਜੁੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਤਰਸੇਮ ਸਿੰਘ ਪੁੱਤਰ ਮੁਖਤਾਰ ਸਿੰਘ ਵਾਸੀ 305, ਗੁਮਾਨਪੁਰਾ, ਛੇਹਰਟਾ, ਅੰਮ੍ਰਿਤਸਰ ਆਪਣੇ ਲੜਕੇ ਗੁਰਪ੍ਰੀਤ ਸਿੰਘ ਅਤੇ ਨੂੰਹ ਪੂਜਾ ਜ਼ੋ ਮੇਰੇ ਕਹਿਣੇ ਵਿੱਚ ਨਹੀ ਹਨ, ਮੇਰੀ ਕੋਈ ਗੱਲ ਨਹੀ ਮੰਨਦੇ, ਆਪਣੀ ਮਰਜੀ ਕਰਦੇ ਹਨ, ਘਰ ਵਿੱਚ ਲੜਾਈ ਝਗੜਾ ਕਰਦੇ ਹਨ ਨੂੰ ਆਪਣੀ ਚੱਲ ਅਚੱਲ, ਚੁਕਵੀ ਅਣਚੁੱਕਵੀ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਦੇ ਕਿਸੇ ਵੀ ਮਾੜੇ ਚੰਗੇ ਕੰਮ, ਲੈਣ ਦੇਣ, ਨਫੇ ਨੁਕਸਾਨ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਹੁਣ ਗੁਰਪ੍ਰੀਤ ਸਿੰਘ ਨਾਲ ਕੋਈ ਵੀ ਰਿਸ਼ਤਾ ਨਹੀ ਰਿਹਾ।

ਮੈਂ ਕੀਮਾ ਪੁੱਤਰ ਸੁਲੇਮਾਨ ਵਾਸੀ ਰਾਮ ਨਗਰ ਬਸਤੀ ਧੂਰੀ ਪਿੰਡ ਧੂਰੀ (ਸੰਗਰੂਰ) ਆਪਣੇ ਲੜਕੇ ਸਾਹਿਲ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲੇ ਖੁਦ ਜਿੰਮੇਵਾਰ ਹੋਣਗੇ।

ਮੈਂ, ਰਾਮੇਸ਼ ਕੁਮਾਰ ਪੁੱਤਰ ਹੇਮ ਰਾਜ ਵਾਰਡ ਨੰ: 9 ਲਹਿਰਾਗਾਗਾ, ਤਹਿਸੀਲ ਲਹਿਰਾ, ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਨੈਨਸੀ ਰਾਣੀ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਅਤੇ ਮੇਰਾ ਬਾਕੀ ਪਰਵਾਰ ਉਸ ਨਾਲ ਕੋਈ ਰਿਸ਼ਤਾ ਨਾਤਾ/ ਸੰਬੰਧ ਨਹੀਂ ਹੋਵੇਗਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅੰਜਨਾ ਪਤਨੀ ਯਸ਼ਪਾਲ ਹੰਸ ਉਰਫ ਜਸਪਾਲ ਹੰਸ ਵਾਸੀ ਮਕਾਨ ਨੰ: 144/17 ਬੀ, ਗੁਰੂ ਨਾਨਕਪੁਰਾ ਵੈੱਸਟ, ਜਲੰਧਰ-1, ਚੁਗਿੱਟੀ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਾਹਿਲ ਹੰਸ ਅਤੇ ਇਸ ਦੀ ਪਤਨੀ ਸ਼ਿਲਪਾ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੇ ਨਾਲ ਚੰਗਾ ਵਰਤਾਓ ਨਹੀਂ ਕਰਦੇ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ -ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਸੁਰਿੰਦਰ ਸਿੰਘ ਪੁੱਤਰ ਸ਼ਰਮ ਸਿੰਘ, ਵਾਸੀ ਬੁੱਟਰ ਸਿਵੀਆ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਅਮਨਪ੍ਰੀਤ ਸਿੰਘ, ਨੂੰਹ ਕਿਰਨਜੀਤ ਕੌਰ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਨ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸ਼ਸ਼ੀ ਪਤਨੀ ਸਵ: ਸ੍ਰੀ ਦਦੇਸ਼ ਕੁਮਾਰ ਵਾਸੀ ਮਕਾਨ ਨੰ: 41-ਏ, ਗਲੀ ਨੰ: 6, ਮਧੂਬਨ ਕਾਲੋਨੀ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮਨੋਜ ਕੁਮਾਰ, ਉਸ ਦੀ ਪਤਨੀ ਅਰੁਨਾ ਰਾਣੀ ਅਤੇ ਉਨ੍ਹਾਂ ਦਾ ਲੜਕਾ ਕ੍ਰਿਸ਼ ਅਤੇ ਨਵੀਨ ਕੁਮਾਰ, ਉਸ ਦੀ ਪਤਨੀ ਲਵਲੀ ਰਾਣੀ ਅਤੇ ਉਨ੍ਹਾਂ ਦਾ ਲੜਕਾ ਕਹਾਨ ਮੇਰੇ ਕਹਿਣੇ ਤੋਂ ਬਾਹਰ ਹਨ। ਮੈਨੂੰ ਅਤੇ ਮੇਰੇ ਬਾਕੀ ਪਰਵਾਰਕ ਮੈਂਬਰਾਂ ਨੂੰ ਤੰਗ-ਪ੍ਰੇਸ਼ਾਨ ਅਤੇ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਦਰਸ਼ਨ ਸਿੰਘ ਪੁੱਤਰ ਬਸੰਤ ਸਿੰਘ ਅਤੇ ਬਲਬੀਰ ਕੌਰ ਪਤਨੀ ਦਰਸ਼ਨ ਸਿੰਘ ਵਾਸੀਆਨ ਪਿੰਡ ਖੁਰਮਨੀਆ, ਡਾਕਖਾਨਾ ਖਾਸਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਬਿਕਰਮਜੀਤ ਸਿੰਘ ਅਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਬਾਕੀ ਪਰਵਾਰ ਦੇ ਮੈਂਬਰਾਂ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਭੁਪਿੰਦਰ ਕੌਰ ਪਤਨੀ ਪਰਦੁਮਨ ਸਿੰਘ ਵਾਸੀ ਮਕਾਨ ਨੰਬਰ 8, ਗਲੀ ਨੰਬਰ 2, ਭਾਈ ਘਨੱਯਾ ਗੁਰਦੁਆਰਾ, ਨਿਊ ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ-1, ਅੰਮ੍ਰਿਤਸਰ, ਪੰਜਾਬ 143501 ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰਜੀਤ ਕੌਰ ਪਤਨੀ ਬਚਨ ਸਿੰਘ ਵਾਸੀ ਪਿੰਡ ਬੋਡੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਦੀਪ ਸਿੰਘ ਸੋਨੂੰ ਅਤੇ ਨੂੰਹ ਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਿਕਰ ਸਿੰਘ ਪੁੱਤਰ ਬਲੀ ਰਾਮ ਵਾਸੀ ਲੋਧੀ ਭੁਲਾਣਾ, ਤਹਿਸੀਲ ਤੇ ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਰਨਬੀਰ ਸਿੰਘ ਮੇਰੇ ਕਹਿਣੇਕਾਰ ਨਹੀਂ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕਿਸਾਨਾਂ ਨੂੰ ਪਰਾਲੀ ਦੀ ਸਾਂਭ-ਸੰਭਾਲ ਸੰਬੰਧੀ ਦਿੱਤੀ ਜਾਣਕਾਰੀ



**ਬੁਢਲਾਡਾ (ਅਸ਼ੋਕ ਲਾਕੜਾ)** ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਗੁਰਦੀਪ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਸਬੰਧੀ ਪਿੰਡ ਮੋਹਰ ਸਿੰਘ ਵਾਲਾ ਵਿਖੇ ਪਿੰਡ ਪੱਧਰੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਸਹਾਇਕ ਪ੍ਰੋਫੈਸਰ ਗ੍ਰਹਿ ਵਿਗਿਆਨ ਮੈਡਮ ਰਾਜਿੰਦਰ ਕੌਰ ਸਿੱਧੂ ਨੇ ਦੱਸਿਆ ਕਿ ਪਰਾਲੀ ਦੇ ਨਾੜ ਨੂੰ ਅੱਗ ਲਾਉਣ ਨਾਲ ਵਾਤਾਵਰਣ ਪ੍ਰਦੂਸ਼ਤ ਹੁੰਦਾ ਹੈ, ਜਿਸਦੇ ਫ਼ਲਸਰੂਪ ਬੱਚਿਆਂ ਤੇ ਬਜ਼ੁਰਗਾਂ ਦੀ ਸਿਹਤ ਉੱਪਰ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ।ਉਨ੍ਹਾਂ ਕਿਸਾਨਾਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਉਪਲਬਧ ਸਹੂਲਤਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ।ਕੈਂਪ ਦੌਰਾਨ ਉਨ੍ਹਾਂ ਨੌਜਵਾਨਾਂ ਨੂੰ ਖੇਤੀ ਸਹਾਇਕ ਧੰਦਿਆਂ ਨੂੰ ਅਪਣਾਉਣ ਲਈ ਵੀ ਪ੍ਰੇਰਿਆ। ਇੰਜਨੀਅਰ ਅਲੋਕ ਗੁਪਤਾ ਨੇ ਪਰਾਲੀ ਪ੍ਰਬੰਧਨ ਸਬੰਧੀ ਪੀ.ਏ.ਯੂ. ਸਮਾਰਟ ਸੀਡਰ, ਸਰਫੇਸ ਸੀਡਰ, ਹੈਪੀ ਸੀਡਰ ਤੇ ਹੋਰ ਮਸ਼ੀਨਰੀ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਪਰਾਲੀ ਨੂੰ ਖੇਤ ਵਿੱਚ ਹੀ ਸੰਭਾਲਣ ਦੇ ਲਾਭ ਸਾਂਝੇ ਕੀਤੇ।ਉਨ੍ਹਾਂ ਦੱਸਿਆ ਕਿ ਸਰਫੇਸ ਸੀਡਰ, ਹੈਪੀ ਸੀਡਰ ਨਾਲ ਬੀਜੀ ਕਣਕ ਦੀ ਬਿਜਾਈ ਲਈ ਬੀਜ ਦੀ ਮਾਤਰਾ 45 ਕਿਲੋ ਤੇ ਡੀਏਪੀ 65 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕਰਨੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਕਿਸਾਨਾਂ ਨੂੰ ਬਹੁਤ ਹੀ ਘੱਟ ਕਿਰਾਏ ਉੱਪਰ ਪਰਾਲੀ ਪ੍ਰਬੰਧਨ ਲਈ ਮਸ਼ੀਨਰੀ ਮੁਹੱਈਆਂ ਕਰਾਈ ਜਾਂਦੀ ਹੈ। ਸਹਾਇਕ ਪ੍ਰੋਫੈਸਰ ਪਸ਼ੂ ਵਿਗਿਆਨ ਡਾ. ਅਜੇ ਸਿੰਘ ਨੇ ਝੋਨੇ ਦੀ ਪਰਾਲੀ ਨੂੰ ਪਸ਼ੂਆਂ ਦੀ ਖੁਰਾਕ ਅਤੇ ਡੇਅਰੀ ਵਿੱਚ ਬੈਡਿੰਗ ਸਮੱਗਰੀ ਵਜੋਂ ਵਰਤਣ ਬਾਰੇ ਦੱਸਿਆ।ਸਹਾਇਕ ਪ੍ਰੋਫੈਸਰ ਪੌਦ ਸੁਰੱਖਿਆ ਡਾ. ਰਣਵੀਰ ਸਿੰਘ ਨੇ ਕਿਸਾਨਾਂ ਨੂੰ ਹਾੜ੍ਹੀ ਦੀਆਂ ਫ਼ਸਲਾਂ ਲਈ ਯੂਨੀਵਰਸਿਟੀ ਦੇ ਦਰਸਾਏ ਪੈਮਾਨਿਆਂ ਮੁਤਾਬਿਕ ਕੀਟਨਾਸ਼ਕ ਵਰਤਣ ਲਈ ਪ੍ਰੇਰਿਆ। ਉਨ੍ਹਾਂ ਕਣਕ ਦੇ ਬੀਜ ਦੀ ਜੀਵਾਣੂ ਟੀਕੇ ਨਾਲ ਸੋਧ ਬਾਰੇ ਜਾਣਕਾਰੀ ਦਿੱਤੀ ਤੇ ਜੀਵਾਣੂ ਟੀਕੇ ਦੀ ਜ਼ਮੀਨ ਦੇ ਸਿਹਤ ਅਤੇ ਫ਼ਸਲ ਦੇ ਝਾੜ ਵਧਾਉਣ ਪ੍ਰਤੀ ਮੱਹਤਤਾ ਬਾਰੇ ਜਾਗਰੂਕ ਕੀਤਾ।

# ਪਾਣੀ ਦੀ ਸਪਲਾਈ ਸੁਚਾਰੂ ਬਣਾਉਣ ਲਈ ਦੋ ਟਿਊਬਵੈੱਲ ਪ੍ਰੋਜੈਕਟਾਂ ਦਾ ਉਦਘਾਟਨ



**ਲੁਧਿਆਣਾ (ਰਾਜ ਸਿੰਗਲਾ)** ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਸੁਚਾਰੂ ਬਣਾਉਣ ਲਈ, ਲੁਧਿਆਣਾ ਉੱਤਰੀ ਦੇ ਵਿਧਾਇਕ ਮਦਨ ਲਾਲ ਬੱਗਾ ਨੇ ਸੰਤੋਖ ਨਗਰ ਵਾਰਡ ਨੰਬਰ 88 ਤੇ ਸਰਦਾਰ ਨਗਰ ਵਾਰਡ ਨੰਬਰ 86 ਵਿੱਚ ਦੋ ਟਿਊਬਵੈੱਲ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਸੰਤੋਖ ਨਗਰ ਸ਼ਿਵਪੁਰੀ ਦੀ ਗਲੀ ਨੰਬਰ 8 ਤੇ ਸਰਦਾਰ ਨਗਰ ਨੇੜੇ ਆਮ ਆਦਮੀ ਕਲੀਨਿਕ ਦੋਵਾਂ ਇਲਾਕਿਆਂ ਵਿੱਚ ਲਗਭਗ 12.53 ਲੱਖ ਰੁਪਏ ਦੀ ਲਾਗਤ ਨਾਲ 25 ਐਚ.ਪੀ ਦੇ ਟਿਊਬਵੈੱਲ ਲਾਏ ਗਏ ਹਨ। ਵਿਧਾਇਕ ਬੱਗਾ ਨੇ ਦੱਸਿਆ ਕਿ ਇਲਾਕਾ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤੇ ਉਨ੍ਹਾਂ ਨੇ ਪਿਛਲੇ ਸਮੇਂ ਵਿੱਚ ਇਹ ਮੁੱਦਾ ਉਠਾਇਆ ਸੀ। ਦੋਵਾਂ ਇਲਾਕਿਆਂ ਦੇ ਵਸਨੀਕਾਂ ਦੀ ਮੰਗ ਨੂੰ ਪੂਰਾ ਕਰਦਿਆਂ ਵੱਡੀ ਪੱਧਰ 'ਤੇ ਵਸਨੀਕਾਂ ਦੀ ਸਹੂਲਤ ਲਈ ਟਿਊਬਵੈੱਲ ਲਾਏ ਗਏ ਹਨ। ਵਿਧਾਇਕ ਬੱਗਾ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ।ਉਨ੍ਹਾਂ ਅੱਗੇ ਦੱਸਿਆ ਕਿ ਲੁਧਿਆਣਾ ਉੱਤਰੀ ਹਲਕੇ ਵਿੱਚ ਮਿਆਰੀ ਬੁਨਿਆਦੀ ਢਾਂਚੇ ਦੇ ਵਿਕਾਸ ਤੇ ਵਸਨੀਕਾਂ ਨੂੰ ਰਾਹਤ ਦੇਣ ਲਈ ਵੱਡੀ ਗਿਣਤੀ ਵਿੱਚ ਵਿਕਾਸ ਪ੍ਰੋਜੈਕਟ ਕਰਾਏ ਜਾ ਰਹੇ ਹਨ।

# ਨੈਤਿਕ ਤੇ ਧਾਰਮਿਕ ਪ੍ਰੀਖਿਆ ਸਫ਼ਲਤਾ ਪੂਰਵਕ ਸੰਪੂਰਨ



**ਬੁਢਲਾਡਾ (ਅਸ਼ੋਕ ਲਾਕੜਾ)**-ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਹਰ ਸਾਲ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਬਾਰੇ ਜਾਣੂ ਕਰਵਾਉਣ ਤੇ ਸਿੱਖ ਇਤਿਹਾਸ ਨਾਲ ਜੋੜਨ ਲਈ ਇੱਕ ਪ੍ਰੀਖਿਆ ਸਾਰੇ ਦੇਸ਼ ਵਿੱਚ ਲਈ ਜਾਂਦੀ ਹੈ।ਅਜੋਕੇ ਸਮੇਂ ਇਸ ਦੀ ਬਹੁਤ ਲੋੜ ਹੈ।ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੇ ਸਰਕਲ ਇੰਚਾਰਜ ਮਾਸਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਬੁਢਲਾਡਾ ਦੇ ਕਈ ਸਕੂਲਾਂ ਵਿੱਚ ਇਹ ਪ੍ਰੀਖਿਆ ਪਿਛਲੇ ਦਿਨੀਂ ਬਹੁਤ ਵਧੀਆ ਢੰਗ ਨਾਲ ਨੇਪਰੇ ਚੜ੍ਹੀ, ਜਿਸ ਸਕੂਲ ਵਿੱਚ 50 ਤੋਂ ਵੱਧ ਵਿਦਿਆਰਥੀ ਦਾਖਲਾ ਭਰਦੇ ਹਨ, ਉੱਥੇ ਪ੍ਰੀਖਿਆ ਸੈਂਟਰ ਬਣਦਾ ਹੈ।ਪਾਸ ਬੱਚਿਆਂ ਨੂੰ ਸਰਟੀਫਿਕੇਟ ਤੇ 60 ਪ੍ਰਤੀਸ਼ਤ ਤੋਂ ਵੱਧ ਨੰਬਰਾਂ ਵਾਲਿਆਂ ਨੂੰ ਸ਼ਾਨਦਾਰ ਸਨਮਾਨ ਚਿੰਨ੍ਹ ਵੀ ਦਿੱਤੇ ਜਾਂਦੇ ਹਨ।ਇਸ ਪ੍ਰੀਖਿਆ ਨੂੰ ਨੇਪਰੇ ਚਾੜ੍ਹਨ ਲਈ ਜਿੱਥੇ ਸਕੂਲ ਸਟਾਫ਼ ਨੇ ਸਹਿਯੋਗ ਦਿੱਤਾ, ਉੱਥੇ ਹੀ ਡਿਊਟੀ ਦੇਣ ਵਾਲੇ ਸੱਜਣਾਂ ਸੁਖਦਰਸ਼ਨ ਸਿੰਘ ਕੁਲਾਨਾ, ਬਲਬੀਰ ਸਿੰਘ ਕੈਂਥ, ਮਿਸਤਰੀ ਮਿੱਠੂ ਸਿੰਘ, ਰਜਿੰਦਰ ਵਰਮਾ, ਲੈਕਚਰਾਰ ਕਰਨੈਲ ਸਿੰਘ, ਮਾਸਟਰ ਜਸਪ੍ਰੀਤ ਸਿੰਘ, ਕੁਲਵਿੰਦਰ ਸਿੰਘ ਈ ਓ, ਲਖਵਿੰਦਰ ਸਿੰਘ ਲੱਖੀ, ਮੇਜਰ ਸਿੰਘ ਬਛੂਆਣਾ, ਜਗਮੋਹਨ ਸਿੰਘ, ਸੋਹਣ ਸਿੰਘ, ਨੱਥਾ ਸਿੰਘ, ਮਹਿੰਦਰ ਪਾਲ ਸਿੰਘ, ਪ੍ਰਿੰਸ, ਪਰਮਿੰਦਰ ਕੌਰ, ਜੀਵਨਜੋਤ ਕੌਰ, ਮੈਡਮ ਕਮਲ ਰਾਣੀ ਆਦਿ ਦਾ ਬਹੁਤ ਵੱਡਾ ਯੋਗਦਾਨ ਰਿਹਾ।ਮਾਸਟਰ ਕੁਲਵੰਤ ਸਿੰਘ ਨੇ ਸਾਰਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦਾ ਇਹ ਸ਼ਲਾਘਾਯੋਗ ਉਪਰਾਲਾ ਹੈ।

# ਸੰਦੀਪ ਤੁਲੀ ਚੈਰੀਟੇਬਲ ਸੁਸਾਇਟੀ ਨੇ ਬੱਚਿਆਂ ਨੂੰ ਬੈਗ ਵੰਡੇ



**ਮਲੋਟ, (ਗੁਰਮੀਤ ਸਿੰਘ ਮੱਕੜ)** : ਸਥਾਨਕ ਸੰਦੀਪ ਤੁਲੀ ਚੈਰੀਟੇਬਲ ਸੁਸਾਇਟੀ, ਜਿਸ ਦਾ ਮਿਸ਼ਨ ਬੱਚਿਆਂ ਨੂੰ ਭਿੱਖਿਆ ਦੇ ਰਾਹ ਤੋਂ ਸਿੱਖਿਆ ਦੇ ਰਾਹ ਵੱਲ ਲੈ ਕੇ ਜਾਣਾ, ਜਿਸ ਤਹਿਤ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਸਥਾ ਵੱਲੋਂ ਦੀਵਾਲੀ ਅਨਾਥ ਤੇ ਲੋੜਵੰਦ ਬੱਚਿਆਂ ਨਾਲ ਮਨਾਈ ਗਈ, ਜਿਸ ਵਿੱਚ ਅਨਾਥ ਬੱਚਿਆਂ ਨੂੰ ਨਵੇਂ ਕੱਪੜੇ ਤੇ 150 ਲੋੜਵੰਦ ਬੱਚਿਆਂ ਨੂੰ ਸਕੂਲ ਬੈਗ ਵੰਡੇ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ੍ਰੀ ਪ੍ਰਾਜੇਸ਼ ਫਰੰਡ ਸੰਚਾਲਕ ਫਰੰਡ ਗੈਸ ਸਰਵਿਸ ਮਲੋਟ ਤੋਂ ਪਹੁੰਚੇ, ਜਿਨ੍ਹਾਂ ਵੱਲੋਂ ਆਪਣੀ ਮਾਤਾ-ਪਿਤਾ ਦੀ ਯਾਦ ਵਿੱਚ ਇਨ੍ਹਾਂ ਬੱਚਿਆਂ ਨੂੰ ਕੱਪੜੇ ਵੰਡੇ ਗਏ ਅਤੇ ਸਾਰੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਬੈਗ ਵੰਡੇ ਗਏ। ਇਸ ਮੌਕੇ ਸੰਸਥਾ ਦੇ ਪ੍ਰਧਾਨ ਮਨੀ ਤੁਲੀ ਨੇ ਪਹੁੰਚੇ ਹੋਏ ਸਾਰੇ ਮਹਿਮਾਨਾਂ ਅਤੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਚੱਲ ਰਹੇ ਮਿਸ਼ਨ ਭਿੱਖਿਆ ਦੇ ਰਾਹ ਤੋਂ ਸਿੱਖਿਆ ਦੇ ਰਾਹ ਵੱਲ ਦਾ ਸਾਥ ਦੇਣ ਲਈ ਕਿਹਾ। ਇਸ ਮੌਕੇ ਸ਼ਾਨੇ-ਪੰਜਾਬ ਗਰੁੱਪ ਤੋਂ ਰਵੀ ਬਾਂਸਲ, ਰੈਡੀਮੇਡ ਕੱਪੜਾ ਐਸੋਸੀਏਸ਼ਨ ਦੇ ਪ੍ਰਧਾਨ ਪਾਲੀ ਮੱਕੜ, ਬ੍ਰਿਟਿਸ਼ ਅਕੈਡਮੀ ਤੋਂ ਰੂਬੀ ਮੱਕੜ, ਓਰੈਕਲ ਇੰਟਰਨੈਸ਼ਨਲ ਸਕੂਲ ਦੇ ਚੇਅਰਮੈਨ ਸਾਹਿਬ ਸਿੰਘ, ਵਾਈਸ ਚੇਅਰਮੈਨ ਮੇਜਰ ਸਿੰਘ, ਨਿਊਟਨ ਵਰਲਡ ਸਕੂਲ ਤੋਂ ਚੇਅਰਮੈਨ ਅਮਰੀਸ਼ ਬਰਾੜ, ਵਿੱਕੀ ਨਰੂਲਾ, ਫਾਸਟ ਟਰੈਕ ਇਮੀਗ੍ਰੇਸ਼ਨ ਤੋਂ ਯਾਦਵਿੰਦਰ ਭੁੱਲਰ, ਮਲੋਟ ਨਿਊਜ਼ ਦੇ ਸੰਪਾਦਕ ਰੋਹਿਤ ਕਾਲੜਾ, ਬਾਂਸਲ ਕਲਾਥ ਤੋਂ ਵਰਿੰਦਰ ਬਾਂਸਲ, ਸਹਿਣਾ ਖੇੜਾ ਦੇ ਸਰਪੰਚ ਖੁਸ਼ਵੀਰ ਮਾਨ, ਅਬੁੱਲ ਖੁਰਾਣਾ ਦੇ ਸਰਪੰਚ ਵਿੱਕੀ, ਮੈਂਬਰ ਕਾਲਾ ਮਾਨ, ਕਲਾਕਾਰ ਬਲਰਾਜ ਮਾਨ, ਆਰਟਿਸਟ ਤਰਸੇਮ ਰਾਹੀ, ਰਾਹੁਲ ਵਲੇਚਾ, ਮੈਡਮ ਜਸ਼ਨਜੋਤ ਅਬੁੱਲ ਖੁਰਾਣਾ, ਕੋਮਲ ਮੈਡਮ ਮਲੋਟ, ਮਨੀਸ਼ਾ ਮੈਡਮ, ਲਕਸ਼ ਮੈਡਮ, ਰੋਜ਼ੀ ਮੈਡਮ, ਨੀਲਮ ਤੁਲੀ, ਨਿਧੀ ਮੈਡਮ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਦਾਨੀ ਸੱਜਣ ਲਗਾਤਾਰ ਸਹਿਯੋਗ ਦੇ ਰਹੇ : ਜਥੇ. ਹਰਵਿੰਦਰ ਸਿੰਘ ਖਾਲਸਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦੇ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਦੀ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦੇ ਹੋਏ ਸੰਸਥਾ ਮੁਖੀ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੀ ਆਪਾਰ ਮੇਹਰ ਸਦਕਾ ,ਇਲਾਕਾ ਨਿਵਾਸੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਸੰਗਤਾਂ ਦੂਰੋਂ ਦੂਰੋਂ ਦਵਾਈਆਂ ਲੈਣ ਆ ਰਹੀਆਂ ਹਨ। ਸੰਗਤਾਂ ਲਗਾਤਾਰ ਆਪਣਾ ਸਹਿਯੋਗ ਦੇ ਰਹੀਆਂ ਹਨ। ਪਿੰਡ ਭੂੰਗਰਨੀ ਨਿਵਾਸੀ ਸਤਿੰਦਰ ਸਿੰਘ ਪਰਹਾਰ (ਇਟਲੀ) ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ 15000 ਰੁਪਏ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਲਈ ਦਵਾਈਆਂ ਵਾਸਤੇ ਸੇਵਾ ਸੰਸਥਾ ਨੂੰ ਦਿੱਤੀ ਗਈ ਹੈ। ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਸਤਿੰਦਰ ਸਿੰਘ ਪਰਹਾਰ ਭੂੰਗਰਨੀ, ਡਾ. ਤਰਸੇਮ ਸਿੰਘ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ, ਸੰਦੀਪ ਕੌਰ ਪਾਂਸ਼ਟਾ, ਬਲਜੀਤ ਕੌਰ ਨਰੂੜ, ਸਿਮਰਨ ਕੌਰ ਨਰੂੜ, ਲਵਪ੍ਰੀਤ ਕੌਰ ਸਰਹਾਲਾ, ਜਤਿੰਦਰ ਸਿੰਘ ਰਾਣਾ ਖਾਲਸਾ, ਕਮਲਜੀਤ ਸਿੰਘ ਰਾਣਾ, ਜਸਪ੍ਰੀਤ ਸਿੰਘ ਅਜਨੋਹਾ ਆਦਿ ਹਾਜ਼ਰ ਸਨ।

# ਤਿਉਹਾਰ ਵਿਸ਼ੇਸ਼ ਰੇਲਗੱਡੀਆਂ-2024

ਦੀਵਾਲੀ ਅਤੇ ਛੱਠ ਪੂਜਾ ਤਿਉਹਾਰਾਂ ਦੇ ਦੌਰਾਨ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਉਤਰ ਰੇਲਵੇ ਦੁਆਰਾ ਹੋਰ ਖੇਤਰੀ ਰੇਲਾਂ ਦੇ ਸਹਿਯੋਗ ਨਾਲ ਹੇਠਾਂ ਲਿਖਤ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਚਲਾਈਆਂ ਜਾਣਗੀਆਂ, ਜਿਨ੍ਹਾਂ ਦਾ ਵੇਰਵਾ ਹੇਠਾਂ ਅਨੁਸਾਰ ਹੈ:-

## ਉਤਰ ਰੇਲਵੇ ਨੈਟਵਰਕ ਨਾਲ ਯਾਤਰਾ ਸ਼ੁਰੂ ਕਰਨ ਵਾਲੀ/ਸਮਾਪਤ ਕਰਨ ਵਾਲੀਆਂ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ. | ਸਟੇਸ਼ਨ ਤੋਂ | ਪ੍ਰਸਥਾਨ ਸਮਾਂ | | ਆਗਮਨ ਸਮਾਂ | ਆਵ੍ਰਿਤੀ/ਚਲਣ ਦੇ ਦਿਨ | | ਚਲਣ ਮਿਤੀ |
|---|---|---|---|---|---|---|---|
| 02252 | ਨਵੀਂ ਦਿੱਲੀ (ਵੰਦੇ ਭਾਰਤ ਤਿਉਹਾਰ ਵਿਸ਼ੇਸ਼) | 08:25 | ਪਟਨਾ ਜੰ. | 20:00 | ਸਪਤਾਹ ਵਿਚ 3 ਦਿਨ | ਬੁਧਵਾਰ, ਸ਼ੁਕਰਵਾਰ, ਐਤਵਾਰ | 30.10.24 ਤੋਂ 06.11.24 |
| 02251 | ਪਟਨਾ ਜੰ. | 07:30 | ਨਵੀਂ ਦਿੱਲੀ | 19:00 | | ਵੀਰਵਾਰ, ਸ਼ਨੀਵਾਰ, ਸੋਮਵਾਰ | 31.10.24 ਤੋਂ 07.11.24 |
| 02270 | ਲਖਨਊ (ਵੰਦੇ ਭਾਰਤ ਤਿਉਹਾਰ ਵਿਸ਼ੇਸ਼) | 14:15 | ਛਪਰਾ | 21:30 | ਸਪਤਾਹ ਵਿਚ 6 ਦਿਨ | ਮੰਗਲਵਾਰ ਨੂੰ ਛੱਡ ਕੇ | 08.11.24 ਤਕ |
| 02269 | ਛਪਰਾ | 23:00 | ਲਖਨਊ | 06:30 | | ਮੰਗਲਵਾਰ ਨੂੰ ਛੱਡ ਕੇ | 08.11.24 ਤਕ |
| 02248 | ਨਵੀਂ ਦਿੱਲੀ (ਤੇਜਸ ਤਿਉਹਾਰ ਵਿਸ਼ੇਸ਼) | 08:25 | ਪਟਨਾ ਜੰ. | 20:30 | ਸਪਤਾਹ ਵਿਚ 3 ਦਿਨ | ਮੰਗਲਵਾਰ, ਵੀਰਵਾਰ, ਸ਼ਨੀਵਾਰ | 29.10.24 ਤੋਂ 05.11.24 |
| 02247 | ਪਟਨਾ ਜੰ. | 07:30 | ਨਵੀਂ ਦਿੱਲੀ | 19:35 | | ਬੁਧਵਾਰ, ਸ਼ੁਕਰਵਾਰ, ਐਤਵਾਰ | 30.10.24 ਤੋਂ 06.11.24 |
| 04052 | ਨਵੀਂ ਦਿੱਲੀ | 14:20 | ਜਯਨਗਰ | 15:40 | ਤਾਰੀਕ ਵਾਰ | ਸ਼ਨੀ, ਮੰਗਲ, ਸ਼ੁਕਰ, ਸੋਮ | 29.10.24, 01 ਅਤੇ 04.11.24 |
| 04051 | ਜਯਨਗਰ | 18:00 | ਨਵੀਂ ਦਿੱਲੀ | 18:50 | | ਐਤ, ਬੁਧ, ਸ਼ਨੀ, ਮੰਗਲ | 30.10.24, 02 ਅਤੇ 05.11.24 |
| 04054 | ਨਵੀਂ ਦਿੱਲੀ | 14:20 | ਬਰੌਨੀ ਜੰ. | 11:00 | ਤਾਰੀਕ ਵਾਰ | ਐਤ, ਬੁਧ, ਸ਼ਨੀ, ਮੰਗਲ | 30.10.24, 02 ਅਤੇ 05.11.24 |
| 04053 | ਬਰੌਨੀ ਜੰ. | 12:30 | ਨਵੀਂ ਦਿੱਲੀ | 09:10 | | ਸੋਮ, ਵੀਰ, ਐਤ, ਬੁਧ | 31.10.24, 03 ਅਤੇ 06.11.24 |
| 02250 | ਨਵੀਂ ਦਿੱਲੀ | 23:55 | ਪਟਨਾ ਜੰ. | 16:40 | ਸਪਤਾਹਿਕ | ਵੀਰਵਾਰ | 31.10.24 ਤਕ |
| 02249 | ਪਟਨਾ ਜੰ. | 17:50 | ਨਵੀਂ ਦਿੱਲੀ | 11:00 | | ਸ਼ੁਕਰਵਾਰ | 01.11.24 ਤਕ |
| 04075 | ਨਵੀਂ ਦਿੱਲੀ | 23:45 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 11:40 | ਸਪਤਾਹ ਵਿਚ 2 ਦਿਨ | ਬੁਧਵਾਰ, ਐਤਵਾਰ | 17.11.24 ਤਕ |
| 04076 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 21:20 | ਨਵੀਂ ਦਿੱਲੀ | 09:30 | | ਵੀਰਵਾਰ, ਸੋਮਵਾਰ | 18.11.24 ਤਕ |
| 04498 | ਆਨੰਦ ਵਿਹਾਰ ਟਰਮੀਨਲ | 19:30 | ਬਲਿਯਾ | 13:30 | ਸਪਤਾਹਿਕ | ਐਤਵਾਰ | 24.11.24 ਤਕ |
| 04497 | ਬਲਿਯਾ | 18:40 | ਆਨੰਦ ਵਿਹਾਰ ਟਰਮੀਨਲ | 14:25 | | ਸੋਮਵਾਰ | 25.11.24 ਤਕ |
| 04022 | ਆਨੰਦ ਵਿਹਾਰ ਟਰਮੀਨਲ | 11:40 | ਸੀਤਾਮੜੀ | 15:45 | ਸਪਤਾਹ ਵਿਚ 2 ਦਿਨ | ਬੁਧਵਾਰ, ਸ਼ੁਕਰਵਾਰ | 29.11.24 ਤਕ |
| 04021 | ਸੀਤਾਮੜੀ | 18:00 | ਆਨੰਦ ਵਿਹਾਰ ਟਰਮੀਨਲ | 18:05 | | ਵੀਰਵਾਰ, ਸ਼ਨੀਵਾਰ | 30.11.24 ਤਕ |
| 04032 | ਆਨੰਦ ਵਿਹਾਰ ਟਰਮੀਨਲ | 05:15 | ਸਹਰਸਾ ਜੰ. | 10:30 | ਸਪਤਾਹ ਵਿਚ ਪੰਜ ਦਿਨ | ਸੋਮ, ਮੰਗਲ, ਵੀਰ, ਸ਼ਨੀ, ਐਤ | 30.11.24 ਤਕ |
| 04031 | ਸਹਰਸਾ ਜੰ. | 13:00 | ਆਨੰਦ ਵਿਹਾਰ ਟਰਮੀਨਲ | 16:10 | | ਸੋਮ, ਮੰਗਲ, ਬੁਧ, ਸ਼ੁਕਰ, ਐਤ | 01.12.24 ਤਕ |
| 04624 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 23:45 | ਵਾਰਾਨਸੀ ਜੰ. | 23:55 | ਸਪਤਾਹਿਕ | ਐਤਵਾਰ | 17.11.24 ਤਕ |
| 04623 | ਵਾਰਾਨਸੀ ਜੰ. | 05:30 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 11:25 | | ਮੰਗਲਵਾਰ | 19.11.24 ਤਕ |
| 04080 | ਦਿੱਲੀ ਜੰ. | 19:30 | ਵਾਰਾਨਸੀ ਜੰ. | 09:45 | ਸਪਤਾਹ ਵਿਚ 3 ਦਿਨ | ਸੋਮਵਾਰ, ਵੀਰਵਾਰ, ਸ਼ਨੀਵਾਰ | 16.11.24 ਤਕ |
| 04079 | ਵਾਰਾਨਸੀ ਜੰ. | 18:25 | ਦਿੱਲੀ ਜੰ. | 08:50 | | ਮੰਗਲਵਾਰ, ਸ਼ੁਕਰਵਾਰ ਐਤਵਾਰ | 17.11.24 ਤਕ |
| 04530 | ਬਠਿੰਡਾ ਜੰ. | 20:50 | ਵਾਰਾਨਸੀ ਜੰ. | 17:30 | ਸਪਤਾਹ ਵਿਚ ਦੋ ਦਿਨ | ਸੋਮਵਾਰ, ਸ਼ੁਕਰਵਾਰ | 15.11.24 ਤਕ |
| 04529 | ਵਾਰਾਨਸੀ ਜੰ. | 20:40 | ਬਠਿੰਡਾ ਜੰ. | 17:00 | | ਮੰਗਲਵਾਰ, ਸ਼ਨੀਵਾਰ | 16.11.24 ਤਕ |
| 04096 | ਆਨੰਦ ਵਿਹਾਰ ਟਰਮੀਨਲ | 09:00 | ਅਯੁਧਿਆ ਕੈਂਟ | 22:00 | ਸਪਤਾਹ ਵਿਚ ਤਿੰਨ ਦਿਨ | ਸੋਮਵਾਰ, ਬੁਧਵਾਰ, ਸ਼ੁਕਰਵਾਰ | 18.11.24 ਤਕ |
| 04095 | ਅਯੁਧਿਆ ਕੈਂਟ | 09:00 | ਆਨੰਦ ਵਿਹਾਰ ਟਰਮੀਨਲ | 22:30 | | ਮੰਗਲਵਾਰ, ਵੀਰਵਾਰ, ਸ਼ਨੀਵਾਰ | 19.11.24 ਤਕ |
| 04518 | ਚੰਡੀਗੜ੍ਹ | 23:15 | ਗੋਰਖਪੁਰ | 18:20 | ਸਪਤਾਹਿਕ | ਵੀਰਵਾਰ | 14.11.24 ਤਕ |
| 04517 | ਗੋਰਖਪੁਰ | 22:05 | ਚੰਡੀਗੜ੍ਹ | 14:10 | | ਸ਼ੁਕਰਵਾਰ | 15.11.24 ਤਕ |
| 04060 | ਆਨੰਦ ਵਿਹਾਰ ਟਰਮੀਨਲ | 10:30 | ਜਯਨਗਰ | 15:15 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ੁਕਰਵਾਰ | 15.11.24 ਤਕ |
| 04059 | ਜਯਨਗਰ | 17:00 | ਆਨੰਦ ਵਿਹਾਰ ਟਰਮੀਨਲ | 19:55 | | ਬੁਧਵਾਰ, ਸ਼ਨੀਵਾਰ | 16.11.24 ਤਕ |
| 04068 | ਦਿੱਲੀ ਜੰ. | 19:30 | ਦਰਭੰਗਾ ਜੰ. | 16:30 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ੁਕਰਵਾਰ | 15.11.24 ਤਕ |
| 04067 | ਦਰਭੰਗਾ ਜੰ. | 18:00 | ਦਿੱਲੀ ਜੰ. | 16:35 | | ਬੁਧਵਾਰ, ਸ਼ਨੀਵਾਰ | 16.11.24 ਤਕ |
| 04044 | ਆਨੰਦ ਵਿਹਾਰ ਟਰਮੀਨਲ | 23:15 | ਗੋਰਖਪੁਰ | 14:00 | ਸਪਤਾਹ ਵਿਚ ਦੋ ਦਿਨ | ਸ਼ਨੀਵਾਰ, ਮੰਗਲਵਾਰ | 26.11.24 ਤਕ |
| 04043 | ਗੋਰਖਪੁਰ | 17:25 | ਆਨੰਦ ਵਿਹਾਰ ਟਰਮੀਨਲ | 10:40 | | ਐਤਵਾਰ, ਬੁਧਵਾਰ | 27.11.24 ਤਕ |
| 04217 | ਵਾਰਾਨਸੀ ਜੰ. | 06:25 | ਲਖਨਊ ਜੰ. | 11:45 | ਰੋਜਾਨਾ | ਸੋਮ, ਮੰਗਲ, ਬੁਧ | 22.11.24 ਤਕ |
| 04218 | ਲਖਨਊ ਜੰ. | 16:30 | ਵਾਰਾਨਸੀ ਜੰ. | 21:50 | | ਵੀਰ, ਸ਼ੁਕਰ, ਸ਼ਨੀ, ਐਤ | 22.11.24 |
| 04010 | ਆਨੰਦ ਵਿਹਾਰ ਟਰਮੀਨਲ | 23:45 | ਜੋਗਬਨੀ | 05:20 | ਸਪਤਾਹਿਕ | ਮੰਗਲਵਾਰ | 29.10.24 ਤੋਂ 12.11.24 |
| 04009 | ਜੋਗਬਨੀ | 09:00 | ਆਨੰਦ ਵਿਹਾਰ ਟਰਮੀਨਲ | 16:05 | | ਵੀਰਵਾਰ | 31.10.24 ਤੋਂ 14.11.24 |
| 04678 | ਫਿਰੋਜਪੁਰ ਕੈਂਟ ਜੰ. | 13:25 | ਪਟਨਾ ਜੰ. | 17:00 | ਸਪਤਾਹਿਕ | ਬੁਧਵਾਰ | 13.11.24 ਤਕ |
| 04677 | ਪਟਨਾ ਜੰ. | 18:45 | ਫਿਰੋਜਪੁਰ ਕੈਂਟ ਜੰ. | 22:40 | | ਵੀਰਵਾਰ | 14.11.24 ਤਕ |
| 04211 | ਵਾਰਾਨਸੀ ਜੰ. | 14:50 | ਚੰਡੀਗੜ੍ਹ | 07:45 | ਸਪਤਾਹਿਕ | ਸ਼ਨੀਵਾਰ | 16.11.24 ਤਕ |
| 04212 | ਚੰਡੀਗੜ੍ਹ | 09:30 | ਵਾਰਾਨਸੀ ਜੰ. | 01:20 | | ਐਤਵਾਰ | 17.11.24 ਤਕ |
| 04553 | ਸਹਾਰਨਪੁਰ | 04:40 | ਅੰਬਾਲਾ ਕੈਂਟ ਜੰ. | 06:45 | ਰੋਜਾਨਾ | ਸੋਮ, ਮੰਗਲ, ਬੁਧ, | 30.11.24 ਤਕ |
| 04554 | ਅੰਬਾਲਾ ਕੈਂਟ ਜੰ. | 20:20 | ਸਹਾਰਨਪੁਰ | 22:30 | | ਵੀਰ, ਸ਼ੁਕਰ, ਸ਼ਨੀ, ਐਤ | 30.11.24 ਤਕ |
| 04682 | ਜੰਮੂ ਤਵੀ | 23:20 | ਕੋਲਕਾਤਾ | 13:00 | ਸਪਤਾਹਿਕ | ਮੰਗਲਵਾਰ | 14.11.24 ਤਕ |
| 04681 | ਕੋਲਕਾਤਾ | 23:45 | ਜੰਮੂਤਵੀ | 12:30 | | ਵੀਰਵਾਰ | 14.11.24 ਤਕ |
| 04078 | ਆਨੰਦ ਵਿਹਾਰ ਟਰਮੀਨਲ | 23:55 | ਪਟਨਾ ਜੰ. | 16:25 | ਸਪਤਾਹਿਕ | ਸੋਮਵਾਰ | 18.11.24 ਤਕ |
| 04077 | ਪਟਨਾ ਜੰ. | 17:50 | ਆਨੰਦ ਵਿਹਾਰ ਟਰਮੀਨਲ | 11:00 | | ਮੰਗਲਵਾਰ | 19.11.24 ਤਕ |
| 04646 | ਜੰਮੂ ਤਵੀ | 05:45 | ਬਰੌਨੀ ਜੰ. | 12:10 | ਸਪਤਾਹਿਕ | ਵੀਰਵਾਰ | 14.11.24 ਤਕ |
| 04645 | ਬਰੌਨੀ ਜੰ. | 15:15 | ਜੰਮੂ ਤਵੀ | 22:30 | | ਸ਼ੁਕਰਵਾਰ | 15.11.24 ਤਕ |
| 04038 | ਦਿੱਲੀ ਜੰ. | 19:10 | ਆਜਮਗੜ੍ਹ | 11:30 | ਸਪਤਾਹਿਕ | ਐਤਵਾਰ | 17.11.24 ਤਕ |
| 04037 | ਆਜਮਗੜ੍ਹ | 13:30 | ਦਿੱਲੀ ਜੰ. | 06:10 | | ਸੋਮਵਾਰ | 18.11.24 ਤਕ |
| 04312 | ਹਰਿਦੁਆਰ ਜੰ. | 12:30 | ਹਾਵੜਾ ਜੰ. | 17:10 | ਸਪਤਾਹਿਕ | ਵੀਰਵਾਰ | 14.11.24 ਤਕ |
| 04311 | ਹਾਵੜਾ ਜੰ. | 19:00 | ਹਰਿਦੁਆਰ ਜੰ. | 23:30 | | ਸ਼ੁਕਰਵਾਰ | 15.11.24 ਤਕ |
| 04314 | ਹਰਿਦੁਆਰ ਜੰ. | 12:30 | ਮੁਜਫਰਪੁਰ ਜੰ. | 07:30 | ਸਪਤਾਹਿਕ | ਸ਼ੁਕਰਵਾਰ | 15.11.24 ਤਕ |
| 04313 | ਮੁਜਫਰਪੁਰ ਜੰ. | 09:00 | ਹਰਿਦੁਆਰ ਜੰ. | 05:30 | | ਸ਼ਨੀਵਾਰ | 16.11.24 ਤਕ |
| 04058 | ਆਨੰਦ ਵਿਹਾਰ ਟਰਮੀਨਲ | 23:15 | ਮੁਜਫਰਪੁਰ ਜੰ. | 21:15 | ਸਪਤਾਹ ਵਿਚ ਦੋ ਦਿਨ | ਸੋਮਵਾਰ, ਵੀਰਵਾਰ | 14.11.24 ਤਕ |
| 04057 | ਮੁਜਫਰਪੁਰ ਜੰ. | 23:00 | ਆਨੰਦ ਵਿਹਾਰ ਟਰਮੀਨਲ | 23:30 | | ਮੰਗਲਵਾਰ, ਸ਼ੁਕਰਵਾਰ | 15.11.24 ਤਕ |
| 04062 | ਆਨੰਦ ਵਿਹਾਰ ਟਰਮੀਨਲ | 09:00 | ਬਰੌਨੀ ਜੰ. | 06:30 | ਸਪਤਾਹਿਕ | ਐਤਵਾਰ | 17.11.24 ਤਕ |
| 04061 | ਬਰੌਨੀ ਜੰ. | 08:00 | ਆਨੰਦ ਵਿਹਾਰ ਟਰਮੀਨਲ | 10:10 | | ਸੋਮਵਾਰ | 18.11.24 ਤਕ |
| 02246 | ਹਜ਼ਰਤ ਨਿਜ਼ਾਮੂਦੀਨ | 23:55 | ਪਟਨਾ ਜੰ. | 16:40 | ਸਪਤਾਹ ਵਿਚ ਦੋ ਦਿਨ | ਸੋਮਵਾਰ, ਬੁਧਵਾਰ | 27.11.24 ਤਕ |
| 02245 | ਪਟਨਾ ਜੰ. | 17:50 | ਹਜਰਤ ਨਿਜਾਮੂਦੀਨ | 10:50 | | ਮੰਗਲਵਾਰ, ਵੀਰਵਾਰ | 28.11.24 ਤਕ |
| 04526 | ਸਰਹਿੰਦ ਜੰ. | 11:25 | ਸਹਰਸਾ ਜੰ. | 17:00 | ਸਪਤਾਹਿਕ | ਸੋਮਵਾਰ | 18.11.24 ਤਕ |
| 04525 | ਸਹਰਸਾ ਜੰ. | 19:15 | ਅੰਬਾਲਾ ਕੈਂਟ ਜੰ. | 22:20 | | ਮੰਗਲਵਾਰ | 19.11.24 ਤਕ |
| 04006 | ਦਿੱਲੀ ਜੰ. | 23:05 | ਜਯਨਗਰ | 23:45 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ੁਕਰਵਾਰ | 26.11.24 ਤਕ |
| 04005 | ਜਯਨਗਰ | 01:30 | ਦਿੱਲੀ ਜੰ. | 01:30 | | ਵੀਰਵਾਰ, ਐਤਵਾਰ | 28.11.24 ਤਕ |
| 04048 | ਆਨੰਦ ਵਿਹਾਰ ਟਰਮੀਨਲ | 15:20 | ਕਟਿਹਾਰ ਜੰ. | 15:00 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ੁਕਰਵਾਰ | 26.11.24 ਤਕ |
| 04047 | ਕਟਿਹਾਰ ਜੰ. | 18:00 | ਆਨੰਦ ਵਿਹਾਰ ਟਰਮੀਨਲ | 17:50 | | ਬੁਧਵਾਰ, ਸ਼ਨੀਵਾਰ | 27.11.24 ਤਕ |
| 04070 | ਨਵੀਂ ਦਿੱਲੀ | 00:20 | ਰਾਜਗੀਰ | 21:00 | ਸਪਤਾਹ ਵਿਚ ਦੋ ਦਿਨ | ਸ਼ਨੀਵਾਰ, ਮੰਗਲਵਾਰ | 30.11.24 ਤਕ |
| 04069 | ਰਾਜਗੀਰ | 22:50 | ਨਵੀਂ ਦਿੱਲੀ | 23:10 | | ਐਤਵਾਰ, ਬੁਧਵਾਰ | 30.11.24 ਤਕ |
| 02262 | ਨਵੀਂ ਦਿੱਲੀ | 00:20 | ਦਰਭੰਗਾ | 21:15 | ਸਪਤਾਹ ਵਿਚ ਦੋ ਦਿਨ | ਬੁਧਵਾਰ, ਐਤਵਾਰ | 27.11.24 ਤਕ |
| 02261 | ਦਰਭੰਗਾ ਜੰ. | 23:20 | ਨਵੀਂ ਦਿੱਲੀ | 20:15 | | ਬੁਧਵਾਰ, ਐਤਵਾਰ | 27.11.24 ਤਕ |
| 04608 | ਜੰਮੂ ਤਵੀ | 20:20 | ਹਾਵੜਾ ਜੰ. | 13:20 | ਮਿਤੀਵਾਰ | ਬੁਧਵਾਰ ਅਤੇ ਸੋਮਵਾਰ | 30.10.24 ਅਤੇ 04.11.24 |
| 04607 | ਹਾਵੜਾ ਜੰ. | 23:45 | ਜੰਮੂ ਤਵੀ | 15:20 | | ਸ਼ੁਕਰਵਾਰ ਅਤੇ ਬੁਧਵਾਰ | 01.11.24 ਅਤੇ 06.11.24 |
| 04680 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 18:40 | ਕਾਮਾਖਯਾ | 21:00 | ਮਿਤੀਵਾਰ | ਸੋਮਵਾਰ ਅਤੇ ਸ਼ਨੀਵਾਰ | 02.11.24 ਤਕ |
| 04679 | ਕਾਮਾਖਯਾ | 06:00 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 06:20 | | ਵੀਰਵਾਰ ਅਤੇ ਮੰਗਲਵਾਰ | 31.10.24 ਅਤੇ 05.11.24 |
| 04662 | ਅੰਮ੍ਰਿਤਸਰ ਜੰ. | 20:10 | ਸਹਰਸਾ | 05:00 | ਮਿਤੀਵਾਰ | ਮੰਗਲਵਾਰ ਅਤੇ ਐਤਵਾਰ | 29.10.24 ਅਤੇ 03.11.24 |
| 04661 | ਸਹਰਸਾ | 10:00 | ਅੰਮ੍ਰਿਤਸਰ ਜੰ. | 18:20 | | ਵੀਰਵਾਰ ਅਤੇ ਮੰਗਲਵਾਰ | 31.10.24 ਅਤੇ 05.11.24 |
| 05001 | ਗੋਰਖਪੁਰ ਜੰ. | 19:30 | ਦਿੱਲੀ ਜੰ. | 13:15 | ਸਪਤਾਹਿਕ | ਐਤਵਾਰ | 10.11.24 ਤਕ |
| 05002 | ਦਿੱਲੀ ਜੰ. | 15:15 | ਗੋਰਖਪੁਰ ਜੰ. | 09:55 | | ਸੋਮਵਾਰ | 11.11.24 ਤਕ |
| 05111 | ਛਪਰਾ ਜੰ. | 14:00 | ਨਵੀਂ ਦਿੱਲੀ | 11:50 | ਸਪਤਾਹਿਕ | ਸੋਮਵਾਰ | 11.11.24 ਤਕ |
| 05112 | ਨਵੀਂ ਦਿੱਲੀ | 12:50 | ਛਪਰਾ ਜੰ. | 11:30 | | ਮੰਗਲਵਾਰ | 29.10.24 ਤੋਂ 12.11.24 |

## ਉਤਰ ਰੇਲਵੇ ਨੈਟਵਰਕ ਤੋਂ ਹੋ ਕੇ ਗੁਜਰਨ ਵਾਲੀਆਂ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਦੀ ਸੂਚੀ

| ਵਿਸ਼ੇਸ਼ ਗੱਡੀ ਨੰ. | ਸਟੇਸ਼ਨ ਤੋਂ | ਪ੍ਰਸਥਾਨ ਸਮਾਂ | | ਆਗਮਨ ਸਮਾਂ | ਆਵ੍ਰਿਤੀ/ਚਲਣ ਦੇ ਦਿਨ | | ਚਲਣ ਮਿਤੀ |
|---|---|---|---|---|---|---|---|
| 03575 | ਆਸਨਸੋਲ ਜੰ. | 10:15 | ਆਨੰਦ ਵਿਹਾਰ ਟਰਮੀਨਲ | 08:05 | ਸਪਤਾਹਿਕ | ਸ਼ੁਕਰਵਾਰ | 29.11.24 ਤਕ |
| 03576 | ਆਨੰਦ ਵਿਹਾਰ ਟਰਮੀਨਲ | 10:15 | ਆਸਨਸੋਲ ਜੰ. | 10:20 | | ਸ਼ਨੀਵਾਰ | 30.11.24 ਤਕ |
| 03435 | ਮਾਲਦਾ ਟਾਊਨ | 09:30 | ਆਨੰਦ ਵਿਹਾਰ ਟਰਮੀਨਲ | 14:10 | ਸਪਤਾਹਿਕ | ਸੋਮਵਾਰ | 25.11.24 ਤਕ |
| 03436 | ਆਨੰਦ ਵਿਹਾਰ ਟਰਮੀਨਲ | 15:45 | ਮਾਲਦਾ ਟਾਂਊਨ | 23:30 | | ਮੰਗਲਵਾਰ | 26.11.24 ਤਕ |
| 03255 | ਪਟਨਾ ਜੰ. | 22:20 | ਆਨੰਦ ਵਿਹਾਰ ਟਰਮੀਨਲ | 15:00 | ਸਪਤਾਹ ਵਿਚ ਦੋ ਦਿਨ | ਐਤਵਾਰ, ਵੀਰਵਾਰ | 14.11.24 ਤਕ |
| 03256 | ਆਨੰਦ ਵਿਹਾਰ ਟਰਮੀਨਲ | 23:20 | ਪਟਨਾ ਜੰ. | 17:20 | | ਸੋਮਵਾਰ, ਸ਼ੁਕਰਵਾਰ | 15.11.24 ਤਕ |
| 02391 | ਪਟਨਾ ਜੰ. | 22:20 | ਆਨੰਦ ਵਿਹਾਰ ਟਰਮੀਨਲ | 15:00 | ਸਪਤਾਹਿਕ | ਸ਼ਨੀਵਾਰ | 15.11.24 ਤਕ |
| 02392 | ਆਨੰਦ ਵਿਹਾਰ ਟਰਮੀਨਲ | 23:20 | ਪਟਨਾ ਜੰ. | 17:20 | | ਐਤਵਾਰ | 10.11.24 ਤਕ |
| 03257 | ਦਾਨਾਪੁਰ | 07:30 | ਆਨੰਦ ਵਿਹਾਰ ਟਰਮੀਨਲ | 00:30 | ਸਪਤਾਹਿਕ | ਐਤਵਾਰ | 10.11.24 ਤਕ |
| 03258 | ਆਨੰਦ ਵਿਹਾਰ ਟਰਮੀਨਲ | 05:00 | ਦਾਨਾਪੁਰ | 20:45 | | ਸੋਮਵਾਰ | 11.11.24 ਤਕ |
| 05219 | ਮੁਜੱਫਰਪੁਰ ਜੰ. | 13:30 | ਆਨੰਦ ਵਿਹਾਰ ਟਰਮੀਨਲ | 06:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰ, | 31.12.24 ਤਕ |
| 05220 | ਆਨੰਦ ਵਿਹਾਰ ਟਰਮੀਨਲ | 08:00 | ਮੁਜਫਰਪੁਰ ਜੰ. | 00:45 | | ਸ਼ੁਕਰ, ਸ਼ਨੀ, ਐਤ | 01.01.25 ਤਕ |
| 05109 | ਛਪਰਾ | 17:45 | ਆਨੰਦ ਵਿਹਾਰ ਟਰਮੀਨਲ | 11:50 | ਸਪਤਾਹਿਕ | ਬੁਧਵਾਰ | 27.11.24 ਤਕ |
| 05110 | ਆਨੰਦ ਵਿਹਾਰ ਟਰਮੀਨਲ | 12:55 | ਛਪਰਾ | 06:45 | | ਵੀਰਵਾਰ | 28.11.24 ਤਕ |
| 05023 | ਗੋਰਖਪੁਰ | 21:15 | ਆਨੰਦ ਵਿਹਾਰ ਟਰਮੀਨਲ | 13:15 | ਸਪਤਾਹਿਕ | ਐਤਵਾਰ | 24.11.24 ਤਕ |
| 05024 | ਆਨੰਦ ਵਿਹਾਰ ਟਰਮੀਨਲ | 15:15 | ਗੋਰਖਪੁਰ | 04:45 | | ਸੋਮਵਾਰ | 25.11.24 ਤਕ |
| 05301 | ਮਊ ਜੰ. | 04:00 | ਆਨੰਦ ਵਿਹਾਰ ਟਰਮੀਨਲ | 20:30 | ਸਪਤਾਹਿਕ | ਵੀਰਵਾਰ | 28.11.24 ਤਕ |
| 05302 | ਆਨੰਦ ਵਿਹਾਰ ਟਰਮੀਨਲ | 00:25 | ਮਊ ਜੰ. | 17:45 | | ਸ਼ੁਕਰਵਾਰ | 29.11.24 ਤਕ |
| 05005 | ਗੋਰਖਪੁਰ | 14:40 | ਅੰਮ੍ਰਿਤਸਰ ਜੰ. | 09:30 | ਸਪਤਾਹਿਕ | ਬੁਧਵਾਰ | 27.11.24 ਤਕ |
| 05006 | ਅੰਮ੍ਰਿਤਸਰ ਜੰ. | 12:45 | ਗੋਰਖਪੁਰ | 08:50 | | ਵੀਰਵਾਰ | 28.11.24 ਤਕ |
| 05049 | ਛਪਰਾ | 09:55 | ਅੰਮ੍ਰਿਤਸਰ ਜੰ. | 09:30 | ਸਪਤਾਹਿਕ | ਸ਼ੁਕਰਵਾਰ | 29.11.24 ਤਕ |
| 05050 | ਅੰਮ੍ਰਿਤਸਰ ਜੰ. | 12:45 | ਛਪਰਾ | 14:00 | | ਸ਼ਨੀਵਾਰ | 30.11.24 ਤਕ |
| 02525 | ਕਾਮਾਖਯਾ | 22:45 | ਆਨੰਦ ਵਿਹਾਰ ਟਰਮੀਨਲ | 08:50 | ਸਪਤਾਹਿਕ | ਸ਼ੁਕਰਵਾਰ | 29.11.24 ਤਕ |
| 02526 | ਆਨੰਦ ਵਿਹਾਰ ਟਰਮੀਨਲ | 17:20 | ਕਾਮਾਖਯਾ | 03:40 | | ਐਤਵਾਰ | 01.12.24 ਤਕ |
| 05671 | ਗੁਹਾਟੀ | 15:00 | ਆਨੰਦ ਵਿਹਾਰ ਟਰਮੀਨਲ | 08:50 | ਸਪਤਾਹਿਕ | ਬੁਧਵਾਰ | 27.11.24 ਤਕ |
| 05672 | ਆਨੰਦ ਵਿਹਾਰ ਟਰਮੀਨਲ | 23:45 | ਗੁਹਾਟੀ | 14:15 | | ਸ਼ੁਕਰਵਾਰ | 29.11.24 ਤਕ |
| 05734 | ਕਟਿਹਾਰ ਜੰ. | 11:40 | ਅੰਮ੍ਰਿਤਸਰ | 00:10 | ਸਪਤਾਹਿਕ | ਵੀਰਵਾਰ | 28.11.24 ਤਕ |
| 05733 | ਅੰਮ੍ਰਿਤਸਰ ਜੰ. | 04:25 | ਕਟਿਹਾਰ ਜੰ. | 15:00 | | ਸ਼ਨੀਵਾਰ | 30.11.24 ਤਕ |
| 03413 | ਮਾਲਦਾ ਟਾਊਨ | 07:10 | ਨਵੀਂ ਦਿੱਲੀ | 07:30 | ਸਪਤਾਹ ਵਿਚ ਦੋ ਦਿਨ | ਵੀਰਵਾਰ, ਐਤਵਾਰ | 28.11.24 ਤਕ |
| 03414 | ਨਵੀਂ ਦਿੱਲੀ | 10:30 | ਮਾਲਦਾ ਟਾਊਨ | 07:55 | | ਸ਼ੁਕਰਵਾਰ, ਸੋਮਵਾਰ | 29.11.24 ਤਕ |
| 03483 | ਭਾਗਲਪੁਰ | 11:00 | ਨਵੀਂ ਦਿੱਲੀ | 07:10 | ਸਪਤਾਹ ਵਿਚ ਦੋ ਦਿਨ | ਸ਼ਨੀਵਾਰ, ਮੰਗਲਵਾਰ | 30.11.24 ਤਕ |
| 03484 | ਨਵੀਂ ਦਿੱਲੀ | 10:30 | ਭਾਗਲਪੁਰ | 04:10 | | ਐਤਵਾਰ, ਬੁਧਵਾਰ | 27.11.24 ਤਕ |
| 05565 | ਸਹਰਸਾ ਜੰ. | 19:30 | ਸਰਹਿੰਦ ਜੰ. | 00:05 | ਸਪਤਾਹਿਕ | ਵੀਰਵਾਰ | 14.11.24 ਤੋਂ 26.12.24 |
| 05566 | ਸਰਹਿੰਦ ਜੰ. | 02:00 | ਸਹਰਸਾ ਜੰ. | 09:45 | | ਸ਼ਨੀਵਾਰ | 16.11.24 ਤੋਂ 28.12.24 |
| 03107 | ਸਿਆਲਦਾਹ | 00:10 | ਲਖਨਊ ਜੰ. | 00:10 | ਸਪਤਾਹਿਕ | ਸ਼ਨੀਵਾਰ | 30.11.24 ਤਕ |
| 03108 | ਲਖਨਊ ਜੰ. | 01:40 | ਸਿਆਲਦਾਹ | 23:50 | | ਐਤਵਾਰ | 01.12.24 ਤਕ |
| 09075 | ਮੁੰਬਈ ਸੈਂਟਰਲ (ਵਾਯਾ ਬਰੇਲੀ) | 11:00 | ਕਾਠਗੋਦਾਮ | 14:30 | ਸਪਤਾਹਿਕ | ਬੁਧਵਾਰ | 25.12.24 ਤਕ |
| 09076 | ਕਾਠਗੋਦਾਮ (ਵਾਯਾ ਬਰੇਲੀ) | 17:30 | ਮੁੰਬਈ ਸੈਂਟਰਲ | 20:55 | | ਵੀਰਵਾਰ | 26.12.24 ਤਕ |
| 07363 | ਹੁਬਲੀ ਜੰ. | 20:30 | ਯੋਗ ਨਗਰੀ ਰਿਸ਼ੀਕੇਸ਼ | 23:30 | ਸਪਤਾਹਿਕ | ਸੋਮਵਾਰ | 04.11.24 ਤਕ |
| 07364 | ਯੋਗ ਨਗਰੀ ਰਿਸ਼ੀਕੇਸ਼ | 06:15 | ਹੁਬਲੀ ਜੰ. | 06:30 | | ਵੀਰਵਾਰ | 07.12.24 ਤਕ |
| 09657 | ਦੋਰਾਈ (ਵਾਯਾ ਬਾਰਾਬੰਕੀ ਜੰ.) | 15:00 | ਬੜਨੀ | 13:25 | ਸਪਤਾਹਿਕ | ਸ਼ਨੀਵਾਰ | 16.11.24 ਤਕ |
| 09658 | ਬੜਨੀ (ਵਾਯਾ ਬਾਰਾਬੰਕੀ ਜੰ.) | 19:15 | ਦੋਰਾਈ (ਵਾਯਾ ਬਾਰਾਬੰਕੀ ਜੰ.) | 19:20 | | ਐਤਵਾਰ | 17.11.24 ਤਕ |
| 03423 | ਭਾਗਲਪੁਰ | 13:55 | ਹਰਿਦੁਆਰ ਜੰ. | 17:55 | ਸਪਤਾਹਿਕ | ਸੋਮਵਾਰ | 25.11.24 ਤਕ |
| 03424 | ਹਰਿਦੁਆਰ ਜੰ. | 19:55 | ਭਾਗਲਪੁਰ | 21:20 | | ਮੰਗਲਵਾਰ | 26.11.24 ਤਕ |
| 05736 | ਕਟਿਹਾਰ ਜੰ. | 21:00 | ਅੰਮ੍ਰਿਤਸਰ ਜੰ. | 09:45 | ਸਪਤਾਹਿਕ | ਬੁਧਵਾਰ | 27.11.24 ਤਕ |
| 05735 | ਅੰਮ੍ਰਿਤਸਰ ਜੰ. | 13:25 | ਕਟਿਹਾਰ ਜੰ. | 23:45 | | ਸ਼ੁਕਰਵਾਰ | 29.11.24 ਤਕ |
| 05047 | ਬਨਾਰਸ | 22:00 | ਗਾਜ਼ੀਆਬਾਦ | 11:45 | ਸਪਤਾਹਿਕ | ਮੰਗਲਵਾਰ | 26.11.24 ਤਕ |
| 05048 | ਗਾਜ਼ੀਆਬਾਦ | 12:35 | ਬਨਾਰਸ | 05:35 | | ਬੁਧਵਾਰ | 27.11.24 ਤਕ |
| 02397 | ਗਯਾ ਜੰ. | 14:15 | ਆਨੰਦ ਵਿਹਾਰ ਟਰਮੀਨਲ | 07:10 | ਸਪਤਾਹ ਵਿਚ 6 ਦਿਨ | ਸ਼ਨੀਵਾਰ ਨੂੰ ਛੱਡ ਕੇ | 15.11.24 ਤਕ |
| 02398 | ਆਨੰਦ ਵਿਹਾਰ ਟਰਮੀਨਲ | 08:20 | ਗਯਾ ਜੰ. | 00:30 | | ਐਤਵਾਰ ਨੂੰ ਛੱਡ ਕੇ | 16.11.24 ਤਕ |
| 02393 | ਪਟਨਾ ਜੰ. | 20:10 | ਨਵੀਂ ਦਿੱਲੀ | 12:10 | ਸਪਤਾਹ ਵਿਚ 6 ਦਿਨ | ਵੀਰਵਾਰ ਨੂੰ ਛੱਡ ਕੇ | 30.10.24 ਤਕ |
| 02394 | ਨਵੀਂ ਦਿੱਲੀ | 13:20 | ਪਟਨਾ ਜੰ. | 07:00 | | ਸ਼ੁਕਰਵਾਰ ਨੂੰ ਛੱਡ ਕੇ | 31.10.24 ਤਕ |
| 04123 | ਪ੍ਰਯਾਗਰਾਜ ਜੰ. | 14:30 | ਹਜਰਤ ਨਿਜਾਮੂਦੀਨ | 11:10 | ਸਪਤਾਹ ਵਿਚ 2 ਦਿਨ | ਐਤਵਾਰ, ਬੁਧਵਾਰ | 27.11.24 ਤਕ |
| 04124 | ਹਜਰਤ ਨਿਜਾਮੂਦੀਨ | 15:50 | ਪ੍ਰਯਾਗਰਾਜ ਜੰ. | 09:00 | | ਸੋਮਵਾਰ, ਵੀਰਵਾਰ | 28.11.24 ਤਕ |
| 05193 | ਛਪਰਾ | 14:00 | ਸ਼ਹੀਦ ਕੈਪਟਨ ਤੁਸ਼ਾਰ ਮਹਾਜਨ | 22:10 | ਸਪਤਾਹਿਕ | ਸ਼ਨੀਵਾਰ | 23.11.24 ਤਕ |
| 05194 | ਸ਼ਹੀਦ ਕੈਪਟਨ ਤੁਸ਼ਾਰ ਮਹਾਜਨ | 00:05 | ਛਪਰਾ | 08:00 | | ਸੋਮਵਾਰ | 25.11.24 ਤਕ |
| 02417 | ਪ੍ਰਯਾਗਰਜ ਜੰ. | 21:30 | ਦਿੱਲੀ ਜੰ. | 08:55 | ਸਪਤਾਹਿਕ | ਸ਼ੁਕਰਵਾਰ | 15.11.24 ਤਕ |
| 02418 | ਦਿੱਲੀ ਜੰ. | 09:30 | ਪ੍ਰਯਾਗਰਜ ਜੰ. | 19:45 | | ਸ਼ਨੀਵਾਰ | 16.11.24 ਤਕ |
| 04145 | ਪ੍ਰਯਾਗਰਾਜ ਜੰ. | 21:30 | ਦਿੱਲੀ ਜੰ. | 08:55 | ਸਪਤਾਹਿਕ | ਵੀਰਵਾਰ | 14.11.24 ਤਕ |
| 04146 | ਦਿੱਲੀ ਜੰ. | 09:30 | ਪ੍ਰਯਾਗਰਾਜ ਜੰ. | 19:45 | | ਸ਼ੁਕਰਵਾਰ | 15.11.24 ਤਕ |
| 02421 | ਸੂਬੇਦਾਰਗੰਜ | 21:35 | ਦਿੱਲੀ ਜੰ. | 08:55 | ਸਪਤਾਹਿਕ | ਐਤਵਾਰ | 10.11.24 ਤਕ |
| 02422 | ਦਿੱਲੀ ਜੰ. | 09:30 | ਸੂਬੇਦਾਰਗੰਜ | 19:40 | | ਸੋਮਵਾਰ | 11.11.24 ਤਕ |
| 03309 | ਧਨਬਾਦ ਜੰ. | 10:10 | ਜੰਮੂ ਤਵੀ | 22:40 | ਸਪਤਾਹ ਵਿਚ ਦੋ ਦਿਨ | ਮੰਗਲਵਾਰ, ਸ਼ਨੀਵਾਰ | 30.11.24 ਤਕ |
| 03310 | ਜੰਮੂਤਵੀ | 23:25 | ਧਨਬਾਦ ਜੰ. | 14:00 | | ਬੁਧਵਾਰ, ਐਤਵਾਰ | 01.12.24 ਤਕ |
| 09195 | ਵੜੋਦਾ ਜੰ. (ਵਾਯਾ ਵਾਰਾਨਸੀ ਜੰ.) | 19:00 | ਮਊ ਜੰ. | 20:45 | ਸਪਤਾਹਿਕ | ਸ਼ਨੀਵਾਰ | 28.12.24 ਤਕ |
| 09196 | ਮਊ ਜੰ. (ਵਾਯਾ ਵਾਰਾਨਸੀ ਜੰ.) | 23:15 | ਵੜੋਦਾ ਜੰ. | 00:45 | | ਐਤਵਾਰ | 29.12.24 ਤਕ |
| 09417 | ਅਹਿਮਦਾਬਾਦ ਜੰ. (ਵਾਯਾ ਵਾਰਾਨਸੀ ਜੰ.) | 09:10 | ਦਾਨਾਪੁਰ | 20:30 | ਸਪਤਾਹਿਕ | ਸੋਮਵਾਰ | 30.12.24 ਤਕ |
| 09418 | ਦਾਨਾਪੁਰ (ਵਾਯਾ ਵਾਰਾਨਸੀ ਜੰ.) | 23:50 | ਅਹਿਮਦਾਬਾਦ ਜੰ. | 11:10 | | ਮੰਗਲਵਾਰ | 31.12.24 ਤਕ |
| 09405 | ਸਾਬਰਮਤੀ (ਵਾਯਾ ਲਖਨਊ) | 18:10 | ਪਟਨਾ ਜੰ. | 02:00 | ਸਪਤਾਹਿਕ | ਮੰਗਲਵਾਰ | 31.12.24 ਤਕ |
| 09406 | ਪਟਨਾ ਜੰ. (ਵਾਯਾ ਲਖਨਊ) | 05:00 | ਸਾਬਰਮਤੀ | 13:30 | | ਵੀਰਵਾਰ | 02.01.25 ਤਕ |
| 09525 | ਹਾਪਾ (ਵਾਯਾ ਵਾਰਾਨਸੀ ਜੰ.) | 00:40 | ਨਹਾਰਲਗੁਨ | 16:00 | ਸਪਤਾਹਿਕ | ਬੁਧਵਾਰ | 25.12.24 ਤਕ |
| 09526 | ਨਹਾਰਲਗੁਨ (ਵਾਯਾ ਵਾਰਾਨਸੀ ਜੰ.) | 10:00 | ਹਾਪਾ | 00:30 | | ਸ਼ਨੀਵਾਰ | 28.12.24 ਤਕ |
| 09183 | ਮੁੰਬਈ ਸੈਂਟਰਲ (ਵਾਯਾ ਲਖਨਊ) | 22:50 | ਬਨਾਰਸ | 10:30 | ਸਪਤਾਹਿਕ | ਬੁਧਵਾਰ | 25.12.24 ਤਕ |
| 09184 | ਬਨਾਰਸ (ਵਾਯਾ ਲਖਨਊਂ) | 14:30 | ਮੁੰਬਈ ਸੈਂਟਰਲ | 04:20 | | ਸ਼ੁਕਰਵਾਰ | 27.12.24 ਤਕ |
| 09189 | ਮੁੰਬਈ ਸੈਂਟਰਲ (ਵਾਯਾ ਲਖਨਊ) | 10:30 | ਕਟਿਹਾਰ ਜੰ. | 07:30 | ਸਪਤਾਹਿਕ | ਸ਼ਨੀਵਾਰ | 28.12.24 ਤਕ |
| 09190 | ਕਟਿਹਾਰ ਜੰ. (ਵਾਯਾ ਲਖਨਊ) | 00:15 | ਮੁੰਬਈ ਸੈਂਟਰਲ | 18:40 | | ਮੰਗਲਵਾਰ | 31.12.24 ਤਕ |
| 09111 | ਵੜੋਦਰਾ ਜੰ. (ਵਾਯਾ ਲਖਨਊ) | 19:00 | ਗੋਰਖਪੁਰ | 23:30 | ਸਪਤਾਹਿਕ | ਸੋਮਵਾਰ | 30.12.24 ਤਕ |
| 09041 | ਉਧਨਾ ਜੰ. (ਸੂਰਤ) | 11:15 | ਛਪਰਾ (ਵਾਯਾ ਲਖਨਊ) | 19:00 | ਸਪਤਾਹਿਕ | ਐਤਵਾਰ | 29.12.24 ਤਕ |
| 09042 | ਛਪਰਾ (ਵਾਯਾ ਲਖਨਊ) | 23:00 | ਉਧਨਾ ਜੰ. (ਸੂਰਤ) | 07:30 | | ਸੋਮਵਾਰ | 30.12.24 ਤਕ |
| 04815 | ਜੋਧਪੁਰ ਜੰ. (ਵਾਯਾ ਲਖਨਊ) | 17:30 | ਮਊ ਜੰ. | 23:20 | ਸਪਤਾਹਿਕ | ਐਤਵਾਰ | 24.11.24 ਤਕ |
| 04816 | ਮਊ ਜੰ. (ਵਾਯਾ ਲਖਨਊ) | 04:00 | ਜੋਧਪੁਰ ਜੰ. | 08:55 | | ਮੰਗਲਵਾਰ | 26.11.24 ਤਕ |
| 04823 | ਜੋਧਪੁਰ ਜੰ. (ਵਾਯਾ ਲਖਨਊ) | 17:30 | ਮਊ ਜੰ. | 23:20 | ਸਪਤਾਹਿਕ | ਸ਼ਨੀਵਾਰ | 30.11.24 ਤਕ |
| 04824 | ਮਊ ਜੰ. (ਵਾਯਾ ਲਖਨਊ) | 04:00 | ਜੋਧਪੁਰ ਜੰ. | 08:55 | | ਸੋਮਵਾਰ | 02.12.24 ਤਕ |
| 04137 | ਗਵਾਲੀਅਰ ਜੰ. (ਵਾਯਾ ਲਖਨਊ) | 07:10 | ਬਰੌਨੀ ਜੰ. | 08:00 | ਸਪਤਾਹ ਵਿਚ 2 ਦਿਨ | ਐਤਵਾਰ, ਬੁਧਵਾਰ | 29.12.24 ਤਕ |
| 04138 | ਬਰੌਨੀ ਜੰ. (ਵਾਯਾ ਲਖਨਊ) | 09:30 | ਗਵਾਲੀਅਰ ਜੰ. | 10:20 | | ਸੋਮਵਾਰ, ਵੀਰਵਾਰ | 30.12.24 ਤਕ |
| 09145 | ਮੁੰਬਈ ਸੈਂਟਰਲ (ਵਾਯਾ ਲਖਨਊ) | 10:30 | ਬਰੌਨੀ ਜੰ. | 04:00 | ਸਪਤਾਹਿਕ | ਸੋਮਵਾਰ | 11.11.24 ਤਕ |
| 09146 | ਬਰੌਨੀ ਜੰ. (ਵਾਯਾ ਲਖਨਊ) | 01:00 | ਮੁੰਬਈ ਸੈਂਟਰਲ | 18:40 | | ਵੀਰਵਾਰ | 14.11.24 ਤਕ |
| 09043 | ਬਾਂਦਰਾ ਟਰਮੀਨਸ (ਵਾਯਾ ਲਖਨਊ) | 00:05 | ਗੋਰਖਪੁਰ | 09:30 | ਸਪਤਾਹ ਵਿਚ 2 ਦਿਨ | ਐਤਵਾਰ, ਮੰਗਲਵਾਰ | 31.12.24 ਤਕ |
| 09044 | ਗੋਰਖਪੁਰ (ਵਾਯਾ ਲਖਨਊ) | 13:00 | ਬਾਂਦਰਾ ਟਰਮੀਨਸ | 22:30 | | ਸੋਮਵਾਰ, ਬੁਧਵਾਰ | 01.01.25 ਤਕ |
| 07651 | ਜਾਲਨਾ (ਵਾਯਾ ਵਾਰਾਨਸੀ ਜੰ.) | 23:30 | ਛਪਰਾ | 05:30 | ਸਪਤਾਹਿਕ | ਬੁਧਵਾਰ | 25.12.24 ਤਕ |
| 07652 | ਛਪਰਾ (ਵਾਯਾ ਵਾਰਾਨਸੀ ਜੰ.) | 22:15 | ਜਾਲਨਾ | 04:00 | | ਸ਼ੁਕਰਵਾਰ | 27.12.24 ਤਕ |
| 05069 | ਛਪਰਾ (ਵਾਯਾ ਵਾਰਾਨਸੀ ਜੰ.) | 13:15 | ਪਨਵੇਲ | 22:00 | ਸਪਤਾਹਿਕ | ਸ਼ਨੀਵਾਰ | 30.11.24 ਤਕ |
| 05070 | ਪਨਵੇਲ (ਵਾਯਾ ਵਾਰਾਨਸੀ ਜੰ.) | 23:20 | ਛਪਰਾ | 11:35 | | ਐਤਵਾਰ | 01.12.24 ਤਕ |
| 05325 | ਗੋਰਖਪੁਰ (ਵਾਯਾ ਲਖਨਊ) | 21:15 | ਲੋਕਮਾਨਯ ਤਿਲਕ | 07:25 | ਸਪਤਾਹ ਵਿਚ 2 ਦਿਨ | ਮੰਗਲਵਾਰ, ਵੀਰਵਾਰ | 28.11.24 ਤਕ |
| 05326 | ਲੋਕਮਾਨਯ ਤਿਲਕ (ਵਾਯਾ ਲਖਨਊ) | 10:25 | ਗੋਰਖਪੁਰ | 18:00 | | ਵੀਰਵਾਰ, ਸ਼ਨੀਵਾਰ | 30.11.24 ਤਕ |
| 01123 | ਲੋਕਮਾਨਯ ਤਿਲਕ (ਵਾਯਾ ਲਖਨਊ) | 12:15 | ਗੋਰਖਪੁਰ | 18:55 | ਸਪਤਾਹ ਵਿਚ ਦੋ ਦਿਨ | ਸ਼ੁਕਰਵਾਰ, ਐਤਵਾਰ | 03.11.24 ਤਕ |
| 01124 | ਗੋਰਖਪੁਰ (ਵਾਯਾ ਲਖਨਊ) | 21:15 | ਲੋਕਮਾਨਯ ਤਿਲਕ | 07:25 | | ਸ਼ਨੀਵਾਰ, ਸੋਮਵਾਰ | 04.11.24 ਤਕ |
| 01431 | ਪੁਣੇ (ਵਾਯਾ ਲਖਨਊ) | 16:15 | ਗੋਰਖਪੁਰ | 20:40 | ਸਪਤਾਹਿਕ | ਸ਼ੁਕਰਵਾਰ | 01.11.24 ਤਕ |
| 01432 | ਗੋਰਖਪੁਰ (ਵਾਯਾ ਲਖਨਊ) | 23:25 | ਪੁਣੇ | 06:25 | | ਸ਼ਨੀਵਾਰ | 02.11.24 ਤਕ |
| 01079 | ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ | 22:30 | ਗੋਰਖਪੁਰ (ਵਾਯਾ ਲਖਨਊ) | 10:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰ, | 11.11.24 ਤਕ |
| 01080 | ਗੋਰਖਪੁਰ (ਵਾਯਾ ਲਖਨਊ) | 14:30 | ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ | 00:40 | | ਸ਼ੁਕਰ, ਸ਼ਨੀ, ਐਤ | 13.11.24 ਤਕ |
| 01415 | ਪੁਣੇ (ਵਾਯਾ ਲਖਨਊ) | 06:50 | ਗੋਰਖਪੁਰ | 16:00 | ਰੋਜਾਨਾ | ਸੋਮ, ਮੰਗਲ, ਬੁਧ, ਵੀਰ, | 11.11.24 ਤਕ |
| 01416 | ਗੋਰਖਪੁਰ (ਵਾਯਾ ਲਖਨਊ) | 17:30 | ਪੁਣੇ | 03:15 | | ਸ਼ੁਕਰ, ਸ਼ਨੀ, ਐਤ | 12.11.24 ਤਕ |
| 01207 | ਨਾਗਪੁਰ (ਵਾਯਾ ਬਾਰਾਬੰਕੀ) | 10:40 | ਸਮਸਤੀਪੁਰ ਜੰ. | 23:45 | ਸਪਤਾਹਿਕ | ਬੁਧਵਾਰ | 30.10.24 ਤੋਂ 13.11.24 |
| 01208 | ਸਮਸਤੀਪੁਰ ਜੰ. (ਵਾਯਾ ਬਾਰਾਬੰਕੀ) | 07:00 | ਨਾਗਪੁਰ | 21:30 | | ਵੀਰਵਾਰ | 31.10.24 ਤੋਂ 14.11.24 |
| 05636 | ਗੁਵਾਹਾਟੀ (ਵਾਯਾ ਲਖਨਊ) | 18:15 | ਸ਼੍ਰੀਗੰਗਾਨਗਰ | 03:30 | ਸਪਤਾਹਿਕ | ਬੁਧਵਾਰ | 27.11.24 ਤਕ |
| 05637 | ਸ਼੍ਰੀਗੰਗਾਨਗਰ (ਵਾਯਾ ਲਖਨਊ) | 13:20 | ਗੁਹਾਟੀ | 00:25 | | ਐਤਵਾਰ | 01.12.24 ਤਕ |
| 05537 | ਦਰਭੰਗਾ ਜੰ. (ਵਾਯਾ ਸ਼ਾਹਜਹਾਪੁਰ) | 13:15 | ਦੋਰਾਈ | 22:30 | ਸਪਤਾਹਿਕ | ਸ਼ਨੀਵਾਰ | 09.11.24 ਤੋਂ 28.12.24 |
| 05538 | ਦੋਰਾਈ (ਵਾਯਾ ਸ਼ਾਹਜਹਾਪੁਰ) | 23:45 | ਦਰਭੰਗਾ ਜੰ. | 06:50 | | ਐਤਵਾਰ | 10.11.24 ਤੋਂ 29.12.24 |
| 04195 | ਆਗਰਾ ਕੈਂਟ (ਵਾਯਾ ਲਖਨਊ) | 05:00 | ਫਾਰਬਿਸਗੰਜ ਜੰ. | 15:15 | ਸਪਤਾਹਿਕ | ਸ਼ੁਕਰਵਾਰ | 22.11.24 ਤਕ |
| 04196 | ਫਾਰਬਿਸਗੰਜ ਜੰ. (ਵਾਯਾ ਲਖਨਊ) | 18:40 | ਆਗਰਾ ਕੈਂਟ | 07:10 | | ਸ਼ਨੀਵਾਰ | 23.11.24 ਤਕ |
| 09061 | ਉਧਨਾ ਜੰ. (ਸੂਰਤ) | 22:00 | ਗਾਜੀਪੁਰ ਸ਼ਹਿਰ (ਵਾਯਾ ਲਖਨਊ) | 06:30 | ਸਪਤਾਹਿਕ | ਬੁਧਵਾਰ | 06.11.24 ਤਕ |
| 09062 | ਗਾਜੀਪੁਰ ਸ਼ਹਿਰ (ਵਾਯਾ ਲਖਨਊ) | 09:30 | ਉਧਨਾ ਜੰ. (ਸੂਰਤ) | 18:00 | | ਸ਼ੁਕਰਵਾਰ | 08.11.24 ਤਕ |
| 04829 | ਜੋਧਪੁਰ ਜੰ. (ਵਾਯਾ ਦਿੱਲੀ) | 16:15 | ਗੋਰਖਪੁਰ | 20:50 | ਸਪਤਾਹਿਕ | ਵੀਰਵਾਰ | 28.11.24 ਤਕ |
| 04830 | ਗੋਰਖਪੁਰ (ਵਾਯਾ ਦਿੱਲੀ) | 23:25 | ਜੋਧਪੁਰ ਜੰ. | 04:00 | | ਸ਼ੁਕਰਵਾਰ | 29.11.24 ਤਕ |
| 01025 | ਦਾਦਰ (ਵਾਯਾ ਵਾਰਾਨਸੀ ਜੰ.) | 14:05 | ਬਲਿਯਾ | 01:45 | ਸਪਤਾਹ ਵਿਚ 3 ਦਿਨ | ਸੋਮਵਾਰ, ਬੁਧਵਾਰ, ਸ਼ੁਕਰਵਾਰ | 30.12.24 ਤਕ |
| 01026 | ਬਲਿਯਾ (ਵਾਯਾ ਵਾਰਾਨਸੀ ਜੰ.) | 15:15 | ਦਾਦਰ | 03:35 | | ਬੁਧਵਾਰ, ਸ਼ੁਕਰਵਾਰ, ਐਤਵਾਰ | 01.01.25 ਤਕ |
| 01027 | ਦਾਦਰ (ਵਾਯਾ ਵਾਰਾਨਸੀ ਜੰ.) | 14:05 | ਗੋਰਖਪੁਰ | 02:45 | ਸਪਤਾਹ ਵਿਚ 4 ਦਿਨ | ਮੰਗਲ, ਵੀਰ, ਸ਼ਨੀ, ਐਤ | 31.12.24 ਤਕ |
| 01028 | ਗੋਰਖਪੁਰ (ਵਾਯਾ ਵਾਰਾਨਸੀ ਜੰ.) | 14:25 | ਦਾਦਰ | 03:30 | | ਵੀਰ, ਸ਼ਨੀ, ਸੋਮ, ਮੰਗਲ | 02.01.25 ਤਕ |
| 09013 | ਉਧਨਾ ਜੰ. (ਸੂਰਤ) | 07:00 | ਛਪਰਾ (ਵਾਯਾ ਵਾਰਾਨਸੀ ਜੰ.) | 19:30 | ਸਪਤਾਹਿਕ | ਸ਼ਨੀਵਾਰ | 30.11.24 ਤਕ |
| 09014 | ਛਪਰਾ (ਵਾਯਾ ਵਾਰਾਨਸੀ ਜੰ.) | 22:30 | ਉਧਨਾ ਜੰ. (ਸੂਰਤ) | 08:15 | | ਐਤਵਾਰ | 01.12.24 ਤਕ |
| 09027 | ਬਾਂਦਰਾ ਟਰਮੀਨਸ (ਵਾਯਾ ਵਾਰਾਨਸੀ ਜੰ.) | 11:00 | ਮਾਲਦਾ ਟਾਊਨ | 16:30 | ਸਪਤਾਹਿਕ | ਬੁਧਵਾਰ | 27.11.24 ਤਕ |
| 09028 | ਮਾਲਦਾ ਟਾਊਨ (ਵਾਯਾ ਵਾਰਾਨਸੀ ਜੰ.) | 17:30 | ਬਾਂਦਰਾ ਟਰਮੀਨਸ | 18:15 | | ਸ਼ਨੀਵਾਰ | 30.11.24 ਤਕ |
| 09031 | ਬਾਂਦਰਾ ਟਰਮੀਨਸ | 12:15 | ਗੋਰਖਪੁਰ (ਵਾਯਾ ਲਖਨਊ) | 21:00 | ਸਪਤਾਹਿਕ | ਵੀਰਵਾਰ | 28.11.24 ਤਕ |
| 09032 | ਗੋਰਖਪੁਰ (ਵਾਯਾ ਲਖਨਊ) | 04:00 | ਦਹਾਨੂੰ ਰੋਡ | 12:25 | | ਸ਼ਨੀਵਾਰ | 30.11.24 ਤਕ |
| 09421 | ਸਾਬਰਮਤੀ (ਵਾਯਾ ਲਖਨਊ) | 19:45 | ਸੀਤਾਮੜੀ | 08:30 | ਸਪਤਾਹਿਕ | ਸ਼ਨੀਵਾਰ | 30.11.24 ਤਕ |
| 09422 | ਸੀਤਾਮੜੀ (ਵਾਯਾ ਲਖਨਊ) | 16:00 | ਸਾਬਰਮਤੀ | 06:00 | | ਸੋਮਵਾਰ | 02.12.24 ਤਕ |
| 09067 | ਉਧਨਾ ਜੰ. (ਸੂਰਤ) | 05:30 | ਬਰੌਨੀ ਜੰ. (ਵਾਯਾ ਵਾਰਾਨਸੀ ਜੰ.) | 22:15 | ਸਪਤਾਹਿਕ | ਵੀਰਵਾਰ | 28.11.24 ਤਕ |
| 09068 | ਬਰੌਨੀ ਜੰ. (ਵਾਯਾ ਵਾਰਾਨਸੀ ਜੰ.) | 23:45 | ਉਧਨਾ ਜੰ. (ਸੂਰਤ) | 14:30 | | ਸ਼ੁਕਰਵਾਰ | 29.11.24 ਤਕ |
| 09321 | ਡਾ. ਅੰਬੇਡਕਰ ਨਗਰ (ਵਾਯਾ ਨਵੀਂ ਦਿੱਲੀ) | 10:30 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 16:00 | ਸਪਤਾਹ ਵਿਚ 3 ਦਿਨ | ਸੋਮਵਾਰ, ਬੁਧਵਾਰ, ਸ਼ਨੀਵਾਰ | 30.11.24 ਤਕ |
| 09322 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 22:00 | ਡਾ. ਅੰਬੇਡਕਰ ਨਗਰ (ਵਾਯਾ ਨਵੀਂ ਦਿੱਲੀ) | 23:50 | | ਮੰਗਲਵਾਰ, ਵੀਰਵਾਰ, ਐਤਵਾਰ | 01.12.24 ਤਕ |
| 07031 | ਸਿਕੰਦਰਾਬਾਦ ਜੰ. | 20:45 | ਹਜਰਤ ਨਿਜਾਮੂਦੀਨ | 02:00 | ਸਪਤਾਹਿਕ | ਐਤਵਾਰ | 10.11.24 ਤਕ |
| 07032 | ਹਜ਼ਰਤ ਨਿਜ਼ਾਮੂਦੀਨ | 04:00 | ਸਿਕੰਦਰਾਬਾਦ ਜੰ. | 06:30 | | ਮੰਗਲਵਾਰ | 12.11.24 ਤਕ |
| 09639 | ਮੰਦਾਰ ਜੰ. | 04:30 | ਰੋਹਤਕ ਜੰ. | 12:50 | ਰੋਜਾਨਾ | ਸੋਮ, ਮੰਗਲ, ਬੁਧ, ਵੀਰ, | 31.12.24 ਤਕ |
| 09640 | ਰੋਹਤਕ ਜੰ. | 13:20 | ਮੰਦਾਰ ਜੰ. | 22:35 | | ਸ਼ੁਕਰ, ਸ਼ਨੀ, ਐਤ | 31.12.24 ਤਕ |
| 08475 | ਪੁਰੀ | 04:50 | ਹਜ਼ਰਤ ਨਿਜ਼ਾਮੂਦੀਨ | 19:15 | ਸਪਤਾਹਿਕ | ਸ਼ੁਕਰਵਾਰ | 29.11.24 ਤਕ |
| 08476 | ਹਜ਼ਰਤ ਨਿਜ਼ਾਮੂਦੀਨ | 22:30 | ਪੁਰੀ | 06:55 | | ਸ਼ਨੀਵਾਰ | 30.11.24 ਤਕ |
| 09425 | ਸਾਬਰਮਤੀ | 19:00 | ਹਰਿਦੁਆਰ ਜੰ. | 19:00 | ਸਪਤਾਹ ਵਿਚ 2 ਦਿਨ | ਸੋਮਵਾਰ, ਸ਼ੁਕਰਵਾਰ | 29.11.24 ਤਕ |
| 09426 | ਹਰਿਦੁਆਰ ਜੰ. | 21:45 | ਸਾਬਰਮਤੀ | 21:30 | | ਮੰਗਲਵਾਰ, ਸ਼ਨੀਵਾਰ | 30.11.24 ਤਕ |
| 09557 | ਭਾਵਨਗਰ ਟਰਮੀਨਲ | 15:15 | ਦਿੱਲੀ ਕੈਂਟ | 13:10 | ਸਪਤਾਹਿਕ | ਸ਼ੁਕਰਵਾਰ | 27.12.24 ਤਕ |
| 09558 | ਦਿੱਲੀ ਕੈਂਟ | 15:25 | ਭਾਵਨਗਰ ਟਰਮੀਨਲ | 12:25 | | ਸ਼ਨੀਵਾਰ | 28.12.24 ਤਕ |
| 09097 | ਬਾਂਦਰਾ ਟਰਮੀਨਸ | 21:50 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 10:00 | ਸਪਤਾਹਿਕ | ਐਤਵਾਰ | 29.12.24 ਤਕ |
| 09098 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 21:40 | ਬਾਂਦਰਾ ਟਰਮੀਨਸ | 10:10 | | ਮੰਗਲਵਾਰ | 31.12.24 ਤਕ |
| 09309 | ਇੰਦੌਰ ਜੰ. | 17:00 | ਹਜਰਤ ਨਿਜਾਮੂਦੀਨ | 04:30 | ਸਪਤਾਹ ਵਿਚ ਦੋ ਦਿਨ | ਸ਼ੁਕਰਵਾਰ, ਐਤਵਾਰ | 29.12.24 ਤਕ |
| 09310 | ਹਜਰਤ ਨਿਜਾਮੂਦੀਨ | 08:20 | ਇੰਦੌਰ ਜੰ. | 21:00 | | ਸ਼ਨੀਵਾਰ, ਸੋਮਵਾਰ | 30.12.24 ਤਕ |
| 09523 | ਓਖਾ | 10:00 | ਦਿੱਲੀ ਕੈਂਟ | 09:40 | ਸਪਤਾਹਿਕ | ਮੰਗਲਵਾਰ | 31.12.24 ਤਕ |
| 09524 | ਦਿੱਲੀ ਕੈਂਟ | 13:40 | ਓਖਾ | 13:50 | | ਬੁਧਵਾਰ | 01.01.25 ਤਕ |
| 04821 | ਭਗਤ ਕੀ ਕੋਠੀ | 08:30 | ਹਰਿਦੁਆਰ ਜੰ. | 03:40 | ਸਪਤਾਹਿਕ | ਵੀਰਵਾਰ | 28.11.24 ਤਕ |
| 04822 | ਹਰਿਦੁਆਰ ਜੰ. | 05:00 | ਭਗਤ ਕੀ ਕੋਠੀ | 23:55 | | ਸ਼ੁਕਰਵਾਰ | 29.11.24 ਤਕ |
| 01491 | ਪੂਣੇ | 17:30 | ਹਜਰਤ ਨਿਜਾਮੂਦੀਨ | 19:00 | ਸਪਤਾਹਿਕ | ਸ਼ੁਕਰਵਾਰ | 01.11.24 ਤਕ |
| 01492 | ਹਜਰਤ ਨਿਜਾਮੂਦੀਨ | 22:30 | ਪੂਣੇ | 22:30 | | ਸ਼ਨੀਵਾਰ | 02.11.24 ਤਕ |
| 06071 | ਕੋਚੂਵੇਲੀ | 14:15 | ਹਜਰਤ ਨਿਜਾਮੂਦੀਨ | 20:40 | ਸਪਤਾਹਿਕ | ਸ਼ੁਕਰਵਾਰ | 29.11.24 ਤਕ |
| 06072 | ਹਜਰਤ ਨਿਜਾਮੂਦੀਨ | 04:10 | ਕੋਚੂਵੇਲੀ | 14:15 | | ਸੋਮਵਾਰ | 02.12.24 ਤਕ |
| 05447 | ਪੀਲੀਭੀਤ ਜੰ. | 12:10 | ਸ਼ਾਹਜਹਾਪੁਰ | 14:25 | ਰੋਜਾਨਾ | ਸੋਮ, ਮੰਗਲ, ਬੁਧ, ਵੀਰ | 31.12.24 ਤਕ |
| 05448 | ਸ਼ਾਹਜਹਾਪੁਰ | 15:15 | ਪੀਲੀਭੀਤ ਜੰ. | 16:30 | | ਸ਼ੁਕਰ, ਸ਼ਨੀ, ਐਤ | 31.12.24 ਤਕ |
| 09603 | ਉਦੈਪੁਰ ਸ਼ਹਿਰ | 01:50 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 05:50 | ਸਪਤਾਹਿਕ | ਬੁਧਵਾਰ | 13.11.24 ਤਕ |
| 09604 | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | 10:50 | ਉਦੈਪੁਰ ਸ਼ਹਿਰ | 13:55 | | ਵੀਰਵਾਰ | 14.11.24 ਤਕ |
| 05097 | ਟਨਕਪੁਰ (ਵਾਯਾ ਦਿਲੀ ਜੰ.) | 18:25 | ਦੋਰਈ | 13:40 | ਸਪਤਾਹ ਵਿਚ ਤਿੰਨ ਦਿਨ | ਸੋਮਵਾਰ, ਬੁਧਵਾਰ, ਸ਼ੁਕਰਵਾਰ | 29.11.24 ਤਕ |
| 05098 | ਦੋਰਈ (ਵਾਯਾ ਦਿਲੀ ਜੰ.) | 16:05 | ਟਨਕਪੁਰ | 09:35 | | ਮੰਗਲਵਾਰ, ਵੀਰਵਾਰ, ਸ਼ਨੀਵਾਰ | 30.11.24 ਤਕ |
| 05037 | ਬਨਾਰਸ | 19:20 | ਆਨੰਦ ਵਿਹਾਰ ਟਰਮੀਨਲ | 09:35 | ਸਪਤਾਹਿਕ | ਮੰਗਲਵਾਰ | 12.11.24 ਤਕ |
| 05038 | ਆਨੰਦ ਵਿਹਾਰ ਟਰਮੀਨਲ | 11:10 | ਬਨਾਰਸ | 01:10 | | ਬੁਧਵਾਰ | 30.10.24 ਤੋਂ 13.11.24 |
| 05273 | ਦਰਭੰਗਾ ਜੰ. | 13:15 | ਦੋਰਾਈ | 22:30 | ਸਪਤਾਹਿਕ | ਸ਼ਨੀਵਾਰ | 02.11.24 ਨੂੰ |
| 05274 | ਦੋਰਾਈ | 23:45 | ਦਰਭੰਗਾ ਜੰ. | 06:50 | | ਐਤਵਾਰ | 03.11.24 ਨੂੰ |
| 06097 | ਚੇਨਈ ਸੈਂਟਰਲ | 05:15 | ਅੰਬਾਲਾ ਕੈਂਟ ਜੰ. | 02:10 | ਸਪਤਾਹਿਕ | ਸੋਮਵਾਰ | 11.11.24 ਤਕ |
| 06098 | ਅੰਬਾਲਾ ਕੈਂਟ ਜੰ. | 15:30 | ਚੇਨਈ ਜੰ. | 13:35 | | ਬੁਧਵਾਰ | 30.10.24 ਤੋਂ 13.11.24 |
| 07617 | ਕਾਚੀਗੁੜਾ | 23:15 | ਹਜਰਤ ਨਿਜਾਮੂਦੀਨ | 04:40 | ਸਪਤਾਹਿਕ | ਸੋਮਵਾਰ | 4,11 ਅਤੇ 18.11.24 |
| 07618 | ਹਜਰਤ ਨਿਜਾਮੂਦੀਨ | 08:20 | ਕਾਚੀਗੁੜਾ | 11:45 | | ਬੁਧਵਾਰ | 6,13 ਅਤੇ 20.11.24 |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਹੋਰ ਜਾਣਕਾਰੀ ਜਿਵੇਂ ਰਸਤੇ ਵਿਚ ਪੈਣ ਵਾਲੇ ਸਟੇਸ਼ਨ ਅਤੇ ਉਨ੍ਹਾਂ ਦੀ ਵਿਸਤ੍ਰਿਤ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਉਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES App ਵੇਖੋ।

**ਉਤਰ ਰੇਲਵੇ**

ਸਾਨੂੰ www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

'ਤੇ ਸਾਨੂੰ ਫਾਲੋ ਕਰੋ

# ਡੀ ਟੀ ਐੱਫ਼ ਵੱਲੋਂ ਚੱਬੇਵਾਲ ਸਣੇ ਤਿੰਨ ਜ਼ਿਮਨੀ ਚੋਣ ਹਲਕਿਆਂ 'ਚ ਰੋਸ ਪ੍ਰਦਰਸ਼ਨ ਦਾ ਐਲਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**--ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ (ਡੀ.ਟੀ.ਐੱਫ਼.) ਨੇ ਸੂਬਾ ਸਰਕਾਰ ਦੁਆਰਾ ਅਧਿਆਪਕ ਮਸਲਿਆਂ ਦੇ ਹੱਲ ਨਾ ਕੱਢੇ ਜਾਣ, ਲੋਕਾਂ ਦੇ ਵਿਰੁੱਧ ਭੁਗਤਣ ਵਾਲੀ ਨਵੀਂ ਸਿੱਖਿਆ ਨੀਤੀ ਲਾਗੂ ਕਰਨ, ਅਧਿਆਪਕਾਂ ਨੂੰ ਲਗਾਤਾਰ ਗੈਰ ਵਿੱਦਿਅਕ ਕੰਮਾਂ ਵਿੱਚ ਉਲਝਾਈ ਰੱਖਣ ਖਿਲਾਫ ਜੱਥੇਬੰਦੀ ਨੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਦੀ ਅਗਵਾਈ ਹੇਠ ਕਾਮਰੇਡ ਚੰਨਣ ਸਿੰਘ ਧੂਤ ਭਵਨ ਹੁਸ਼ਿਆਰਪੁਰ ਵਿਖੇ ਮੀਟਿੰਗ ਕਰਕੇ ਤਿੰਨ ਵਿਧਾਨ ਸਭਾ ਹਲਕਿਆਂ ਵਿੱਚ ਜ਼ੋਨਲ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ।ਇਸ ਸਬੰਧੀ ਵਿਸਤ੍ਰਤ ਜਾਣਕਾਰੀ ਦਿੰਦਿਆਂ ਡੀ.ਟੀ.ਐੱਫ. ਦੇ ਸੂਬਾ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੀਆਂ ਬੇਇਨਸਾਫੀ ਅਤੇ ਪੱਖਪਾਤ ਵਾਲੀਆਂ ਨੀਤੀਆਂ ਦਾ ਸ਼ਿਕਾਰ ਹੋਏ ਰਵਿੰਦਰ ਕੰਬੋਜ ਤੇ ਨਰਿੰਦਰ ਭੰਡਾਰੀ ਸਮੇਤ ਰੈਗੂਲਰ ਹੋਣੋਂ ਰਹਿੰਦੇ ਓ.ਡੀ.ਐੱਲ. ਅਧਿਆਪਕ ਅਤੇ 14 ਹਿੰਦੀ ਅਧਿਆਪਕਾਂ ਤੋਂ ਇਲਾਵਾ ਸਿਆਸੀ ਰੰਜਿਸ਼ ਤਹਿਤ ਬਦਲੀ ਦਾ ਸ਼ਿਕਾਰ ਮੁਖਤਿਆਰ ਸਿੰਘ ਦੇ ਮਸਲੇ ਹੱਲ ਕਰਨ 'ਤੇ ਸਿੱਖਿਆ ਮੰਤਰੀ ਨਾਲ ਸਹਿਮਤੀ ਬਣਨ ਦੇ ਬਾਵਜੂਦ ਇੰਨ੍ਹਾਂ ਮਸਲਿਆਂ ਨੂੰ ਬਿਨਾਂ ਕਾਰਨ ਲਟਕਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਨੇ ਇਸ ਸੈਸ਼ਨ ਦੇ ਸ਼ੁਰੂ ਤੋਂ ਹੀ ਸਕੂਲਾਂ ਦੇ ਅਧਿਆਪਕਾਂ ਨੂੰ ਪ੍ਰੋਜੈਕਟਾਂ ਰਾਹੀਂ ਉਲਝਾ ਰੱਖਿਆ ਹੈ ਅਤੇ ਹੁਣ ਸੀ.ਈ.ਪੀ. ਦੇ ਨਾਂ ਉੱਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਨਿਯਤ ਸਿਲੇਬਸ ਤੋਂ ਦੂਰ ਕਰਦਿਆਂ ਨਵੀਂ ਸਿੱਖਿਆ ਨੀਤੀ ਨੂੰ ਅਸਿੱਧੇ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਸੇ ਨੀਤੀ ਤਹਿਤ ਹੀ ਵਿਦਿਆਰਥੀਆਂ ਦੀ ਘੱਟ ਗਿਣਤੀ ਵਾਲੇ ਸਕੂਲਾਂ ਨੂੰ ਵੱਡੇ ਸਕੂਲਾਂ ਵਿੱਚ ਮਰਜ਼ ਕਰਨ ਦੀ ਨੀਤੀ ਵੱਲ ਵਧਿਆ ਜਾ ਰਿਹਾ ਹੈ। ਸਿੱਖਿਆ ਕ੍ਰਾਂਤੀ ਦੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਦੇ ਸਕੂਲਾਂ ਵਿੱਚ ਹਜ਼ਾਰਾਂ ਦੀ ਗਿਣਤੀ ਅਸਾਮੀਆਂ ਖਾਲੀ ਪਈਆਂ ਹਨ ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ। ਇੰਨ੍ਹਾਂ ਅਸਾਮੀਆਂ ਨੂੰ ਭਰੇ ਜਾਣ ਦੀ ਮੰਗ ਨੂੰ ਲੈ ਕੇ 5994 ਅਤੇ 2364 ਭਰਤੀ ਵਿੱਚ ਸਿਲੈਕਟ ਹੋ ਚੁੱਕੇ ਬੇਰੁਜ਼ਗਾਰ ਸੰਘਰਸ਼ ਕਰ ਰਹੇ ਹਨ ਉੱਥੇ ਹੀ ਸਰਕਾਰ ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਦਿਆਂ ਸਕੂਲਾਂ ਨੂੰ ਬੰਦ ਕਰਨ ਦੇ ਰਾਹ ਤੁਰੀ ਹੋਈ ਹੈ। ਦੋ ਸਾਲਾਂ ਤੋਂ ਦੀਵਾਲੀ ਦਾ ਤੋਹਫ਼ਾ ਉਡੀਕਦਿਆਂ ਅਤੇ ਪਿਛਲੇ 57 ਦਿਨਾਂ ਤੋਂ ਸੰਗਰੂਰ ਵਿਖੇ ਪੱਕਾ ਮੋਰਚਾ ਲਾ ਕੇ ਬੈਠੇ ਕੰਪਿਊਟਰ ਅਧਿਆਪਕਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ। ਸਿੱਖਿਆ ਵਿਭਾਗ ਪੰਜਾਬ ਵੱਲੋਂ ਕੀਤੀਆਂ ਗਈਆਂ ਤਰੱਕੀਆਂ ਨੂੰ ਕੁਝ ਕੁ ਸਕੂਲਾਂ ਤੱਕ ਸੀਮਤ ਕਰਕੇ ਅਧਿਆਪਕਾਂ ਨੂੰ ਤਰੱਕੀਆਂ ਛੱਡਣ ਲਈ ਮਜ਼ਬੂਰ ਕੀਤਾ ਗਿਆ ਹੈ। ਡੀ.ਟੀ.ਐੱਫ. ਦੇ ਹਰਜਿੰਦਰ ਸਿੰਘ ਵਡਾਲਾ ਬਾਂਗਰ, ਮੁਕੇਸ਼ ਕੁਮਾਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਹਰਵਿੰਦਰ ਅੱਲੂਵਾਲ ਅਤੇ ਇੰਦਰ ਸੁਖਦੀਪ ਸਿੰਘ ਓਢਰਾ ਆਦਿ ਆਗੂਆਂ ਨੇ ਕਿਹਾ ਕਿ ਅਧਿਆਪਕ ਮਸਲਿਆਂ 'ਤੇ ਅਤੇ ਚੋਣਾਂ ਦੌਰਾਨ ਹੋਈ ਗੁੰਡਾਗਰਦੀ 'ਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਵੱਲੋਂ ਧਾਰੀ ਹੋਈ ਚੁੱਪ ਸਾਬਤ ਕਰਦੀ ਹੈ ਕਿ ਉਨ੍ਹਾਂ ਕੋਲ ਪੰਜਾਬ ਦੇ ਅਧਿਆਪਕਾਂ ਨਾਲ ਕੋਈ ਹਮਦਰਦੀ ਨਹੀਂ ਹੈ ਅਤੇ ਪੰਜਾਬ ਦੇ ਆਮ ਲੋਕਾਂ ਦੇ ਬੱਚਿਆਂ ਦੀ ਸਿੱਖਿਆ ਲਈ ਨੀਤੀ ਨਹੀਂ ਹੈ। ਪੰਜਾਬ ਦੇ ਅਧਿਆਪਕ ਅਤੇ ਹੋਰ ਮੁਲਾਜ਼ਮ ਜਿੱਥੇ ਪੁਰਾਣੀ ਪੈਨਸ਼ਨ, ਪੇ ਕਮਿਸ਼ਨ ਦੇ ਬਕਾਏ ਦੀ ਮੰਗ ਕਰ ਰਹੇ ਹਨ, ਉੱਥੇ ਹੀ ਕੇਂਦਰ ਦੇ ਮੁਲਾਜ਼ਮਾਂ ਨਾਲੋਂ 15 ਫੀਸਦੀ ਘੱਟ ਮਹਿੰਗਾਈ ਭੱਤਾ ਲੈਂਦੇ ਹੋਏ, ਕੇਂਦਰ ਦੇ ਮੁਲਾਜ਼ਮਾਂ ਨਾਲੋਂ ਬਹੁਤ ਪਿੱਛੜੇ ਮਹਿਸੂਸ ਕਰ ਰਹੇ ਹਨ, ਪਰ ਪੰਜਾਬ ਸਰਕਾਰ ਇੰਨ੍ਹਾਂ ਮੰਗਾਂ ਨੂੰ ਠੰਡੇ ਬਸਤੇ ਵਿੱਚ ਪਾਉਣਾ ਚਾਹੁੰਦੀ ਹੈ। ਡੀ.ਟੀ.ਐੱਫ. ਪੰਜਾਬ ਦੇ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਅਧਿਆਪਕਾਂ, ਬੱਚਿਆਂ ਦੀ ਸਿੱਖਿਆ ਅਤੇ ਮੁਲਾਜ਼ਮਾਂ ਦੇ ਵਿੱਤੀ ਮਸਲਿਆਂ ਨੂੰ ਅਣਗੌਲਿਆਂ ਕਰਨ ਖਿਲਾਫ ਦਿੱਤੇ ਸੱਦੇ 'ਤੇ ਪੰਜਾਬ ਦੇ ਤਿੰਨ ਹਲਕਿਆਂ ਵਿੱਚ ਕੀਤੇ ਜਾ ਰਹੇ ਰੋਸ ਪ੍ਰਦਰਸ਼ਨਾਂ ਅਧਿਆਪਕਾਂ ਨੂੰ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ ਦਸੂਹਾ, ਜਸਵੀਰ ਸਿੰਘ ਬੋਦਲ, ਅਰਜੁਨ ਸਿੰਘ ਪਠਾਨਕੋਟ, ਬਲਜੀਤ ਸਿੰਘ ਮਹਿਮੋਵਾਲ, ਦਿਲਜੀਤ ਸਿੰਘ ਮੰਡ, ਪ੍ਰਵੀਨ ਕੁਮਾਰ ਸ਼ੇਰਪੁਰ, ਲਲਿਤ ਕੁਮਾਰ ਅਬੋਹਰ, ਮਨਜੀਤ ਸਿੰਘ ਬਾਬਾ ਅਤੇ ਵਿਕਾਸ ਅਰੋੜਾ ਆਦਿ ਆਗੂ ਵੀ ਹਾਜ਼ਰ ਸਨ।




# ਲੋਕਾਂ ਨੂੰ ਨਾਗਰਿਕ ਕੇਂਦਰਿਤ ਸੇਵਾਵਾਂ ਮੁਹੱਈਆ ਕਰਵਾਉਣ 'ਚ ਜਲੰਧਰ ਨੇ ਮੋਹਰੀ ਸਥਾਨ ਰੱਖਿਆ ਬਰਕਰਾਰ



**ਜਲੰਧਰ (ਸ਼ੈਲੀ ਐਲਬਰਟ)** ਜ਼ਿਲ੍ਹੇ ਦੇ ਲੋਕਾਂ ਨੂੰ ਸੇਵਾ ਕੇਂਦਰਾਂ ਰਾਹੀਂ ਨਾਗਰਿਕ ਕੇਂਦਰਿਤ ਸੇਵਾਵਾਂ ਸਭ ਤੋਂ ਘੱਟ ਪੈਂਡੈਂਸੀ ਦਰ ਨਾਲ ਮੁਹੱਈਆ ਕਰਵਾਉਣ ਦੇ ਮਾਮਲੇ ਵਿੱਚ ਜਲੰਧਰ ਨੇ ਸੂਬੇ ਭਰ ਵਿੱਚ ਆਪਣੇ ਮੋਹਰੀ ਸਥਾਨ ਨੂੰ ਬਰਕਰਾਰ ਰੱਖਿਆ ਹੈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਇਕ ਸਾਲ (28 ਅਕਤੂਬਰ 2023 ਤੋਂ 27 ਅਕਤੂਬਰ 2024) ਦੌਰਾਨ ਪ੍ਰਸ਼ਾਸਨ ਨੂੰ ਜ਼ਿਲ੍ਹੇ ਭਰ ਦੇ ਸੇਵਾ ਕੇਂਦਰਾਂ ਰਾਹੀਂ ਵੱਖ-ਵੱਖ ਨਾਗਰਿਕ ਸੇਵਾਵਾਂ ਲਈ ਕੁੱਲ 399374 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ 378029 ਯੋਗ ਬਿਨੈ-ਪੱਤਰਾਂ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਯਕੀਨੀ ਬਣਾਇਆ ਗਿਆ।

ਡਾ. ਅਗਰਵਾਲ ਨੇ ਦੱਸਿਆ ਕਿ 12258 ਅਰਜ਼ੀਆਂ ਅਧੂਰੀਆਂ ਜਾਂ ਹੋਰ ਕਮੀਆਂ-ਪੇਸ਼ੀਆਂ ਕਾਰਨ ਰੱਦ ਕੀਤੀਆਂ ਗਈਆਂ ਜਦਕਿ 6683 ਦਰਖਾਸਤਾਂ ਪ੍ਰਕਿਰਿਆ ਅਧੀਨ ਹਨ, ਜਿਨ੍ਹਾਂ ਦਾ ਨਿਰਧਾਰਿਤ ਸਮੇਂ ਦੇ ਅੰਦਰ ਨਿਬੇੜਾ ਕਰਦੇ ਹੋਏ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਨਿਰਵਿਘਨ ਅਤੇ ਸਮਾਂਬੱਧ ਢੰਗ ਨਾਲ ਮੁਹੱਈਆ ਕਰਵਾਉਣ ਦੇ ਮਿੱਥੇ ਟੀਚੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਜ਼ੀਰੋ ਪੈਂਡੈਂਸੀ' ਪਹੁੰਚ ਅਪਣਾਉਂਦਿਆਂ ਨਾਗਰਿਕਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਜ਼ਿਲ੍ਹੇ ਦੇ ਲੋਕਾਂ ਨੂੰ ਬਿਨ੍ਹਾਂ ਕਿਸੇ ਪ੍ਰੇਸ਼ਾਨੀ ਅਤੇ ਸਰਲ ਢੰਗ ਨਾਲ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਦਹੁਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਸੇਵਾ ਕੇਂਦਰਾਂ ਦੀ ਕਾਰਗੁਜ਼ਾਰੀ ਦੀ ਲਗਾਤਾਰ ਨਿਗਰਾਨੀ ਕਰਨ ਤੋਂ ਇਲਾਵਾ ਸੇਵਾਵਾਂ ਪ੍ਰਾਪਤ ਕਰਨ ਆਉਣ ਵਾਲੇ ਲੋਕਾਂ ਤੋਂ ਫੀਡਬੈਕ ਵੀ ਲਈ ਜਾਂਦੀ ਹੈ ਤਾਂ ਜੋ ਬਿਨੈਕਾਰਾਂ ਨੂੰ ਸੇਵਾਵਾਂ ਪ੍ਰਾਪਤ ਕਰਨ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਨਿਰੰਤਰ ਕੀਤੇ ਜਾ ਰਹੇ ਯਤਨਾਂ ਸਦਕਾ ਜਲੰਧਰ ਵੱਲੋਂ ਇਹ ਕਾਮਯਾਬੀ ਹਾਸਲ ਕੀਤੀ ਗਈ ਹੈ। ਉਨ੍ਹਾਂ ਇਸ ਪ੍ਰਾਪਤੀ ਲਈ ਅਧਿਕਾਰੀਆਂ/ਕਰਮਚਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਇਹ ਰਿਕਾਰਡ ਕਾਇਮ ਰੱਖਣ ਲਈ ਹੱਲਾਸ਼ੇਰੀ ਦਿੱਤੀ।

# ਬੰਦ ਪਿਆ ਰੂਟ ਹੋਇਆ ਚਾਲੂ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਨਵੀਂ ਬਣੀ ਪਿੰਡ ਸੁੰਨੜ ਕਲਾਂ ਦੀ ਪੰਚਾਇਤ ਜਿਸ ਵਿੱਚ ਹਮ ਸਭ ਦੇ ਸੰਪਾਦਕ ਅਤੇ ਸੀਨੀਅਰ ਪੱਤਰਕਾਰ ਉੱਘੇ ਸਮਾਜ ਸੇਵਕ ਅਵਤਾਰ ਚੰਦ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਬੰਦ ਪਏ ਰੂਟ ਨੂੰ ਮੁੜ ਚਾਲੂ ਕੀਤਾ ਗਿਆ ਹੈ। ਪੰਚਾਇਤ ਮੈਂਬਰ ਸੁਖਵਿੰਦਰ ਸਿੰਘ ਉਰਫ ਬਿੰਦਰ ਪੰਚ, ਰਾਜੀਵ ਜੋਸ਼ੀ ਪੰਚ, ਬਲਵਿੰਦਰ ਕੌਰ ਪੰਚ, ਮਨਮੋਹਨ ਹੋਰ ਉਰਫ਼ ਮੋਣੋ ਪੰਚ, ਨੀਲਮ ਰਾਣੀ,ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਜੁਗਿੰਦਰਪਾਲ , ਸ਼ਿੰਗਾਰਾ ਰਾਮ , ਭਾਰਤੀ ਕਿਸਾਨ ਯੂਨੀਅਨ ਬਲਵੀਰ ਸਿੰਘ ਰਾਜੇਵਾਲ ਦੇ ਪ੍ਰਧਾਨ ਕੁਲਵਿੰਦਰ ਸਿੰਘ ਆਦਿ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਸੁੰਨੜ ਕਲਾਂ ਦੇ ਪਿਛਲੇ ਲੰਮੇ ਸਮੇਂ ਤੋਂ ਬੰਦ ਪਏ ਰੂਟ ਪਿੰਡ ਸੁੰਨੜ ਕਲਾਂ ਤੋਂ ਜੰਡਿਆਲਾ ਅਤੇ ਵਾਇਆ ਜੰਡਿਆਲਾ ਤੋਂ ਸੁੰਨੜ ਕਲਾਂ, ਪੱਬਵਾ ਅਤੇ ਸਿੱਧਮੁੱਤਸੱਦੀ ਅਤੇ ਨੂਰਮਹਿਲ ਨੂੰ ਕ੍ਰਮਵਾਰ ਟਾਇਮ ਸਵੇਰੇ 9 ਵਜੋਂ ਪਿੰਡ ਸੁੰਨੜ ਕਲਾਂ ਤੋਂ ਜੰਡਿਆਲਾ,ਦੂਜਾ ਟਾਈਮ 11.30 ਵਜੇ ਤੀਜਾ ਟਾਈਮ 3-30 ਵਜੇ ਅਤੇ ਚੌਥਾ ਟਾਈਮ 5.30 ਵਜੇ ਜੰਡਿਆਲਾ ਨੂੰ ਜਾਣ ਲਈ ਹੋਵੇਗਾ। ਇਸੇ ਤਰ੍ਹਾਂ ਹੀ ਜੰਡਿਆਲਾ ਤੋਂ ਪਿੰਡ ਸੁੰਨੜ ਕਲਾਂ ਨੂੰ ਸਵੇਰੇ 8—30 ਵਜੇ ਦੂਜਾ ਟਾਈਮ 11 ਵਜੇ,ਤੀਜਾ ਟਾਈਮ,12.30 ਵਜੇ ਚੌਥਾ ਟਾਈਮ 3 ਵਜੇ ਅਤੇ ਪੰਜਵਾਂ ਟਾਈਮ 4.30 ਵਜੇ ਹੋਵੇਗਾ।

# ਧਾਰਮਿਕ ਸਮਾਗਮ ਜੋਸ਼ ਤੇ ਉਤਸ਼ਾਹ ਨਾਲ ਮਨਾਇਆ

**ਭੋਗਪੁਰ, (ਕੁਲਵੀਰ ਕਾਹਲੋਂ)**-ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿੱਚ ਧਾਰਮਿਕ ਸਮਾਗਮ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਇੱਕ ਪ੍ਰਾਰਥਨਾ ਅਤੇ ਦਿਵਾਲੀ ਦੇ ਸੰਦੇਸ਼ ਨਾਲ ਹੋਈ। ਇਸ ਤੋਂ ਬਾਅਦ ਇੱਕ ਭਜਨ ਰਾਮ ਸਤੂਤੀ ਅਤੇ ਇੱਕ ਸ਼ਬਦ ਬੰਦੀ-ਛੋੜ ਗੁਰੂ ਪਾਤਸ਼ਾਹ ਗੁਰੂ ਹਰਗੋਬਿੰਦ ਸਿੰਘ ਜੀ ਨੂੰ ਯਾਦ ਕਰਦਿਆਂ ਸ਼੍ਰਵਣ ਕੀਤਾ ਗਿਆ। ਉਪਰੰਤ ਮੈਡਮ ਨਵਦੀਪ ਕੌਰ ਵੱਲੋਂ ਬੱਚਿਆ ਨਾਲ ਦਿਵਾਲੀ ਦਾ ਇਤਿਹਾਸ ਸਾਂਝਾ ਕੀਤਾ ਗਿਆ। ਇਸ ਮੌਕੇ 'ਤੇ ਬੱਚਿਆ ਦੇ ਕਾਰਡ ਬਣਾਉਣ ਦੇ ਮੁਕਾਬਲੇ ਜਮਾਤ 9-99, ਪਪਿਟ ਮੇਕਿੰਗ ਮੁਕਾਬਲੇ ਜਮਾਤ 3 ਤੋਂ 5, ਵੈਸਟ ਆਫ ਵੇਸਟ ਮੁਕਾਬਲੇ ਜਮਾਤ 6 ਤੋਂ 8, ਅਤੇ ਰੰਗੋਲੀ ਮੁਕਾਬਲੇ ਜਮਾਤ 9 ਤੋਂ 12ਵੀਂ ਤੱਕ ਕਰਵਾਏ ਗਏ। ਡਾਇਰੈਕਟਰ ਸੁਖਜਿੰਦਰ ਸਿੰਘ ਅਤੇ ਪ੍ਰਿੰਸੀਪਲ ਸ਼੍ਰੀਮਤੀ ਨਵਦੀਪ ਕੌਰ ਨੇ ਭਾਗੀਦਾਰਾਂ ਅਤੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਉਹਨਾਂ ਨੂੰ ਸੱਚ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਪ੍ਰਦੂਸ਼ਣ ਰਹਿਤ ਦਿਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ।



# ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੀ ਧਾਰਮਿਕ ਪ੍ਰੀਖਿਆ ਸੰਪੰਨ



**ਸੁਲਤਾਨਪੁਰ ਲੋਧੀ, ( ਹਨੀ )** ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਧਾਰਮਿਕ ਪ੍ਰੀਖਿਆ ਲਈ ਗਈ। ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੇ ਸੁਲਤਾਨਪੁਰ ਲੋਧੀ ਤੋਂ ਸਰਕਲ ਇੰਚਾਰਜ ਸੁਖਦੇਵ ਸਿੰਘ ਖਾਲਸਾ ਨੇ ਦੱਸਿਆ ਕਿ ਸਿੱਖ ਮਿਸ਼ਨਰੀ ਕਾਲਜ ਹਰ ਸਾਲ ਧਾਰਮਿਕ ਪ੍ਰੀਖਿਆ ਦਾ ਆਯੋਜਨ ਇੰਡੀਆ ਪੱਧਰ 'ਤੇ ਕਾਲਜ ਵੱਲੋਂ ਛਾਪੀਆਂ ਪੁਸਤਕਾਂ 'ਤੇ ਅਧਾਰਿਤ ਹੁੰਦੀ ਹੈ ਅਤੇ ਕੋਈ ਵੀ ਵਿਦਿਆਰਥੀ ਪੇਪਰ ਦੇ ਸਕਦਾ ਕਰਦਾ ਹੈ । ਉਨ੍ਹਾਂ ਹੋਰ ਦੱਸਿਆ ਕਿ ਸੁਲਤਾਨਪੁਰ ਲੋਧੀ ਦੇ ਵੱਖ ਵੱਖ ਸਕੂਲਾਂ ਸਿੱਖ ਮਿਸ਼ਨ ਅਕੈਡਮੀ, ਬ੍ਰਿਟਿਸ਼ ਵਿਕਟੋਰੀਆ ਸਕੂਲ, ਦਸਮੇਸ਼ ਅਕੈਡਮੀ, ਅਕਾਲ ਅਕੈਡਮੀ, ਅਕਾਲ ਗਲੈਕਸੀ, ਫਾਲਕਨ ਇੰਟਰਨੈਸ਼ਨਲ ਸਕੂਲ, ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਗੁਰੂ ਨਾਨਕ ਦੇਵ ਮਾਡਲ ਸਕੂਲ ਸਤਾਬਗੜ੍ਹ ਆਦਿ ਵਿੱਚ ਬਣੇ ਪ੍ਰੀਖਿਆ ਕੇਂਦਰਾਂ 'ਚ 850 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ । ਸਰਕਲ ਇੰਚਾਰਜ਼ ਖਾਲਸਾ ਨੇ ਹੋਰ ਜਾਣਕਾਰੀ ਦਿੰਦਿਆਂ ਦਸਿਆ ਕਿ ਇਸ ਧਾਰਮਿਕ ਪ੍ਰੀਖਿਆ ਵਿੱਚ ਸਿੱਖ ਇਤਿਹਾਸ, ਸਿੱਖ ਰਹਿਤ ਮਰਿਆਦਾ ਅਤੇ ਗੁਰਬਾਣੀ ਨਾਲ ਸੰਬੰਧਿਤ 300 ਨੰਬਰ ਦਾ ਪੇਪਰ ਪਾਇਆ ਗਿਆ, ਤਾਂ ਜੋ ਵਿਦਿਆਰਥੀ ਆਪਣੇ ਬਹੁਮੁੱਲੇ ਖਜ਼ਾਨੇ ਗੁਰਬਾਣੀ ਸਿੱਖ ਇਤਿਹਾਸ ਅਤੇ ਰਹਿਤ ਮਰਿਆਦਾ ਨਾਲ ਜੁੜ ਸਕਣ । ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਦੱਸਿਆ ਕਿ ਕਪੂਰਥਲਾ ਜੋਨ ਵਿੱਚੋਂ 2000 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਸਮੁੱਚੇ ਪੰਜਾਬ ਵਿੱਚੋਂ 80000 ਤੋਂ ਵੱਧ ਵਿਦਿਆਰਥੀਆਂ ਨੇ ਧਾਰਮਿਕ ਪ੍ਰੀਖਿਆ ਵਿੱਚ ਹਿੱਸਾ ਲਿਆ ।

# ਅਭੈ ਰਜ਼ਾ ਨੇ ਰੈਪ ਗੀਤ ਮੁਕਾਬਲੇ 'ਚ ਪ੍ਰਾਪਤ ਕੀਤਾ ਦੂਜਾ ਸਥਾਨ



**ਗੁਰਾਇਆ (ਬਿੰਦਰ ਸੁਮਨ)**- ਪੁਲਸ ਡੀ ਏ ਵੀ ਪਬਲਿਕ ਸਕੂਲ, ਜਲੰਧਰ ਵਿੱਚ ਸਹੋਦਿਆ ਇੰਟਰ ਸਕੂਲ ਰੈਪ ਗੀਤ ਮੁਕਾਬਲੇ ਕਰਵਾਏ ਗਏ, ਜਿਸ ਵਿੱਚ 10 ਵਿਦਿਅਕ ਅਦਾਰਿਆਂ ਨੇ ਭਾਗ ਲਿਆ । ਇਸ ਮੁਕਾਬਲੇ ਵਿੱਚ ਐੱਸ .ਟੀ.ਐੱਸ. ਵਰਲਡ ਸਕੂਲ ਦੇ ਵਿਦਿਆਰਥੀ ਅਭੈ ਰਜ਼ਾ ਨੇ ਭਾਗ ਲਿਆ ਸੀ। ਅਭੈ ਦੇ ਬੇਮਿਸਾਲ ਪ੍ਰਦਰਸ਼ਨ ਨਾਲ ਉਸ ਨੇ ਦੂਜਾ ਸਥਾਨ ਹਾਸਿਲ ਕੀਤਾ, ਜਿਸ ਨੇ ਆਪਣੀ ਪ੍ਰਤਿਭਾ ਨਾਲ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ, ਪ੍ਰਿੰਸੀਪਲ ਸ਼੍ਰੀਮਤੀ ਪ੍ਰਭਜੋਤ ਗਿੱਲ ਨੇ ਅਭੈ ਨੂੰ ਵਧਾਈ ਦਿੰਦੇ ਹੋਏ, ਬਾਕੀ ਸਾਰੇ ਵਿਦਿਆਰਥੀਆਂ ਨੂੰ ਵੀ ਪ੍ਰੇਰਿਤ ਕੀਤਾ ਕਿ ਉਹ ਪੜ੍ਹਾਈ ਦੇ ਨਾਲ ਨਾਲ ਹੋਰ ਗਤੀਵਿਧੀਆਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਣ।

# ਰਵਿੰਦਰ ਚੋਟ ਪ੍ਰਧਾਨ ਤੇ ਬਲਦੇਵ ਕੋਮਲ ਮੁੱਖ ਸਕੱਤਰ ਚੁਣੇ

**ਫਗਵਾੜਾ ( ਡਾ. ਰਮਨ )** ਅਦਬੀ ਸਾਗਰ ਵਿਰਕ ਦੀ ਮਹੀਨਾਵਾਰ ਮੀਟਿੰਗ ਅਰਬਨ ਸਟੇਟ ਫਗਵਾੜਾ ਵਿਖੇ ਬਲਦੇਵ ਰਾਜ ਕੋਮਲ ਦੀ ਅਗਵਾਈ ਵਿੱਚ ਹੋਈ। ਜਿਸ ਵਿੱਚ ਸੰਸਥਾ ਦੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਸਰਪ੍ਰਸਤ ਸੰਧੂ ਵਰਿਆਣਵੀ, ਪ੍ਰਧਾਨ ਰਵਿੰਦਰ ਚੋਟ, ਮੁੱਖ ਸਕੱਤਰ ਬਲਦੇਵ ਰਾਜ ਕੋਮਲ, ਸੰਯੁਕਤ ਸਕੱਤਰ ਸੋਹਣ ਸਿੰਘ ਭਿੰਡਰ ਤੇ ਲਸ਼ਕਰ ਸਿੰਘ, ਵਿੱਤ ਸਕੱਤਰ ਕਰਮਜੀਤ ਸਿੰਘ ਸੰਧੂ, ਮੁੱਖ ਸਲਾਹਕਾਰ ਸੋਹਣ ਸਹਿਜਲ ਤੇ ਡਾ.ਇੰਦਰਜੀਤ ਵਾਸੂ ,ਪ੍ਰੈੱਸ ਸਕੱਤਰ ਬੀ.ਕੇ.ਰੱਤੂ ਤੇ ਰਾਮ ਪਰਕਾਸ਼ ਟੋਨੀ ਤੇ ਦਿਲਬਹਾਰ ਸ਼ੌਕਤ ਚੁਣੇ ਗਏ। ਕਾਰਜਕਾਰੀ ਮੈਂਬਰ ਬਚਨ ਗੁੜਾ, ਮੋਹਣ ਆਰਟਿਸਟ,ਘਣਸ਼ਾਮ, ਕੁਲਵੰਤ ਸਿੰਘ ਭਿੰਡਰ, ਬਲਕਾਰ ਕਟਾਰੀਆ, ਦੇਵ ਵਿਰਕ, ਗੁਰਨਾਮ ਬਾਵਾ ਅਤੇ ਸੁਖਦੇਵ ਸਿੰਘ ਗੰਢਮਾਂ ਚੁਣੇ ਗਏ। ਅੰਤ ਵਿੱਚ ਬਲਦੇਵ ਰਾਜ ਕੋਮਲ ਨੇ ਸਭ ਦਾ ਧੰਨਵਾਦ ਕੀਤਾ।



# ਪ੍ਰਭੂ ਰਾਮ ਵਾਂਗ ਹਰ ਸਥਿਤੀ ਦਾ ਸਾਹਮਣਾ ਕਰਨਾ ਚਾਹੀਦੈ : ਵਿਜੇ ਸਾਂਪਲਾ



**ਫਗਵਾੜਾ (ਡਾ. ਰਮਨ )**: ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਵੱਲੋਂ ਫਗਵਾੜਾ ਵਿਧਾਨ ਸਭਾ ਦੇ ਵਰਕਰਾਂ ਨਾਲ ਦੀਵਾਲੀ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਰਕਰਾਂ ਨੇ ਭਾਰੀ ਉਤਸ਼ਾਹ ਅਤੇ ਆਨੰਦ ਨਾਲ ਸ਼ਮੂਲੀਅਤ ਕੀਤੀ ਪ੍ਰੋਗਰਾਮ ਵਿੱਚ ਫਗਵਾੜਾ ਦੇ ਸੈਂਕੜੇ ਭਾਜਪਾ ਆਗੂਆਂ ਸਮੇਤ ਉੱਘੀਆਂ ਸ਼ਖਸੀਅਤਾਂ, ਅਤੇ ਸਮਾਜਿਕ ਧਾਰਮਿਕ ਜਥੇਬੰਦੀਆਂ ਦੇ ਸਮੂਹ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਸਾਂਪਲਾ ਨੇ ਕਿਹਾ ਕਿ ਇਹ ਦੀਵਾਲੀ ਮਿਲਨ ਸਮਾਰੋਹ ਸਾਡੇ ਸਾਰਿਆਂ ਵਿੱਚ ਏਕਤਾ ਅਤੇ ਸਦਭਾਵਨਾ ਨੂੰ ਪ੍ਰਫੁੱਲਤ ਕਰਨ ਦਾ ਮੌਕਾ ਹੈ, ਦੀਵਾਲੀ 'ਤੇ ਸਾਨੂੰ ਸਾਰਿਆਂ ਨੂੰ ਏਕਤਾ, ਬੁਰਾਈਆਂ ਵਿਰੁੱਧ ਲੜਨ ਦੀ ਹਿੰਮਤ ਅਤੇ ਹਰ ਹਾਲਤ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਮਿਲਦੀ ਹੈ। ਦਿਵਾਲੀ ਸਾਨੂੰ ਪਰਵਾਰ, ਸਮਾਜ ਅਤੇ ਦੇਸ਼ ਪ੍ਰਤੀ ਆਪਣਾ ਫਰਜ਼ ਨਿਭਾਉਣ ਲਈ ਪ੍ਰੇਰਿਤ ਕਰਦੀ ਹੈ ਅਤੇ ਸਾਨੂੰ ਮਿਲ ਕੇ ਦੇਸ਼ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ।ਪ੍ਰੋਗਰਾਮ ਵਿੱਚ ਵਿਜੇ ਸਾਂਪਲਾ ਨੇ ਦਿਨ ਰਾਤ ਪੂਰੀ ਲਗਨ ਨਾਲ ਕੰਮ ਕਰਕੇ ਭਾਜਪਾ ਪਾਰਟੀ ਨੂੰ ਵੱਡੀਆਂ ਬੁਲੰਦੀਆਂ 'ਤੇ ਪਹੁੰਚਾਉਣ ਵਾਲੇ ਭਾਜਪਾ ਦੇ ਟਕਸਾਲੀ ਆਗੂਆਂ ਨੂੰ ਸਨਮਾਨਿਤ ਕੀਤਾ ਅਤੇ ਪਾਰਟੀ ਪ੍ਰਤੀ ਪਾਏ ਯੋਗਦਾਨ ਨੂੰ ਨੌਜਵਾਨ ਵਰਕਰਾਂ ਲਈ ਪ੍ਰੇਰਨਾਦਾਇਕ ਦੱਸਿਆ। ਸਾਂਪਲਾ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਆਪਸੀ ਸਹਿਯੋਗ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ? ?ਕਰਦੇ ਹਨ ਦੀਵਾਲੀ ਮਿਲਨ ਸਮਾਰੋਹ ਨੇ ਫਗਵਾੜਾ ਦੇ ਲੋਕਾਂ ਨੂੰ ਇਕਜੁੱਟ ਕਰਨ ਅਤੇ ਭਵਿੱਖ ਦੇ ਸਹਿਯੋਗ ਅਤੇ ਤਾਲਮੇਲ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਕਾਰਾਤਮਕ ਪਲੇਟਫਾਰਮ ਪ੍ਰਦਾਨ ਕੀਤਾ।

# ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਤਹਿਸੀਲ ਮੁਕੇਰੀਆਂ ਵੱਲੋਂ ਅਹਿਮ ਫੈਸਲੇ



**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**—ਪੈਨਸ਼ਨਰਸ ਵੈਲਫ਼ੇਅਰ ਐਸੋਸੀਏਸ਼ਨ ਤਹਿਸੀਲ ਮੁਕੇਰੀਆਂ ਹੈਡ ਆਫਿਸ ਤਲਵਾੜਾ ਦੀ ਇੱਕ ਵਿਸ਼ੇਸ਼ ਮੀਟਿੰਗ ਤਹਿਸੀਲ ਪ੍ਰਧਾਨ ਸਾਥੀ ਗਿਆਨ ਸਿੰਘ ਗੁਪਤਾ ਦੀ ਪ੍ਰਧਾਨਗੀ ਹੇਠ ਤਲਵਾੜਾ ਵਿਖੇ ਕੀਤੀ ਗਈ । ਇਸ ਵਿੱਚ ਸੌ ਤੋਂ ਵੀ ਵੱਧ ਪੈਨਸ਼ਨਰਾਂ ਨੇ ਭਾਗ ਲਿਆ । ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀ ਪੈਨਸ਼ਨ ਦੋਹਰਾਈ 2.59 ਗੁਣਾਕ ਨਾਲ ਕਰਨ, ਮਹਿੰਗਾਈ ਭੱਤੇ ਦੀਆਂ ਕਿਸਤਾਂ ਜਾਰੀ ਕਰਨ ਅਤੇ ਪੈਨਸ਼ਨ ਦੋਹਰਾਈ ਅਤੇ ਮਹਿੰਗਾਈ ਭੱਤੇ ਦਾ ਰਹਿੰਦਾ ਬਕਾਇਆ ਦੇਣ ਦੀ ਜੋਰਦਾਰ ਮੰਗ ਕੀਤੀ ਗਈ । ਪੰਜਾਬ ਸਰਕਾਰ ਵੱਲੋਂ ਉਪਰੋਕਤ ਮੰਗਾਂ ਨੂੰ ਲਟਕਾਉਣ ਦੀ ਜ਼ੋਰ ਦਾਰ ਨਿਖੇਧੀ ਕੀਤੀ ਗਈ ਅਤੇ ਉਪਰੋਕਤ ਮੰਗਾਂ ਦੀ ਪ੍ਰਾਪਤੀ ਲਈ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਸ਼ੁਰੂ ਕੀਤੇ ਗਏ ਸੰਘਰਸ਼ ਦੀ ਲੜੀ ਅਨੁਸਾਰ 3 ਨਵੰਬਰ ਨੂੰ ਚੱਬੇਵਾਲ ਵਿਖੇ ਕੀਤੇ ਜਾ ਰਹੇ ਰੋਸ ਮੁਜਾਰੇ ਵਿੱਚ ਤਲਵਾੜੇ ਤੋਂ ਸੈਂਕੜੇ ਪੈਨਸ਼ਨਰਾਂ ਨੂੰ ਸ਼ਾਮਿਲ ਕਰਾਉਣ ਦਾ ਫੈਸਲਾ ਕੀਤਾ ਗਿਆ । ਇਹ ਵੀ ਫੈਸਲਾ ਕੀਤਾ ਗਿਆ ਕਿ 9 ਨਵੰਬਰ ਨੂੰ ਪੈਨਸ਼ਨਰ ਜਾਗਰੂਕਤਾ ਸੈਮੀਨਾਰ ਰਵੀਦਾਸ ਮੰਦਰ ਤਲਵਾੜਾ ਵਿਖੇ ਕਰਵਾਇਆ ਜਾਵੇਗਾ ਜਿਸ ਵਿੱਚ ਪੰਜਾਬ ਦੇ ਟਰੇਡ ਯੂਨੀਅਨ ਦੇ ਉੱਘੇ ਬੁਲਾਰਿਆਂ ਨੂੰ ਬੁਲਾਇਆ ਜਾਵੇਗਾ ।ਅੰਤ ਵਿੱਚ ਤਹਿਸੀਲ ਕਮੇਟੀ ਦੀ 2025 - 2026 ਲਈ ਦੋ ਸਾਲ ਦੇ ਸਮੇਂ ਲਈ ਚੋਣ ਜ਼ਿਲਾ ਕਮੇਟੀ ਵੱਲੋਂ ਭੇਜੀ ਗਈ ਨਿਗਰਾਨ ਕਮੇਟੀ ਵੱਲੋਂ ਕਰਵਾਈ ਗਈ । ਇਸ ਚੋਣ ਵਿੱਚ ਸਾਥੀ ਗਿਆਨ ਸਿੰਘ ਗੁਪਤਾ ਨੂੰ ਮੁੜ ਪ੍ਰਧਾਨ ਅਤੇ ਸ਼ਿਵ ਕੁਮਾਰ ਨੂੰ ਉਹਨਾਂ ਦੀ ਸਹਾਇਤਾ ਲਈ ਚੁਣਿਆ ਗਿਆ ।ਕੇਹਰ ਸਿੰਘ ਨੂੰ ਜਨਰਲ ਸਕੱਤਰ ਅਤੇ ਜੁਗਰਾਜ ਸਿੰਘ ਨੂੰ ਉਨਾਂ ਦੀ ਸਹਾਇਤਾ ਲਈ ਚੁਣਿਆ ਗਿਆ ।ਇਸੇ ਤਰ੍ਹਾਂ ਉਤਮ ਸਿੰਘ ਨੂੰ ਵਿੱਤ ਸਕੱਤਰ ਅਤੇ ਬੀਰ ਸਿੰਘ ਨੂੰ ਉਹਨਾਂ ਦੀ ਸਹਾਇਤਾ ਲਈ ਚੁਣਿਆ ਗਿਆ । ਇਸ ਤੋਂ ਇਲਾਵਾ 50 ਮੈਂਬਰੀ ਵਰਕਿੰਗ ਕਮੇਟੀ ਦੀ ਚੋਣ ਕੀਤੀ ਗਈ ।

# ਧਾਰਮਿਕ ਪ੍ਰੀਖਿਆ 'ਚ ਸਰਕਲ ਭੋਗਪੁਰ ਦੇ ਸਕੂਲਾਂ ਦੀ ਸ਼ਮੂਲੀਅਤ ਰਹੀ ਸ਼ਲਾਘਾਯੋਗ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)** ਹਰ ਸਾਲ ਰਾਜ ਦੇ ਵੱਖ-ਵੱਖ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਬੱਚਿਆਂ ਦੀ ਸਲਾਨਾ ਧਾਰਮਿਕ ਪ੍ਰੀਖਿਆ ਲਈ ਜਾਂਦੀ ਹੈ। ਜਿਸ ਵਿੱਚ ਪਹਿਲਾਂ ਦੂਸਰਾ ਅਤੇ ਤੀਸਰਾ ਵਰਗ ਸ਼ਾਮਲ ਕੀਤਾ ਜਾਂਦਾ ਹੈ ਪਹਿਲੇ ਵਰਗ ਵਿੱਚ ਪਹਿਲੀ ਤੋਂ ਪੰਜਵੀਂ ਜਮਾਤ, ਦੂਜੇ ਵਰਗ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ, ਤੀਜੇ ਵਰਗ ਵਿੱਚ ਨੌਵੀਂ ਤੋਂ ਦਸਵੀਂ ਜਮਾਤ ਅਤੇ ਚੌਥੇ ਵਰਗ ਵਿੱਚ ਸਰਬੱਤ ਸੰਗਤ ਵਿੱਚ ਬੱਚਿਆਂ ਦੀ ਵੰਡ ਕੀਤੀ ਜਾਂਦੀ ਹੈ। ਇਸ ਧਾਰਮਿਕ ਪ੍ਰੀਖਿਆ ਦੇ ਸਿਲੇਬਸ ਵਿੱਚ ਗੁਰਬਾਣੀ, ਗੁਰੂ ਇਤਿਹਾਸ ਅਤੇ ਸਿੱਖ ਰਹਿਤ ਮਰਿਆਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਸਿੱਖ ਮਿਸ਼ਨਰੀ ਕਾਲਜ ਦੇ ਜਲੰਧਰ ਜੋਨ ਦੇ ਸਰਕਲ ਭੋਗਪੁਰ ਵੱਲੋਂ ਵੀ ਵੱਖ-ਵੱਖ ਸਕੂਲਾਂ ਵਿੱਚ ਇਹ ਧਾਰਮਿਕ ਪ੍ਰੀਖਿਆ ਲਈ ਗਈ ਜਿਸ ਵਿੱਚ ਭੋਗਪੁਰ ਸਰਕਲ ਇੰਚਾਰਜ ਮੈਡਮ ਕੁਲਵੀਰ ਕੌਰ ਨੇ ਦੱਸਿਆ ਕਿ ਉਨਾਂ ਦੇ ਸਰਕਲ ਵਿੱਚ ਆਉਂਦੇ ਬਹੁਤ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚ ਭਾਗ ਲਿਆ ਜਿਸ ਵਿੱਚ ਕੁੱਲ 410 ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ 20 ਅਧਿਆਪਕਾਂ ਨੇ ਜਿਸ ਵਿੱਚ ਵੱਖਰੇ ਵੱਖਰੇ ਪ੍ਰੀਖਿਆ ਕੇਂਦਰ ਵਿੱਚ ਡਿਊਟੀ ਦੇ ਕੇ ਇਸ ਨੂੰ ਸਫਲਤਾ ਪੂਰਵਕ ਸੰਪੰਨ ਕੀਤਾ। ਇਸ ਪ੍ਰੀਖਿਆ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ ਸ਼ਲਾਘਾਯੋਗ ਰਹੀ ਹੈ। ਇਸ ਪ੍ਰੀਖਿਆ ਵਿੱਚ ਭਾਗ ਲੈ ਰਹੇ ਵਿਦਿਆਰਥੀਆਂ ਅਤੇ ਡਿਊਟੀ ਨਿਭਾ ਰਹੇ ਅਧਿਆਪਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਅਗਾਂਹ ਤੋਂ ਵੀ ਇਸੇ ਤਰ੍ਹਾਂ ਹੀ ਕੌਮ ਦੀ ਸੇਵਾ ਕਰਨ ਅਤੇ ਬੱਚਿਆਂ ਨੂੰ ਗੁਰਮਤਿ ਸਿੱਖਿਆ ਵਿੱਚ ਪ੍ਰਪੱਖ ਕਰਨ ਲਈ ਆਪਣੀਆਂ ਨਿਸ਼ਕਾਮ ਸੇਵਾਵਾਂ ਨਿਭਾਉਂਦੇ ਰਹਿਣ ਲਈ ਅਪੀਲ ਕੀਤੀ ਗਈ।

# ਜੋਗਿੰਦਰ ਸਿੰਘ ਮਾਨ ਨੇ ਦਰਜਨਾਂ ਪਿੰਡਾਂ ਦੇ ਨਵੇਂ ਚੁਣੇ ਸਰਪੰਚਾਂ ਨੂੰ ਕੀਤਾ ਸਨਮਾਨਤ

**ਫਗਵਾੜਾ ( ਡਾ. ਰਮਨ )** ਆਮ ਆਦਮੀ ਪਾਰਟੀ ਵਿਧਾਨਸਭਾ ਹਲਕਾ ਫਗਵਾੜਾ ਵਲੋਂ ਹਲਕੇ ਦੀਆਂ ਨਵੀਆਂ ਚੁਣੀਆਂ ਪੰਚਾਇਤਾਂ ਦੇ ਸਨਮਾਨ ਵਿਚ ਇਕ ਸਮਾਗਮ ਦਾ ਆਯੋਜਨ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਦੀ ਅਗਵਾਈ ਹੇਠ ਸਥਾਨਕ ਕੇਜੀ ਰਿਜੋਰਟ ਵਿਖੇ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ ਪੰਚਾਇਤਾਂ ਨੂੰ ਸਨਮਾਨਤ ਕਰਕੇ ਹੌਸਲਾ ਅਫਜਾਈ ਕੀਤੀ ਗਈ। ਜੋਗਿੰਦਰ ਸਿੰਘ ਮਾਨ ਨੇ ਸਮੂਹ ਪੰਚਾਇਤਾਂ ਨੂੰ ਸਨਮਾਨਤ ਕਰਦੇ ਹੋਏ ਭਰੋਸਾ ਦਿੱਤਾ ਕਿ ਹਰੇਕ ਪਿੰਡ ਦੇ ਵਿਕਾਸ ਲਈ ਲੋੜੀਂਦੀ ਗ੍ਰਾਂਟ ਦਾ ਪ੍ਰਬੰਧ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਬੰਧਤ ਮਹਿਕਮੇ ਤੋਂ ਕਰਵਾਇਆ ਜਾਵੇਗਾ। ਸਨਮਾਨਤ ਹੋਣ ਵਾਲੇ ਸਰਪੰਚਾਂ ਵਿਚ ਸਰਵਣ ਸਿੰਘ ਸਰਪੰਚ ਚਹੇੜੂ, ਵਰੁਣ ਬੰਗੜ ਸਰਪੰਚ ਚੱਕ ਹਕੀਮ, ਪਰਸ਼ੋਤਮ ਸਰਪੰਚ ਵਾਹਿਦ, ਮੀਨਾ ਸਰਪੰਚ ਅਕਾਲਗੜ੍ਹ, ਕਮਲਜੀਤ ਕੁਮਾਰ ਸਰਪੰਚ ਅਮਰੀਕ ਨਗਰੀ, ਪਵਨਦੀਪ ਕੌਰ ਸਰਪੰਚ ਬਰਨ, ਪਰਮਜੀਤ ਕੌਰ ਸਰਪੰਚ ਬੇਗਮਪੁਰ, ਮੀਨਾ ਕੁਮਾਰੀ ਸਰਪੰਚ ਭਾਖੜੀਆਣਾ, ਜੋਗਿੰਦਰ ਕੌਰ ਸਰਪੰਚ ਬੀੜ ਢੰਡੋਲੀ, ਵਿਜੇ ਕੁਮਾਰ ਸਰਪੰਚ ਭਬਿਆਨਾ, ਕੁਲਦੀਪ ਕੌਰ ਸਰਪੰਚ ਬੀਰ ਪੁਆਦ, ਸਰਬਜੀਤ ਕੌਰ ਸਰਪੰਚ ਬਿਸ਼ਨਪੁਰ, ਭੁਪਿੰਦਰ ਸਿੰਘ ਸਰਪੰਚ ਬੋਹਾਨੀ, ਹਰਬੰਸ ਕੌਰ ਸਰਪੰਚ ਬ੍ਰਹਮਪੁਰ, ਮਨਜੀਤ ਕੌਰ ਸਰਪੰਚ ਚੱਕ ਪ੍ਰੇਮਾ, ਅਮਰਜੀਤ ਸਿੰਘ ਸਰਪੰਚ ਦਰਵੇਸ਼ ਪਿੰਡ, ਰਾਜਵਿੰਦਰ ਕੌਰ ਸਰਪੰਚ ਢੱਡੇ, ਵਿਜੇ ਕੁਮਾਰ ਸਰਪੰਚ ਢੱਕ ਪੰਡੋਰੀ, ਕੁਲਵੰਤ ਕੌਰ ਸਰਪੰਚ ਢੰਡੋਲੀ, ਬਚਿੰਤ ਸਿੰਘ ਸਰਪੰਚ ਡੂਮੇਲੀ, ਸੁਨੀਤਾ ਸਰਪੰਚ ਦੁੱਗਾਂ, ਸੁਰਿੰਦਰ ਕੌਰ ਸਰਪੰਚ ਫਤਿਹਗੜ੍ਹ, ਕੁਲਦੀਪ ਸਿੰਘ ਸਰਪੰਚ ਜਗਤਪੁਰ ਜੱਟਾਂ, ਬਲਵੀਰ ਚੰਦ ਸਰਪੰਚ ਜਗਪਾਲਪੁਰ, ਸ਼ਾਨੋ ਸਰਪੰਚ ਜਮਾਲਪੁਰ, ਮੱਖਣ ਲਾਲ ਸਰਪੰਚ ਕਾਂਸ਼ੀ ਨਗਰ, ਮਨਦੀਪ ਸਿੰਘ ਸਰਪੰਚ ਖਜੂਰਲਾ, ਸੁਰਿੰਦਰ ਸਿੰਘ ਸਰਪੰਚ ਖਲਵਾੜਾ ਕਲੋਨੀ, ਕੁਲਵਿੰਦਰ ਕੌਰ ਸਰਪੰਚ ਖੰਗੂੜਾ, ਸਰਬਜੀਤ ਸਿੰਘ ਸਰਪੰਚ ਖੁਰਮਪੁਰ, ਮੀਨਾ ਕੁਮਾਰੀ ਸਰਪੰਚ ਕਿਰਪਾਲਪੁਰ, ਗੁਰਮੀਤ ਸਿੰਘ ਸਰਪੰਚ ਲੱਖਪੁਰ, ਨਰਿੰਦਰ ਸਿੰਘ ਸਰਪੰਚ ਮਾਧੋਪੁਰ, ਕੁਲਵਿੰਦਰ ਕੌਰ ਸਰਪੰਚ ਮਲਕਪੁਰ, ਹਰਜਿੰਦਰ ਕੌਰ ਸਰਪੰਚ ਮਾਨਾਂਵਾਲੀ, ਅਮਨਦੀਪ ਕੁਮਾਰ ਸਰਪੰਚ ਮੌਲੀ, ਸੋਦੇਸ਼ ਕੁਮਾਰ ਸਰਪੰਚ ਮਹਿਟ, ਦੇਸ਼ਰਾਜ ਸਰਪੰਚ ਮੀਰਾਪੁਰ, ਅਨੀਤਾ ਦੇਵੀ ਸਰਪੰਚ ਨਵੀਂ ਆਬਾਦੀ ਨਾਰੰਗਸ਼ਾਹਪੁਰ, ਰਾਮ ਲੁਭਾਇਆ ਸਰਪੰਚ ਨਾਨਕ ਨਗਰੀ, ਰਣਜੀਤ ਕਲੇਰ ਸਰਪੰਚ ਨੰਗਲ ਮੱਝਾ, ਸੁਖਜੀਤ ਕੌਰ ਸਰਪੰਚ ਨਾਰੰਗਪੁਰ, ਹਰਵਿੰਦਰ ਸਿੰਘ ਨਾਹਲ ਸਰਪੰਚ ਨਰੰਗਸ਼ਾਹਪੁਰ, ਰਾਜ ਕਮਲ ਸਰਪੰਚ ਨਰੂੜ, ਜਸਵਿੰਦਰ ਕੌਰ ਸਰਪੰਚ ਨਸੀਰਾਵਾਦ, ਹਰਦੀਪ ਕੌਰ ਲਾਲੀ ਸਰਪੰਚ ਨਿਹਾਲਗੜ੍ਹ, ਬਲਵਿੰਦਰ ਕੌਰ ਸਰਪੰਚ ਪਲਾਹੀ, ਅੰਮ੍ਰਿਤਪਾਲ ਸਿੰਘ ਸਰਪੰਚ ਪੰਡੋਰੀ, ਰਾਣੋ ਸਰਪੰਚ ਪ੍ਰੇਮਪੁਰ, ਪ੍ਰਕਾਸ਼ ਸਿੰਘ ਸਰਪੰਚ ਰਾਣੀਪੁਰ ਰਾਜਪੂਤਾਂ, ਨਿਰਮਲ ਕੁਮਾਰ ਸਰਪੰਚ ਰਾਵਲਪਿੰਡੀ, ਗੁਰਸ਼ਿੰਦਰ ਸਿੰਘ ਸਰਪੰਚ ਰਿਹਾਣਾ ਜੱਟਾ, ਸੁਖਜੀਵਨ ਕੌਰ ਸਰਪੰਚ ਸਪਰੋੜ, ਮਮਤਾ ਕੌਰ ਸਰਪੰਚ ਸੀਕਰੀ, ਰੇਸ਼ਮੋ ਸਰਪੰਚ ਸੁਨੜਾ ਰਾਜਪੂਤਾਂ, ਬਲਵੀਰ ਕੁਮਾਰ ਸਰਪੰਚ ਟਾਂਡਾ ਬਘਾਣਾ, ਸੁਰਜੀਤ ਕੁਮਾਰ ਸਰਪੰਚ ਠੱਕਰਕੀ, ਸੁਖਵਿੰਦਰ ਸਿੰਘ ਟੋਨੀ ਸਰਪੰਚ ਉੱਚਾ ਪਿੰਡ, ਰਿੰਪਲ ਕੁਮਾਰ ਸਰਪੰਚ ਵਜੀਦੋਵਾਲ ਸ਼ਾਮਲ ਸਨ। ਸਮੂਹ ਸਰਪੰਚਾਂ ਨੇ ਭਰੋਸਾ ਦਿੱਤਾ ਕਿ ਉਹ ਵੋਟਰਾਂ ਵਲੋਂ ਜਤਾਏ ਵਿਸ਼ਵਾਸ ਨੂੰ ਪੂਰਾ ਕਰਦੇ ਹੋਏ ਆਪਣੀ ਜਿੰਮੇਵਾਰੀ ਨਿਭਾਉਣਗੇ ਅਤੇ ਜੋਗਿੰਦਰ ਸਿੰਘ ਮਾਨ ਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪਿੰਡਾ ਦਾ ਸਮੁੱਚਾ ਵਿਕਾਸ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਬਿਨਾ ਪੱਖਪਾਤ ਕਰਵਾਉਣਗੇ। ਇਸ ਮੌਕੇ ਆਮ ਆਦਮੀ ਪਾਰਟੀ ਪੰਜਾਬ ਦੇ ਸਪੋਕਸ ਪਰਸਨ ਹਨੂਰ ਸਿੰਘ ਮਾਨ, ਦਲਜੀਤ ਰਾਜੂ ਦਰਵੇਸ਼ ਪਿੰਡ, ਹਰਮੇਸ਼ ਪਾਠਕ, ਅਵਤਾਰ ਸਿੰਘ ਪੰਡਵਾ, ਫੌਜੀ ਸ਼ੇਰ ਗਿੱਲ ਬਲਾਕ ਪ੍ਰਧਾਨ, ਬੀਡੀਪੀਓ ਰਾਮਪਾਲ ਰਾਣਾ, ਮਲਕੀਤ ਸਿੰਘ ਪੰਚਾਇਤ ਸਕੱਤਰ, ਸੁਲੱਖਣ ਸਿੰਘ ਪੰਚਾਇਤ ਸਕੱਤਰ, ਸੰਜੀਵ ਕੁਮਾਰ ਪੰਚਾਇਤ ਸਕੱਤਰ, ਅਮਨਦੀਪ ਜੇ.ਈ, ਸੁਰਿੰਦਰ ਕੁਮਾਰ ਏ.ਪੀ.ਓ., ਕੇਸ਼ੀ ਗੰਡਵਾ, ਅਮਰਿੰਦਰ ਸਿੰਘ, ਰਣਬੀਰ ਸਿੰਘ, ਰਣਬੀਰ ਸਿੰਘ, ਪ੍ਰਦੀਪ ਕੁਮਾਰ ਬਲਾਕ ਪ੍ਰਧਾਨ, ਤਲਵਿੰਦਰ ਸਿੰਘ ਬਲਾਕ ਪ੍ਰਧਾਨ, ਜਤਿੰਦਰ ਕੁਮਾਰ, ਹਰਮੇਸ਼ ਸਿੰਘ ਜਗਪਾਲਪੁਰ, ਸੁਖਦੇਵ ਸਿੰਘ, ਕਸ਼ਮੀਰ ਖਲਵਾੜਾ, ਸੇਵਾ ਸਿੰਘ ਸੀਕਰੀ, ਅਮਰੀਕ ਸਿੰਘ ਸੀਕਰੀ, ਪ੍ਰੇਮ ਕੁਮਾਰ ਹਰਬੰਸਪੁਰ, ਹੁਕਮ ਸਿੰਘ, ਇੰਦਰਜੀਤ ਭੁੱਲਾਰਾਈ, ਬਿੱਲੂ ਭੁੱਲਾਰਾਈ, ਮੇਵਾ ਸਿੰਘ ਹਰਬੰਸਪੁਰ ਦਰਸ਼ੀ ਉਚਾ ਪਿੰਡ, ਸਤਨਾਮ ਸਿੰਘ ਪ੍ਰੇਮਪੁਰ ਅਮਨਦੀਪ ਬਾਬਾ ਗਦੀਆ ਮੋਨਿਕਾ ਸ਼ਰਮਾ, ਰਘਬੀਰ ਕੌਰ ਮਹਿਲਾ ਕੋਆਰਡੀਨੇਟਰ, ਬਲਿਹਾਰ ਸਿੰਘ ਨਾਰੰਗਪੁਰ, ਸੁਖਦੇਵ ਸਿੰਘ, ਬੂਟਾ ਸਿੰਘ ਰਿਹਾਣਾ ਜੱਟਾ, ਮਹਿੰਗਾ ਸਿੰਘ ਮੀਰਾਪੁਰ, ਅਵਤਾਰ ਸਿੰਘ, ਦਿਲਬਾਗ ਸਿੰਘ ਸੀਕਰੀ, ਦਵਿੰਦਰ ਸਿੰਘ ਪੰਚ ਤੋਂ ਇਲਾਵਾ ਸਨੀ ਬੱਤਾ, ਸਤਨਾਮ ਸਿੰਘ ਸਾਬਕਾ ਸਰਪੰਚ, ਹਰਜਿੰਦਰ ਕੌਰ ਬਰਨ, ਤਰਲੋਚਨ ਸਿੰਘ ਨੰਬਰਦਾਰ, ਰਾਮ ਆਸਰਾ ਨੰਬਰਦਾਰ, ਅਸ਼ੋਕ ਕੁਮਾਰ, ਹਰਜਿੰਦਰ ਸਿੰਘ, ਓਮ ਪ੍ਰਕਾਸ਼ ਵਜੀਦੋਵਾਲ, ਬਲਵਿੰਦਰ ਸਿੰਘ ਬੋਹਾਨੀ, ਦੀਪਾ ਦੁੱਗਾਂ, ਰਿੱਕੀ ਨਾਨਕ ਨਗਰੀ, ਅਮਰਜੀਤ ਸਿੰਘ ਖੁਰਮਪੁਰ ਆਦਿ ਹਾਜਰ ਸਨ।



# ਨਗਰ ਪੰਚਾਇਤ ਵੱਲੋਂ ਪ੍ਰਾਪਰਟੀ ਟੈਕਸ ਜਮ੍ਹਾਂ ਨਾ ਕਰਾਉਣ ਵਾਲਿਆਂ ਦੀਆਂ ਦੁਕਾਨਾਂ ਸੀਲ



**ਭੁਲੱਥ (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ ਵਿਖੇ ਨਗਰ ਪੰਚਾਇਤ ਦੇ ਅਧਿਕਾਰੀਆਂ ਵੱਲੋਂ ਪ੍ਰਾਪਰਟੀ ਟੈਕਸ ਜਮ੍ਹਾ ਨਾ ਕਰਾਉਣ ਵਾਲਿਆਂ ਖਿਲਾਫ ਚਲਾਈ ਮੁਹਿੰਮ ਤਹਿਤ ਕਾਰਜ ਸਾਧਕ ਅਫਸਰ ਰਣਦੀਪ ਸਿੰਘ ਵੜੈਚ ਦੀ ਅਗਵਾਈ 'ਚ ਟੀਮ ਵੱਲੋਂ ਛਾਪੇਮਾਰੀ ਕਰਕੇ ਭੁਲੱਥ ਦੇ ਬਾਜ਼ਾਰਾਂ ਵਿੱਚ ਵਿਜਿਟ ਕੀਤਾ ਗਿਆ ਤੇ ਪ੍ਰਾਪਰਟੀ ਟੈਕਸ ਨਾ ਜਮ੍ਹਾ ਕਰਾਉਣ ਵਾਲੇ ਦੁਕਾਨਦਾਰਾਂ ਦੀਆਂ ਦੁਕਾਨਾਂ ਸੀਲ ਕਰ ਦਿੱਤੀਆਂ ਗਈਆਂ । ਕਾਰਜ ਸਾਧਕ ਅਫਸਰ ਰਣਦੀਪ ਸਿੰਘ ਵੜੈਚ ਨੇ ਦੱਸਿਆ ਕਿ ਪਿਛਲੇ ਸਾਲਾਂ ਦੇ ਰਹਿੰਦੇ ਟੈਕਸ ਜਿਹੜੇ ਲੋਕਾਂ ਨੇ ਜਮਾ ਨਹੀਂ ਕਰਵਾਏ, ਉਹਨਾਂ ਦੀਆਂ ਪ੍ਰਾਪਰਟੀਆਂ ਸੀਲ ਕੀਤੀਆਂ ਜਾ ਰਹੀਆਂ ਹਨ ਤੇ ਭੁਲੱਥ ਵਿੱਚ ਦੋ ਦੁਕਾਨਾਂ ਸੀਲ ਕਰ ਦਿੱਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਜਿਹੜੇ ਲੋਕਾਂ ਨੇ ਟੈਕਸ ਜਮ੍ਹਾ ਨਹੀਂ ਕਰਵਾਏ, ਉਹ ਤੁਰੰਤ ਟੈਕਸ ਜਮ੍ਹਾਂ ਕਰਵਾਉਣ । ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਆਉਣ ਵਾਲੇ ਦਿਨਾਂ ਵਿੱਚ ਹੋਰ ਵਧੇਰੇ ਸਖਤਾਈ ਕੀਤੀ ਜਾਵੇਗੀ, ਕਿਉਂਕਿ ਸਰਕਾਰ ਦੇ ਹੁਕਮਾਂ ਅਨੁਸਾਰ ਰਹਿੰਦੇ ਪ੍ਰਾਪਰਟੀ ਟੈਕਸ ਤੁਰੰਤ ਜਮ੍ਹਾ ਕਰਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ । ਜਿਸ ਕਰਕੇ ਲੋਕਾਂ ਨੂੰ ਅਪੀਲ ਹੈ ਕਿ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਨਾ ਕਰਨ ਤੇ ਬਣਦੇ ਟੈਕਸ ਜਮ੍ਹਾ ਕਰਾਉਣ । ਉਹਨਾਂ ਦੱਸਿਆ ਕਿ ਚੈਕਿੰਗ ਦੌਰਾਨ ਕੁਝ ਲੋਕਾਂ ਨੇ ਮੌਕੇ 'ਤੇ ਟੈਕਸ ਜਮਾ ਕਰਵਾ ਦਿੱਤੇ ਹਨ । ਇਸ ਤੋਂ ਇਲਾਵਾ ਕਸਬਾ ਨਡਾਲਾ ਤੇ ਬੇਗੋਵਾਲ ਵਿੱਚ ਵੀ ਛਾਪੇਮਾਰੀ ਕਰਕੇ, ਰਹਿੰਦੇ ਪ੍ਰਾਪਰਟੀ ਟੈਕਸ ਤੁਰੰਤ ਜਮ੍ਹਾ ਕਰਵਾਏ ਜਾਣਗੇ । ਇਸ ਮੌਕੇ ਕਾਰਜ ਸਾਧਕ ਅਫਸਰ ਰਣਦੀਪ ਸਿੰਘ ਵੜੈਚ, ਡੈਨੀਅਲ ਕਲਿਆਣ, ਚੰਦਰ ਸ਼ੇਖਰ, ਪ੍ਰਕਾਸ਼, ਮਹਿੰਦਰ ਪਾਲ, ਓਮ ਪ੍ਰਕਾਸ਼ ਅਜੇ ਕੁਮਾਰ ਅਨੀਕੇਤ ਹਾਜ਼ਰ ਸਨ।

# ਜੰਡਿਆਲਾ 'ਚ ਅੱਖਾਂ ਦਾ ਕੈਂਪ 10 ਨੂੰ, ਲੋੜਵੰਦਾਂ ਦੇ ਲੈਂਜ਼ ਮੁਫਤ ਪਾਏ ਜਾਣਗੇ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** - ਸਮਾਜ ਸੇਵੀ ਸੰਸਥਾ ਜੰਡਿਆਲਾ ਲੋਕ ਭਲਾਈ ਮੰਚ ਰਜਿ .ਵੱਲੋਂ ਸਲਾਨਾ ਅੱਖਾਂ ਦਾ ਕੈਂਪ 10 ਨਵੰਬਰ ਦਿਨ ਐਤਵਾਰ ਨੂੰ ਲਗਾਇਆ ਜਾ ਰਿਹਾ ਹੈ। ਮੰਚ ਦੇ ਦਫਤਰ ਵਿੱਚ ਹੋਈ ਪ੍ਰਧਾਨ ਮੱਖਣ ਪੱਲਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਸੁਰਜੀਤ ਸਿੰਘ ਦੱਸਿਆ ਕਿ ਅਮਰੀਕਾ ਦੀ ਸਮਾਜ ਸੇਵੀ ਸੰਸਥਾ ਤੀਜਾ ਐਂਡ ਲਿਓਨਾਰਾ ਜੌਹਲ ਦੇ ਸਹਿਯੋਗ ਨਾਲ ਲਗਾਏ ਜਾਂਦੇ ਅੱਖਾਂ ਦੇ ਕੈਂਪ ਮੌਕੇ ਔਕੂਲਸ ਹਸਪਤਾਲ ਜਲੰਧਰ ਤੋਂ ਅੱਖਾਂ ਦੇ ਮਾਹਿਰ ਡਾਕਟਰ ਮਨਦੀਪ ਸੂਦ ਦੀ ਅਗਵਾਈ ਹੇਠ ਟੀਮ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰੇਗੀ। ਉਹਨਾਂ ਦੱਸਿਆ ਕਿ ਜੰਡਿਆਲਾ ਦੇ ਬਾਬਾ ਭੂਮੀਆ ਕੰਪਲੈਕਸ, ਬੜੀ ਪੱਤੀ ਵਿੱਚ ਅੱਖਾਂ ਦੀ ਜਾਂਚ ਸਵੇਰੇ 9 ਵਜੇ ਤੋਂ ਸ਼ਾਮ ਢਾਈ ਵਜੇ ਤੱਕ ਹੋਵੇਗੀ।

11,12 ਅਤੇ 13 ਨਵੰਬਰ ਨੂੰ ਲੋੜਵੰਦਾਂ ਦੀਆਂ ਅੱਖਾਂ ਵਿੱਚ ਬਿਨਾਂ ਟਾਂਕਾ ਮੁਫਤ ਲੈਨਜ ਪਾਏ ਜਾਣਗੇ ਅਤੇ ਅੱਖਾਂ ਨਾਲ ਸੰਬੰਧਿਤ ਦਵਾਈਆਂ ਵੀ ਮੁਫਤ ਦਿੱਤੀਆਂ ਜਾਣਗੀਆਂ। ਮਰੀਜ਼ਾਂ ਨੂੰ ਜਲੰਧਰ ਸ਼ਹਿਰ ਵਿੱਚ ਆਪਰੇਸ਼ਨ ਲਈ ਲਿਆਉਣ ਲਿਜਾਣ ਦਾ ਪ੍ਰਬੰਧ ਵੀ ਮੰਚ ਵੱਲੋਂ ਹੋਵੇਗਾ ਅਤੇ ਲੰਗਰ ਵੀ ਅਤੁੱਟ ਵਰਤੇਗਾ। ਮੀਟਿੰਗ ਦੌਰਾਨ ਪ੍ਰਧਾਨ ਮੱਖਣ ਪੱਲਣ ਤੋਂ ਇਲਾਵਾ ਤਰਸੇਮ ਸਿੰਘ, ਵਿਜੈ ਧਰਨੀ, ਮਾਸਟਰ ਅਮਰਜੀਤ ਸਿੰਘ, ਜੋਗਿੰਦਰ ਸਿੰਘ,ਨਰਿੰਦਰ ਗੋਗਨਾ, ਪੰਚ ਜਸਵਿੰਦਰ ਸਿੰਘ, ਮਾਸਟਰ ਸੁਖਜੀਤ ਸਿੰਘ, ਕਾਮਰੇਡ ਕੁਲਵੰਤ ਸਿੰਘ, ਮਾਸਟਰ ਬਲਕਾਰ ਸਿੰਘ, ਸਤਪਾਲ ਗਾਬਾ, ਮਾਸਟਰ ਸੁਖਵਿੰਦਰ ਸਿੰਘ, ਰਣਧੀਰ ਸਿੰਘ ਗੁਜਰਾਲ, ਗੁਰਚੇਤਨ ਸਿੰਘ ਜੌਹਲ, ਸੁਰਜੀਤ ਸਿੰਘ,ਬੂਟਾ ਮੁਹੰਮਦ ਆਦਿ ਵੀ ਹਾਜ਼ਰ ਸਨ।

# ਬਾਸਕਿਟਬਾਲ ਪ੍ਰਤੀਯੋਗਤਾ 'ਚ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਜੇਤੂ



**ਕਪੂਰਥਲਾ, ( ਹਨੀ )** ਕੈਂਬਰਿਜ ਇੰਟਰਨੈਸ਼ਨਲ ਪਬਲਿਕ ਸਕੂਲ ਕਪੂਰਥਲਾ ਵਿਖੇ ਸੰਪੰਨ ਸਹੋਦਿਆ ਇੰਟਰ ਸਕੂਲ ਬਾਸਕਿਟਬਾਲ ਗਰਲਜ਼ ਚੈਂਪੀਅਨਸ਼ਿਪ ਵਿੱਚ ਹਿੱਸਾ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐੱਫ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਦੱਸਿਆ ਕਿ ਸਕੂਲ ਦੀਆਂ ਵਿਦਿਆਰਥਣਾਂ ਅੰਡਰ 14 ਅਤੇ ਅੰਡਰ 19 'ਚ ਸ਼ਿਰਕਤ ਕਰਦਿਆਂ ਪਹਿਲੇ ਸਥਾਨ 'ਤੇ ਕਬਜ਼ਾ ਕਰਨ ਵਿਚ ਕਾਮਯਾਬ ਰਹੀਆਂ । ਪ੍ਰਿੰਸੀਪਲ ਮੋਂਗਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਕੋਚ ਰੇਨੂ ਬਾਲਾ ਦੀ ਅਗਵਾਈ ਵਿੱਚ ਅੰਡਰ 14 ਅਤੇ ਅੰਡਰ 19 ਦੀਆਂ ਟੀਮਾਂ ਨੇ ਪ੍ਰਤਿਯੋਗਿਤਾ ਵਿੱਚ ਭਾਗ ਲੈਂਦਿਆਂ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਦੋਵੇਂ ਟੀਮਾਂ ਦੀਆਂ ਖਿਡਾਰਨਾਂ ਅਤੇ ਸਟਾਫ ਮੈਂਬਰਾਂ ਨੂੰ ਇਸ ਉਪਲਬਧੀ 'ਤੇ ਵਧਾਈ ਦਿੱਤੀ ।

# ਜ਼ਿਲ੍ਹਾ ਪੱਧਰੀ ਖੇਡਾਂ 'ਚ ਰੇੜ੍ਹੂਪੱਤੀ ਸਕੂਲ ਖੋ-ਖੋ 'ਚ ਲੜਕੀਆਂ ਨੇ ਪਹਿਲਾ ਤੇ ਲੜਕਿਆਂ ਨੇ ਦੂਜਾ ਸਥਾਨ ਕੀਤਾ ਹਾਸਲ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਤਹਿਤ ਲਾਜਵੰਤੀ ਸਟੇਡੀਅਮ ਹੁਸ਼ਿਆਰਪੁਰ ਵਿਖੇ ਹੋਈਆਂ 68ਵੀਆਂ ਜ਼ਿਲ੍ਹਾ ਪੱਧਰੀ ਸਕੂਲ ਪ੍ਰਾਇਮਰੀ ਖੇਡਾਂ ਵਿੱਚ ਲੜਕੀਆਂ ਨੇ ਜ਼ਿਲ੍ਹੇ ਦੇ 1200 ਦੇ ਕਰੀਬ ਸਕੂਲਾਂ ਵਿੱਚ ਪਹਿਲਾ ਅਤੇ ਲੜਕਿਆਂ ਨੇ ਦੂਸਰਾ ਸਥਾਨ ਹਾਸਲ ਕਰ ਪੂਰੇ ਕਮਾਹੀ ਦੇਵੀ ਇਲਾਕੇ ਦਾ ਜ਼ਿਲ੍ਹੇ ਵਿੱਚ ਨਾਂਅ ਰੋਸ਼ਨ ਕੀਤਾ ਹੈ। ।ਜਿਸ ਵਿੱਚ ਅੰਡਰ ਇਲੈਵਨ ਦੇ ਉਮਰ ਵਰਗ ਵਿੱਚ ਹੋਈਆਂ ਇਹਨਾਂ ਖੇਡਾਂ ਵਿੱਚ ਲੜਕੀਆਂ ਨੇ ਲਗਾਤਾਰ ਤੀਜੀ ਬਾਰ ਪਹਿਲਾ ਸਥਾਨ ਹਾਸਲ ਕਰ ਨਵਾਂ ਰਿਕਾਰਡ ਸਥਾਪਿਤ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁੱਖੀ ਜਸਵੀਰ ਸਿੰਘ ਨੇ ਕਿਹਾ ਕਿ ਖੋ-ਖੋ ਮੁੰਡੇ ਅਤੇ ਕੁੜੀਆਂ ਵਿੱਚ ਸਾਡੇ ਸਕੂਲ ਨੇ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ ਹੈ ।ਕੋਚ ਚਮਨ ਲਾਲ ਨੇ ਦੱਸਿਆ ਕਿ ਹੁਣ ਕੁੜੀਆਂ ਦੀ ਟੀਮ ਸਟੇਟ ਪੱਧਰੀ ਖੇਡ ਮੁਕਾਬਲਿਆਂ ਵਿੱਚ ਲੁਧਿਆਣਾ ਵਿਖੇ ਭਾਗ ਲੈਣਗੀਆਂ ਤੇ ਇਹਨਾਂ ਬੱਚਿਆਂ ਦੀ ਤਿਆਰੀ ਲਈ ਸਕੂਲ ਵਿੱਚ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ।ਜ਼ਿਲ੍ਹਾ ਸਿੱਖਿਆ ਅਫਸਰ ਹਰਜਿੰਦਰ ਸਿੰਘ ਨੇ ਬੱਚਿਆਂ ਨੂੰ ਇਸ ਸ਼ਾਨਾਮੱਤੀ ਪ੍ਰਾਪਤੀ ਲਈ ਸ਼ਾਬਾਸ਼ ਦਿੱਤੀ।ਇਸ ਸ਼ਾਨਦਾਰ ਸਫਲਤਾ ਤੇ ਵਧਾਈ ਦਿੰਦਿਆ ਹਲਕਾ ਵਿਧਾਇਕ ਕਰਮਵੀਰ ਸਿੰਘ ਘੁੰਮਣ ਨੇ ਕਿਹਾ ਕਿ ਰੇੜ੍ਹਪੱਤੀ ਸਕੂਲ ਬਿਨਾਂ ਖੇਡ ਦੇ ਮੈਦਾਨ ਇਹ ਪ੍ਰਾਪਤੀ ਬੱਚਿਆਂ ਦੀ ਮਿਹਨਤ ਅਤੇ ਅਧਿਆਪਕਾਂ ਦੀ ਅਣਥੱਕ ਲਗਨ ਨੂੰ ਦਰਸਾਉਂਦਿਆਂ ਹਨ ।ਬਲਾਕ ਸਿੱਖਿਆ ਅਫਸਰ ਅਮਰਿੰਦਰ ਪਾਲ ਸਿੰਘ ਢਿੱਲੋ ,ਬੀਐਨਓ ਸਰਬਜੀਤ ਪਾਲ ਅਤੇ ਸੀਐਚਟੀ ਅਮਿਤ ਰਾਣਾ ਨੇ ਕਿਹਾ ਕਿ ਬੱਚਿਆਂ ਦੀ ਇਸ ਸਫਲਤਾ ਪਿੱਛੇ ਸਕੂਲ ਮੁੱਖੀ ਜਸਵੀਰ ਸਿੰਘ,ਚਮਨ ਲਾਲ,ਸਰੋਜ ਕੁਮਾਰੀ,ਬਬਲੀ, ਮਮਤਾ ਆਦਿ ਅਧਿਆਪਕਾਂ ਦੀ ਸਖ਼ਤ ਮਿਹਨਤ ਅਤੇ ਘਾਲਣਾ ਹੈ ਜਿਸ ਦੀ ਬਦੌਲਤ ਬੱਚੇ ਖੇਡਾਂ ਵਿੱਚ ਵਧੀਆ ਪਰਦਸ਼ਨ ਕਰ ਸਕੇ।



29-Oct-PAGE-9-Doaba-24.qxd 10/28/2024 8:42 PM Page 1



## ਅੰਨ ਤੇ ਅੰਨਦਾਤੇ ਦੀ ਬੇਕਦਰੀ ਦਾ ਸਰਾਪ ਭਾਰਤੀ ਜਨਤਾ ਪਾਰਟੀ ਦੀ ਬੇੜੀ ਡੋਬ ਦੇਵੇਗਾ : ਬਰਸਟ

ਮੋਹਾਲੀ / ਚੰਡੀਗੜ੍ਹ, (ਗੁਰਜੀਤ ਬਿੱਲਾ) - ਆਮ ਆਦਮੀ ਪਾਰਟੀ, ਪੰਜਾਬ ਦੇ ਜਨਰਲ ਸਕੱਤਰ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਹਰਚੰਦ ਸਿੰਘ ਬਰਸਟ ਨੇ ਪੰਜਾਬ ਵਿੱਚ ਅੰਨਦਾਤਾ ਅਤੇ ਅੰਨ ਦੀ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਰਹੀ ਬੇਕਦਰੀ ਦੀ ਸਖ਼ਤ ਨਿੰਦਾ ਕੀਤੀ ਹੈ। ਬਰਸਟ ਨੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਭਾਰਤ ਦੇ ਸ਼ਾਸਤਰਾਂ ਅਨੁਸਾਰ ਅੰਨ ਦੀ ਬੇਕਦਰੀ ਕਰਨਾ ਮਹਾਂਪਾਪ ਹੈ। ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਅੱਜ ਪੰਜਾਬ ਵਿੱਚ ਹਰ ਪੱਧਰ 'ਤੇ ਅੰਨ ਦੀ ਬੇਕਦਰੀ ਕਰ ਰਹੀ ਹੈ। ਅੰਨ ਦੇ ਨਾਲ-ਨਾਲ ਅੰਨਦਾਤੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ, ਸ਼ੈਲਰ ਮਾਲਕਾਂ ਅਤੇ ਆੜ੍ਹਤੀ ਭਾਈਚਾਰੇ ਨੂੰ ਮੰਡੀਆਂ ਵਿੱਚ ਰੁਲਣ ਲਈ ਮਜਬੂਰ ਕਰ ਰਹੀ ਹੈ। ਸਾਡੇ ਪੈਗੰਬਰ ਹਮੇਸ਼ਾ ਨਮਸਕਾਰ ਕਰਕੇ ਹੀ ਅੰਨ ਗ੍ਰਹਿਣ ਕਰਦੇ ਸਨ ਅਤੇ ਕਦੇ ਵੀ ਜੂਠਾ ਨਹੀਂ ਛੱਡਦੇ ਸਨ ਤੇ ਨਾ ਹੀ ਅੰਨ ਪੈਰਾਂ ਥੱਲੇ ਰੁਲਣ ਦਿੰਦੇ ਸਨ, ਪਰੰਤੂ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਸਾਰੇ ਸੰਸਕਾਰ ਭੁੱਲ ਕੇ ਅੰਨ ਅਤੇ ਅੰਨਦਾਤੇ ਦੀ ਬੇਕਦਰੀ ਕਰ ਰਹੀ ਹੈ। ਇਹ ਸਿਰਫ ਰਾਜਨੀਤਕ ਕਾਰਨਾਂ ਕਰਕੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਨੀਵਾਂ ਦਿਖਾਉਣ ਲਈ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਕਿੰਨੇ ਪੰਜਾਬੀ ਪਰੇਸ਼ਾਨ ਅਤੇ ਖੱਜਲ ਹੋ ਰਹੇ ਹਨ, ਇਨ੍ਹਾਂ ਨੂੰ ਇਸ ਗੱਲ ਦਾ ਕੋਈ ਫਿਕਰ ਨਹੀਂ। ਭਾਰਤੀ ਜਨਤਾ ਪਾਰਟੀ ਦੇ ਪੰਜਾਬ ਆਗੂ ਵੀ ਮਗਰਮੱਛ ਵਰਗੇ ਅੱਥਰੂ ਹੀ ਵਹਾ ਰਹੇ ਹਨ, ਜਦੋਂ ਕਿ ਕੇਂਦਰ ਵਿੱਚ ਉਨ੍ਹਾਂ ਦੀ ਕੋਈ ਪੁੱਛਗਿੱਛ ਨਹੀਂ।ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਪੰਜਾਬ ਦੇ ਅੰਨਦਾਤਿਆਂ ਅਤੇ ਅੰਨ ਪ੍ਰਤੀ ਆਪਣੇ ਰਾਜ ਧਰਮ ਦੀ ਪਾਲਣਾ ਕਰਨ ਵਿੱਚ ਅਸਮਰੱਥ ਰਹੇ ਹਨ। ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਪੰਜਾਬ ਦੇ ਕਿਸਾਨ ਅੰਨ ਦਾਤਿਆਂ ਪ੍ਰਤੀ ਇਨਸਾਫ਼ ਕਰਨ, ਪਰੰਤੂ ਪ੍ਰਧਾਨ ਮੰਤਰੀ ਜੀ ਮਨੀਪੁਰ ਪ੍ਰਤੀ ਵੀ ਸੰਵੇਦਨਹੀਣ ਰਹੇ ਹਨ। ਦੇਸ਼ ਵਿੱਚ ਵੱਖ-ਵੱਖ ਸੂਬਿਆਂ ਵਿੱਚ ਵਿਰੋਧੀ ਪਾਰਟੀ ਨੂੰ ਤੋੜਨ ਲਈ ਸਰਕਾਰ ਦੀਆਂ ਏਜੰਸੀਆਂ ਵਿਜੀਲੈਂਸ, ਈ.ਡੀ., ਸੀ.ਬੀ.ਆਈ. ਅਤੇ ਹੋਰ ਤੰਤਰ ਦੀ ਦੁਰਵਰਤੋਂ ਕਰ ਕੇ ਲੋਕਤੰਤਰ ਦਾ ਘਾਣ ਕਰ ਰਹੇ ਹਨ, ਜੋ ਕਿ ਰਾਜ ਧਰਮ ਦੀ ਉਲੰਘਣਾ ਹੈ। ਇਸ ਤੋਂ ਪਹਿਲਾ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅੱਟਲ ਬਿਹਾਰੀ ਵਾਜਪਾਈ ਜੀ ਨੇ ਵੀ ਗੁਜਰਾਤ ਦੰਗਿਆਂ ਸਮੇਂ ਉਸ ਸਮੇਂ ਦੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਰਾਜ ਧਰਮ ਦੀ ਪਾਲਨਾ ਕਰਨ ਦੀ ਨਸੀਹਤ ਦਿੱਤੀ ਸੀ, ਪਰ ਮੋਦੀ ਸਾਹਿਬ ਨੇ ਧਿਆਨ ਨਹੀਂ ਦਿੱਤਾ। ਬਰਸਟ ਨੇ ਦੱਸਿਆ ਕਿ ਸਾਉਣੀ ਸੀਜ਼ਨ 2024-25 ਦੌਰਾਨ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਝੋਨੇ ਦੇ ਖਰੀਦ ਕਾਰਜਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ, ਜਿਸ ਤਹਿਤ ਪੀਣ ਯੋਗ ਸਾਫ਼ ਪਾਣੀ, ਬਿਜਲੀ ਦੀਆਂ ਲਾਈਟਾਂ, ਸਫਾਈ, ਬਾਥਰੂਮਾਂ, ਛਾਂ ਆਦਿ ਦੇ ਪ੍ਰਬੰਧ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਪੱਖੋਂ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ, ਰਾਈਸ ਮਿਲਰਾਂ, ਵਪਾਰੀਆਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਸਮੱਸਿਆ ਨਹੀਂ ਹੋਣ ਦਿੱਤੀ ਜਾਵੇਗੀ।

## ਪ੍ਰਭਾਤ ਫੇਰੀਆਂ ਦੌਰਾਨ ਬਾਬੇ ਨਾਨਕ ਦੇ ਰੰਗ 'ਚ ਰੰਗਿਆ ਸੀਚੇਵਾਲ



ਸ਼ਾਹਕੋਟ (ਗਿਆਨ ਸੈਦਪੁਰੀ) ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਸੀਚੇਵਾਲ ਵਿਖੇ ਲਗਾਤਾਰ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ। ਅੰਮ੍ਰਿਤ ਵੇਲੇ 4 ਵਜੇ ਤੋਂ 6 ਵਜੇ ਤੱਕ ਕੱਢੀਆਂ ਜਾਂਦੀਆਂ ਇਹਨਾਂ ਪ੍ਰਭਾਤ ਫੇਰੀਆਂ ਵਿੱਚ ਬਾਬੇ ਨਾਨਕ ਦੇ ਗੁਣਗਾਨ ਕੀਤੇ ਜਾਂਦੇ ਹਨ। ਸ਼ਾਂਤ ਸਰਘੀ ਵੇਲੇ ਜਦੋਂ ਸੰਗੀਦੇ ਦੇ ਸਾਜ਼ਾਂ ਦੀਆਂ ਤਾਰਾਂ ਤੇ ਅਨਹਦ ਰਾਗ ਛੇੜਿਆ ਜਾਂਦਾ ਹੈ ਤਾਂ ਚੁਫੇਰੇ ਪਸਰੀ ਚੁੱਪ ਵੀ ਬਾਬੇ ਨਾਨਕ ਦੇ ਗੀਤ ਗਾਉਣ ਲੱਗ ਜਾਂਦੀ ਹੈ।ਇਹਨਾਂ ਪ੍ਰਭਾਤ ਫੇਰੀਆਂ ਵਿੱਚ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਜਿੱਥੇ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਦਾ ਜ਼ਿਕਰ ਕਰਦੇ ਹਨ।ਉੱਥੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕਰਦੇ ਹਨ।ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਉਹਨਾਂ ਦੇ ਜੀਵਨ ਬਾਰੇ ਸ਼ਬਦ ਗਾਇਣ ਕਰਦਿਆਂ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਗੁਰਬਾਣੀ ਮਨੁੱਖ ਨੂੰ ਕੁਦਰਤ ਨਾਲ ਸਾਂਝ ਪਾ ਕੇ ਰੱਖਣ ਦਾ ਹੋਕਾ ਦਿੰਦੀ ਹੈ। ਆਲਮੀ ਪੱਧਰ ਤੇ ਵਾਤਾਵਰਣ ਦਾ ਜੋ ਸੰਕਟ ਖੜਾ ਹੋਇਆ ਹੈ ਉਸਦਾ ਵੱਡਾ ਕਾਰਨ ਮਨੁੱਖ ਦੀ ਕੁਦਰਤ ਨਾਲੋਂ ਸਾਂਝ ਟੁੱਟਣਾ ਹੈ।

ਨਿਰਮਲ ਕੁਟੀਆ ਸੀਚੇਵਾਲ ਤੋਂ ਸ਼ੁਰੂ ਹੁੰਦੀ ਪ੍ਰਭਾਤ ਫੇਰੀ ਦੌਰਾਨ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਹੁੰਦੀਆਂ ਹਨ ਤੇ ਪਿੰਡ ਦੀ ਪਰਿਕਰਮਾ ਦੌਰਾਨ ਇੱਕ ਸਿਰ ਹੋ ਕੇ ਬਾਬੇ ਨਾਨਕ ਦੇ ਗੀਤ ਗਾਉਂਦੀਆਂ ਹਨ। ਸੰਗੀਤ ਦਾ ਅਭਿਆਸ ਕਰ ਰਹੇ ਛੋਟੇ ਬੱਚੇ ਵੀ ਪ੍ਰਭਾਤ ਫੇਰੀ ਵਿੱਚ ਆਪਣੇ ਪਰਿਵਾਰਾਂ ਨਾਲ ਹਾਜ਼ਰੀਆਂ ਭਰਦੇ ਹਨ। ਇਸੇ ਦੌਰਾਨ ਵੱਖ ਵੱਖ ਕੀਤੇ ਜਾਣ ਵਾਲੇ ਪੜਾਵਾਂ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਪ੍ਰਸੰਗ ਵਿਆਖਿਆ ਸਮੇਤ ਸੁਣਾਇਆ ਜਾਂਦਾ ਹੈ।ਸੰਗਤਾਂ ਨੂੰ ਸੰਬੋਧਤ ਹੁੰਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਸਾਨੂੰ ਅੰਮ੍ਰਿਤ ਵੇਲੇ ਉੱਠ ਭਜਨ ਬੰਦਗੀ ਕਰ ਆਪਣਾ ਜੀਵਨ ਲੇਖੇ ਲਾਉਣਾ ਚਾਹੀਦਾ।ਪ੍ਰਭਾਤ ਫੇਰੀਆਂ ਰਾਹੀ ਸੰਤ ਸੀਚੇਵਾਲ ਨੇ ਹਰੀ ਦੀਵਾਲੀ ਮਨਾਉਣ ਦਾ ਸੱਦਾ ਦਿੱਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਸ਼ੁਰੂਆਤ ਕਰਦਿਆਂ ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੰਗਤਾਂ ਨੂੰ ਹਰੀ ਦੀਵਾਲੀ ਮਨਾਉਣ ਦੇ ਸੱਦਾ ਦਿੱਤਾ। ਨਿਰਮਲ ਕੁਟੀਆ ਤੋਂ ਸ਼ੁਰੂ ਕੀਤੀ ਪਹਿਲੀ ਪ੍ਰਭਾਤ ਫੇਰੀ ਦੌਰਾਨ ਸੰਗਤਾਂ ਨੇ ਪਿੰਡ ਸੀਚੇਵਾਲ ਦੀ ਪਰਿਕਰਮਾ ਕੀਤੀ। ਸੰਤ ਸੀਚੇਵਾਲ ਨੇ ਦੀਵਾਲੀ ਨੂੰ ਪਟਾਕਿਆਂ ਦੀ ਥਾਂ ਰੋਸ਼ਨੀਆਂ ਦੇ ਤਿਉਹਾਰ ਵਜੋਂ ਮਨਾਉਣ ਦਾ ਹੋਕਾ ਦਿੱਤਾ। ਉਹਨਾਂ ਕਿਹਾ ਕਿ ਪੰਜਾਬ ਦੀ ਆਬੋ ਹਵਾ ਇਹਨਾਂ ਦਿਨਾਂ ਵਿਚ ਬਹੁਤ ਗੰਧਲੀ ਹੋ ਜਾਂਦੀ ਹੈ ਜਦੋਂ ਵੱਡੀ ਪੱਧਰ 'ਤੇ ਪਰਾਲੀ ਨੂੰ ਅੱਗ ਲਗਾਈ ਜਾਂਦੀ ਹੈ।

## ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ



ਟਾਂਡਾ ਉੜਮੁੜ, (ਜਸਵੀਰ ਕਾਜਲ)- ਗੁਰਦੁਆਰਾ ਨਾਨਕ ਗੁਰਮਤਿਸਰ ਨਾਨਕਸਰ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਸੁਖਦੇਵ ਸਿੰਘ ਜੀ (ਡੇਰਾ ਬਾਬਾ ਸੁੱਖਾ ਜੀ) ਪਿੰਡ ਖਰਲ ਖੁਰਦ ਵਿਖੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਾਲਾਨਾ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਅਸਥਾਨ ਦੇ ਮੌਜੂਦਾ ਮੁਖੀ ਤੇ ਮੁੱਖ ਸੇਵਾਦਾਰ ਸੰਤ ਬਾਬਾ ਅਮਰਦੀਪ ਸਿੰਘ ਜੀ ਦੀ ਦੇਖ-ਰੇਖ ਹੇਠ ਹੋਏ ਇਸ ਸਮਾਗਮ ਵਿੱਚ ਸਭ ਤੋਂ ਪਹਿਲਾਂ 25 ਅਕਤੂਬਰ ਤੋਂ ਆਰੰਭ ਕੀਤੀ ਗਈ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ।ਉਪਰੰਤ ਸੰਤ ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲੇ, ਮੁੱਖ ਸੇਵਾਦਾਰ ਸੰਤ ਬਾਬਾ ਅਮਰਦੀਪ ਸਿੰਘ ਜੀ, ਭਾਈ ਹਰਜਿੰਦਰ ਸਿੰਘ ਸਨੌਰਾ ਵਾਲੇ ਤੇ ਹੋਰਨਾ ਰਾਗੀ ਢਾਡੀ ਜੱਥਿਆਂ ਨੇ ਸਮੂਹ ਸੰਗਤ ਨੂੰ ਸ਼੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਜੀਵਨ ਇਤਿਹਾਸ ਦੇ ਚਾਨਣਾ ਪਾਇਆ।ਮੁੱਖ ਸੇਵਾਦਾਰ ਸੰਤ ਬਾਬਾ ਅਮਰਦੀਪ ਸਿੰਘ ਤੇ ਸੰਤ ਬਾਬਾ ਗੁਲਾਬ ਸਿੰਘ ਨੇ ਕਿਹਾ ਕਿ ਸਾਨੂੰ ਗੁਰੂ ਸਾਹਿਬਾਨਾਂ ਵੱਲੋਂ ਦਰਸਾਏ ਹੋਏ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ ਹੈ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ਇਸ ਮੌਕੇ ਬੀਬੀ ਅਮਰਜੀਤ ਕੌਰ, ਤਰਨਜੀਤ ਸਿੰਘ, ਸੁੱਖਦੀਪ ਸਿੰਘ, ਜਸਕੀਰਤ ਸਿੰਘ ,ਗੁਰਭੇਜ ਸਿੰਘ, ਸੁਖਦੀਪ ਸਿੰਘ, ਬੇਗੋਵਾਲ ,ਪ੍ਰਤਾਪ ਸਿੰਘ, ਪੂਰਨ ਸਿੰਘ, ਭਗਵਾਨ ਸਿੰਘ, ਗੁਰਪ੍ਰੀਤ ਸਿੰਘ ,ਹੈਡ ਗ੍ਰੰਥੀ ਅਵਤਾਰ ਸਿੰਘ, ਸਰਬਜੀਤ ਸਿੰਘ, ਜਗੀਰ ਸਿੰਘ, ਸੇਵਾ ਸਿੰਘ ਟਾਂਡਾ ਵੀ ਹਾਜ਼ਰ ਸਨ।

## ਪਿੰਡ ਚੂਹੜ 'ਚ ਜਾਗਰਣ ਕਰਵਾਇਆ

ਕਾਲਾ ਸੰਘਿਆਂ (ਮਨਜੀਤ ਮਾਨ) ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਚੂਹੜ ਵਿਖੇ ਨੌਜਵਾਨ ਜਾਗਰਣ ਕਮੇਟੀ ਵੱਲੋਂ ਮਾਂ ਭਗਵਤੀ ਜੀ ਦਾ ਸਾਲਾਨਾ ਜਾਗਰਣ ਕਮੇਟੀ ਦੇ ਪ੍ਰਧਾਨ ਸੰਜੀਵ ਕੁਮਾਰ ਨੀਟੂ, ਬਾਬਾ ਜੈ ਪਾਲ, ਰਜਨੀਸ਼ ਗੌਤਮ ਸਾਬਕਾ ਸਰਪੰਚ, ਸੌਰਵ ਗੌਤਮ ਰਮਨਦੀਪ ਨਿੱਕਾ ਦੀ ਰਹਿਨੁਮਾਈ ਹੇਠ ਬਹੁਤ ਹੀ



ਉਤਸ਼ਾਹ ਨਾਲ ਕਰਵਾਇਆ ਗਿਆ। ਮਾਂ ਭਗਵਤੀ ਜੀ ਦੀ ਪਵਿੱਤਰ ਜੋਤ ਮਾਂ ਜਵਾਲਾ ਜੀ ਦੇ ਮੰਦਿਰ ਤੋਂ ਲਿਆਂਦੀ ਗਈ ਜੋਤ ਪ੍ਰਚੰਡ ਦੀ ਰਸਮ ਮੁਹੱਬਤ ਫੌਜੀ, ਵਿਜੇ ਕੁਮਾਰ, ਰੇਵੀਕਾ ਰਮਨ ਤੇ ਦੀਪਕ ਸ਼ਰਮਾ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਇਸ ਮੌਕੇ ਗਾਇਕ ਹਰੀ ਗੁਲਜ਼ਾਰ ਤੇ ਗਾਇਕਾਂ ਗੁੱਡੂ ਵਾਦਵਾ ਵੱਲੋਂ ਸਾਰੀ ਰਾਤ ਮਾਂ ਭਗਵਤੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਤਾਰਾ ਰਾਣੀ ਦੀ ਕਥਾ ਮਹੰਤ ਕੇਵਲ ਕ੍ਰਿਸ਼ਨ ਵੱਲੋਂ ਕੀਤੀ ਗਈ। ਇਸ ਮੌਕੇ ਮਾਂ ਭਗਵਤੀ ਜੀ ਦੇ ਪਵਿੱਤਰ ਅਸਥਾਨ ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ।

## ਚੰਡੀਗੜ੍ਹ ਮਾਰਕਾ ਸ਼ਰਾਬ ਸਮੇਤ ਕਾਬੂ

ਬਲਾਚੌਰ (ਜਸਵਿੰਦਰ ਬੈਂਸ)- ਥਾਣਾ ਸਿਟੀ ਬਲਾਚੌਰ ਦੇ ਮੁੱਖ ਅਫਸਰ ਸਬ ਇੰਸਪੈਕਟਰ ਸਤਨਾਮ ਸਿੰਘ ਵਲੋਂ ਮਾੜੇ ਅਨਸਰਾਂ ਦੇ ਵਿਰੁੱਧ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ। ਜਿਸ ਦੇ ਚਲਦਿਆਂ ਥਾਣਾ ਸਿਟੀ ਦੇ ਏ ਐਸ ਆਈ ਲੇਖਰਾਜ ਸਮੇਤ ਪੁਲਸ ਪਾਰਟੀ ਵੱਲੋਂ ਬੂਲੇਵਾਲ ਮੋੜ 'ਤੇ ਸ਼ਾਮ ਵੇਲੇ ਨਾਕਾ ਲਗਾਇਆ ਹੋਇਆ ਸੀ। ਇੱਕ ਇਤਲਾਹ ਮਿਲੀ ਕਿ ਬੂਲੇਵਾਲ ਦੀ ਹੱਦ ਕੋਲ ਇਕ



ਵਿਅਕਤੀ ਜੋ ਸ਼ਰਾਬ ਦਾ ਧੰਦਾ ਕਰਦਾ ਹੈ ਅਜ ਵੀ ਉਹ ਕਿਸੇ ਨੂੰ ਸ਼ਰਾਬ ਦੇਣ ਜਾ ਰਿਹਾ ਹੈ। ਏ ਐਸ ਆਈ ਲੇਖਰਾਜ ਅਤੇ ਉਨ੍ਹਾਂ ਦੀ ਟੀਮ ਮੌਕੇ 'ਤੇ ਪਹੁੰਚੀ ਤਾਂ ਉਥੇ ਇਕ ਵਿਅਕਤੀ ਜਿਸ ਦੀ ਪਹਿਚਾਣ ਕਮਲਜੀਤ ਪੁੱਤਰ ਗੁਰਮੇਲ ਸਿੰਘ ਵਾਸੀ ਪਿੰਡ ਬੂਲੇਵਾਲ ਕੋਲੋਂ ਪਲਾਸਟਿਕ ਦੇ ਬੈਗ ਵਿਚੋਂ ਚੌਂਦਾਂ ਬੋਤਲਾਂ ਚੰਡੀਗੜ੍ਹ ਮਾਰਕਾ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ। ਜਿਸ 'ਤੇ ਏ ਐਸ ਆਈ ਲੇਖਰਾਜ, ਤਰਨਵੀਰ ਸਿੰਘ, ਕਾਂਸਟੇਬਲ ਮਨਕਵੀਰ ਸਿੰਘ, ਪੀ ਐਚ ਜੀ ਬਲਿਹਾਰ ਸਿੰਘ ਪਾਰਟੀ ਵਲੋਂ ਉਸ ਨੂੰ ਕਾਬੂ ਕਰਕੇ ਉਸ ਉਪਰ ਮੁਕਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸਿੱਖਿਆ ਬੋਰਡ ਦੀਆਂ ਚੋਣਾਂ ਵਿੱਚ ਨੀਲੇ ਗਰੁੱਪ ਨੂੰ ਜ਼ਬਰਦਸਤ ਹੁੰਗਾਰਾ

ਮੋਹਾਲੀ (ਗੁਰਜੀਤ ਬਿੱਲਾ) -ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਯੂਨੀਅਨ ਦੀਆਂ ਚੋਣਾਂ ਵਿੱਚ ਜ਼ਬਰਦਸਤ ਮੋੜ ਆਇਆ, ਜਦੋਂ ਯੂਨੀਅਨ ਦੇ 19 ਵਾਰ ਪ੍ਰਧਾਨ ਰਹੇ ਗੁਰਦੀਪ ਸਿੰਘ ਢਿੱਲੋਂ ਅਤੇ ਕਰਤਾਰ ਸਿੰਘ ਰਾਣੂੰ ਗਰੁੱਪ ਦੀ ਕੋਰ ਕਮੇਟੀ ਤੇ ਵੱਖ-ਵੱਖ ਸਮੇਂ ਕਈ ਵਾਰ ਪ੍ਰਧਾਨ ਜਨਰਲ ਸਕੱਤਰ ਰਹਿ ਚੁਕੇ ਆਗੂਆਂ ਨੇ ਰਮਨਦੀਪ ਕੌਰ ਗਿੱਲ ਦੀ ਅਗਵਾਈ ਵਾਲੇ



ਨੀਲੇ ਗਰੁੱਪ ਨੇ ਮਦਦ ਦਾ ਅਲਾਨ ਕੀਤਾ। 19 ਵਾਰ ਪ੍ਰਧਾਨ ਰਹਿ ਚੁੱਕੇ ਗੁਰਦੀਪ ਸਿੰਘ ਢਿੱਲੋਂ, ਜਰਨੈਲ ਸਿੰਘ ਚੂੰਨੀ ਅਤੇ ਭਗਵੰਤ ਸਿੰਘ ਬੇਦੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਬਣੀ ਰਲੀ ਮਿਲੀ ਯੂਨੀਅਨ ਦੇ ਪ੍ਰਧਾਨ ਵੱਲੋਂ ਸੰਵਿਧਾਨ ਦੀਆਂ ਧੱਜੀਆਂ ਉਡਾਉਂਦੇ ਹੀ ਕਾਰਜਕਾਰਨੀ ਦੀ ਮੀਟਿੰਗ ਤੱਕ ਨਹੀ ਬੁਲਾਈ ਗਈ ਤੇ ਆਪਹੁਦਰਾ ਪਨ ਦਾ ਸਬੂਤ ਦਿਤਾ ਗਿਆ, ਜਿਸ ਕਾਰਨ ਯੂਨੀਅਨ ਦੇ ਵਕਾਰ ਨੂੰ ਕਾਫੀ ਢਾਹ ਲੱਗੀ ਹੈ। ਦੂਜੇ ਪਾਸੇ ਰਮਨਦੀਪ ਕੌਰ ਗਿੱਲ ਦੀ ਅਗਵਾਈ ਵਿੱਚ ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਬਰਾੜ ਅਤੇ ਸੁਖਚੈਨ ਸਿੰਘ ਸੈਣੀ ਵੱਲੋਂ ਮੁਲਾਜ਼ਮਾਂ ਦੀਆਂ ਰੁਕੀਆਂ ਹੋਈਆਂ ਬੇਤਾਹਾਸਾ ਤਰੱਕੀਆਂ, ਰਹਿੰਦੇ ਬਕਾਏ ਅਤੇ 300 ਤੋਂ ਵੱਧ ਕਰਮਚਾਰੀਆਂ ਨੂੰ ਦਿੱਤੀਆਂ ਚਾਰਜਸੀਟਾਂ ਸਮੇਤ ਹੋਰ ਮੰਗਾਂ ਦਾ ਨਿਪਟਾਰਾ ਕਰਵਾ ਕੇ ਵੱਡੀ ਰਾਹਤ ਦਿਵਾਈ ਗਈ ਹੈ।

## ਸਪੈਸ਼ਲ ਬੱਚਿਆਂ ਦੀਆਂ ਖੇਡਾਂ ਸੰਬੰਧੀ ਸੂਬਾ ਪੱਧਰੀ ਚੋਣ ਟਰਾਇਲ

ਕੁਰਾਲੀ (ਮੋਹਨ ਅੱਗਰਵਾਲ)- ਆਪਣੀਆਂ ਸਮਾਜ ਸੇਵਾਵਾਂ ਖ਼ਾਸ ਕਰਕੇ ਬੇਸਹਾਰਾ ਤੇ ਲਾਚਾਰ ਨਾਗਰਿਕਾਂ ਦੇ ਇਲਾਜ, ਸਾਂਭ-ਸੰਭਾਲ ਅਤੇ ਮੁੜ-ਵਸੇਬੇ ਲਈ ਪ੍ਰਸਿੱਧ ਸੰਸਥਾ ਪ੍ਰਭ ਆਸਰਾ ਪਡਿਆਲਾ (ਕੁਰਾਲੀ) ਵਿਖੇ ਸ਼ਪੈਸ਼ਲ ਬੱਚਿਆਂ ਦੀਆਂ ਹੈਂਡਬਾਲ ਤੇ ਨੈੱਟਬਾਲ ਟੀਮਾਂ ਦੀ ਸੂਬਾ ਪੱਧਰੀ ਚੋਣ ਲਈ ਟਰਾਇਲ ਹੋਏ, ਜਿਨ੍ਹਾਂ ਦਾ ਸਮੁੱਚਾ ਪ੍ਰਬੰਧ ਪ੍ਰਭ ਆਸਰਾ ਵੱਲੋਂ ਕੀਤਾ ਗਿਆ। ਸੰਸਥਾ ਮੁਖੀ



ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਇਹ ਟਰਾਇਲ ਸ਼ਪੈਸ਼ਲ ਬੱਚਿਆਂ ਦੀਆਂ ਆਲਮੀ ਪੱਧਰ 'ਤੇ ਖੇਡਾਂ ਕਰਵਾਉਣ ਵਾਲ਼ੀ ਸੰਸਥਾ ਸ਼ਪੈਸ਼ਲ ਓਲੰਪਿਕ ਭਾਰਤ ਪੰਜਾਬ ਵੱਲੋਂ ਕਰਵਾਏ ਗਏ, ਜਿਨ੍ਹਾਂ ਵਿੱਚ ਪੰਜਾਬ ਦੇ ਵੱਖੋ-ਵੱਖ ਜ਼ਿਲ੍ਹਿਆਂ ਤੋਂ ਸਪੈਸ਼ਲ ਬੱਚੇ ਆਪਣੇ ਕੋਚਾਂ ਸਮੇਤ ਪਹੁੰਚੇ। ਇਸ ਮੌਕੇ ਸ਼ਪੈਸ਼ਲ ਉਲੰਪਿਕ ਭਾਰਤ ਦੇ ਪ੍ਰੋਗਰਾਮ ਮੈਨੇਜਰ ਊਮਾ ਸ਼ੰਕਰ, ਸਪੋਰਟਸ ਡਾਇਰੈਕਟਰ ਮਨਦੀਪ ਸਿੰਘ ਬਰਾੜ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਇਹ ਬੱਚੇ ਪਿਛਲੇ ਲੰਮੇ ਸਮੇਂ ਤੋਂ ਸੂਬਾਈ ਤੇ ਕੌਮੀ ਪੱਧਰੀ ਮੁਕਾਬਲਿਆਂ ਵਿੱਚ ਬਾਦਸਤੂਰ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ।

## ਸਰਪੰਚ ਕਾਂਤੀ ਮੋਹਨ ਦੀ ਪਤਨੀ ਮਨਜੀਤ ਕੌਰ ਜਨਰਲ ਸੀਟ ਤੋਂ ਸਰਪੰਚ ਚੁਣੇ



ਅੱਪਰਾ (ਨਿਰਮਲ ਗੁੜਾ)-ਹਲਕਾ ਫਿਲੌਰ ਦੇ ਪਿੰਡ ਮੁਠੱਡਾ ਕਲਾਂ ਦੇ ਸਰਪੰਚ ਕਾਂਤੀ ਮੋਹਨ ਦੀ ਪਤਨੀ ਮਨਜੀਤ ਕੌਰ (ਮੀਨਾ) ਜੋ ਕਿ ਜਨਰਲ ਸੀਟ ਤੋਂ ਸਰਪੰਚ ਚੁਣੇ ਗਏ, ਇਸੇ ਖੁਸ਼ੀ ਵਿੱਚ ਸਰਪੰਚ ਅਤੇ ਪੰਚਾਂ ਵਲੋਂ ਪਿੰਡ ਵਿੱਚ ਲੱਡੂ ਵੰਡ ਕੇ ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ ਕੀਤਾ ਗਿਆ। ਸਾਬਕਾ ਸਰਪੰਚ ਅਤੇ ਇਸ ਵਾਰ ਚੁਣੇ ਮੈਂਬਰ ਪੰਚਾਇਤ ਕਾਂਤੀ ਮੋਹਨ ਨੇ ਦੱਸਿਆ ਕਿ ਇਹਨਾਂ ਪੰਚਾਇਤੀ ਚੋਣਾਂ ਵਿੱਚ ਉਹਨਾਂ ਦੇ ਧੜੇ 'ਚੋਂ ਮਨਜੀਤ ਕੌਰ ਸਰਪੰਚ, ਕਾਂਤੀ ਮੋਹਨ ਪੁੱਤਰ ਹਰਗੋਪਾਲ, ਸੋਨੀਆਂ ਰਾਣੀ ਪਤਨੀ ਦੀਪਕ ਭਾਰਤੀ, ਗੁਰਮੀਤ ਲਾਲ ਪੁੱਤਰ ਪਿਆਰਾ ਰਾਮ, ਜਿੰਦਰ ਪਾਲ ਪੁੱਤਰ ਮਿਲਖੀ ਰਾਮ, ਰਾਕੇਸ਼ ਪਾਲ ਪੁੱਤਰ ਚਰਨ ਦਾਸ, ਪਰਮਜੀਤ ਕੌਰ ਪਤਨੀ ਜਸਵੰਤ ਸਿੰਘ ਭੂਰਾ ਅਤੇ ਤਰਸੇਮ ਕੌਰ ਪਤਨੀ ਸੋਢੀ ਰਾਮ ਮੈਂਬਰ ਪੰਚਾਇਤ ਚੁਣੇ ਗਏ ਹਨ। ਉਹਨਾਂ ਕਿਹਾ ਕਿ ਅਸੀਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪਿੰਡ ਦਾ ਬਿਨਾਂ ਕਿਸੇ ਭੇਦ ਭਾਵ ਦੇ ਸਰਵਪੱਖੀ ਵਿਕਾਸ ਕਰਨ ਦੇ ਯਤਨ ਕਰਾਂਗੇ।



ਪਿੰਡ ਸਾਬੂਵਾਲ ਦੇ ਭਗਵਾਨ ਵਾਲਮੀਕਿ ਜੀ ਮੰਦਰ ਵਿਖੇ ਸੰਗਤਾਂ ਵੱਲੋਂ ਤ੍ਰੈਕਾਲ ਦਰਸ਼ੀ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਮੌਕੇ ਲੋਹੀਆਂ ਖਾਸ ਦੇ ਬਲਾਕ ਸਿੱਖਿਆ ਅਫ਼ਸਰ ਰਾਮੇਸ਼ਵਰ ਚੰਦਰ ਅਤੇ ਉਨ੍ਹਾ ਦੀ ਪਤਨੀ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਂਟ ਕਰਕੇ ਸਨਮਾਨਤ ਕਰਦੇ ਹੋਏ ਸ਼ਹੀਦ ਬਾਬਾ ਜੀਵਨ ਸਿੰਘ ਕਮੇਟੀ ਦੇ ਮੈਂਬਰ। (ਫੋਟੋ ਤੇ ਵੇਰਵਾ : ਯੋਗੇਸ਼ਵਰ)

## ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਡਾ. ਰਮਿੰਦਰ ਸਿੰਘ ਧੰਜੂ ਨੂੰ ਸ਼ਰਧਾ ਦੇ ਫੁੱਲ ਭੇਟ



ਟਾਂਗਰਾ (ਲਾਡੀ ਮੱਲ੍ਹੀ) ਪਿੰਡ ਫਤਿਹਪੁਰ ਰਾਜਪੂਤਾਂ ਦੇ ਵਸਨੀਕ ਤੇ ਤਾਜ਼ ਹਸਪਤਾਲ ਦੇ ਡਾਕਟਰ ਕੰਵਰਤਾਜ ਸਿੰਘ ਤਾਜ਼ ਤੇ ਸ਼ਹਿਬਾਜ਼ ਸਿੰਘ ਧੰਜੂ ਦੇ ਪਿਤਾ ਅਤੇ ਐਮ ਡੀ ਰੁਪਿੰਦਰ ਕੌਰ ਧੰਜੂ ਦੇ ਪਤੀ ਡਾਕਟਰ ਰਮਿੰਦਰ ਸਿੰਘ ਧੰਜੂ ਜਾਇੰਟ ਡਾਇਰੈਕਟਰ ਖੇਤੀਬਾੜੀ ਵਿਭਾਗ ਪੰਜਾਬ ਕੁਝ ਦਿਨ ਜੋ ਕੁਝ ਦਿਨ ਪਹਿਲਾਂ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ ਦੀ ਅੰਤਿਮ ਅਰਦਾਸ, ਸ਼ਰਧਾਂਜਲੀ ਸਮਾਗਮ ਤੇ ਅਖੰਡ ਪਾਠ ਸਾਹਿਬ ਦੇ ਭੋਗ ਪਿੰਡ ਦੇ ਗੁਰਦੁਆਰ ਵਿਖੇ ਪਾਏ ਗਏ। ਇਸ ਮੌਕੇ ਤੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਉਪਰੰਤ ਇਲਾਕੇ ਦੀਆਂ ਕਈ ਨਾਮਵਰ ਸ਼ਖ਼ਸੀਅਤਾਂ ਜਿਨ੍ਹਾਂ ਵਿੱਚ ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਦੇ ਮਾਤਾ ਜਗੀਰ ਕੌਰ ਮੀਰਾਂਕੋਟ, ਡਾਕਟਰ ਹਰਲੀਨ ਕੌਰ ਧੰਜੂ, ਇੰਜੀ ਬਲਜੀਤ ਸਿੰਘ ਜੰਮੂ ਐਮਬੀਐਸ ਰਿਜੋਰਟ ਵਾਲੇ, ਡਾ. ਬਲਜਿੰਦਰ ਸਿੰਘ ਧੰਜੂ, ਡਾ. ਰੁਪਿੰਦਰ ਸਿੰਘ ਰੂਪਾ, ਕਾਮਰੇਡ ਲਖਬੀਰ ਸਿੰਘ ਨਿਜ਼ਾਮਪੁਰ, ਜਥੇਦਾਰ ਭੁਪਿੰਦਰ ਸਿੰਘ ਭੋਲਾ, ਸੰਮਤੀ ਮੈਂਬਰ ਰਵਿੰਦਰ ਸਿੰਘ ਰਵੀ, ਐਕਸੀਅਨ ਕੁਲਵਿੰਦਰ ਸਿੰਘ ਛੀਨਾਂ, ਡਾ. ਰਣਬੀਰ ਸਿੰਘ ਜੋਸਨ, ਜਥੇਦਾਰ ਅਵਤਾਰ ਸਿੰਘ, ਕਰਨਬੀਰ ਸਿੰਘ ਥਿੰਦ, ਹਰਪ੍ਰੀਤ ਸਿੰਘ ਬਬਲੂ ਸਰਪੰਚ, ਸੁਖਜੀਤ ਸਿੰਘ ਥਿੰਦ, ਲਖਵਿੰਦਰ ਸਿੰਘ ਫੱਲਾ, ਮਲਕੀਤ ਸਿੰਘ ਸਰਜਾ, ਸਾਬਕਾ ਸਰਪੰਚ ਤਰਸੇਮ ਸਿੰਘ, ਸਰਪੰਚ ਕੁਲਵਿੰਦਰ ਕੌਰ, ਗੁਰਮੀਤ ਸਿੰਘ ਜੰਮੂ, ਗੁਰਦੀਪ ਸਿੰਘ ਮੱਖਣਵਿਡੀ, ਗੁਰਮੇਜ ਸਿੰਘ ਮੱਖਣਵਿਡੀ ਤੋਂ ਇਲਾਵਾ ਇਲਾਕੇ ਦੀਆਂ ਕਈ ਸਮਾਜਿਕ ਜਥੇਬੰਦੀਆਂ, ਕਿਸਾਨ ਆਗੂਆਂ, ਧਾਰਮਿਕ, ਸਿਆਸੀ ਸਖਸ਼ੀਅਤਾਂ, ਸਮੂਹ ਪੱਤਰਕਾਰ ਭਾਈਚਾਰੇ, ਖੇਤੀਬਾੜੀ ਤੇ ਹੋਰ ਵੱਖ ਵੱਖ ਮਹਿਕਮਿਆਂ ਦੇ ਅਫ਼ਸਰ ਸਹਿਬਾਨਾਂ ਨੇ ਸਵਾ. ਡਾਕਟਰ ਰਮਿੰਦਰ ਸਿੰਘ ਧੰਜੂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਦੁਖੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

## ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਗ੍ਰੀਨ ਦੀਵਾਲੀ ਮਨਾਈ ਜਾਵੇ : ਰਾਜੂ

ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )ਸਮਾਜ ਸੇਵਕ ਵਾਤਾਵਰਨ ਪ੍ਰੇਮੀ ਰਾਜੂ ਨਈਅਰ ਅਮਰੀਕਾ, ਰਾਜੂ ਭੰਡਾਲ ਅਮਰੀਕਾ ਨੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਹਵਾਵਾਂ ਨੂੰ ਜਹਰੀਲੇ ਹੋਣ ਤੋਂ ਬਚਾਉਣਾ ਅਤਿ ਜ਼ਰੂਰੀ ਹੈ। ਉਹਨਾਂ ਨੇ ਕਿਹਾ ਕਿ ਗਰੀਨ ਦਿਵਾਲੀ ਮਨਾਉਣ ਲਈ ਜਾਗ੍ਰਤੀ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਸਾਨੂੰ ਕੋਈ ਸਮੱਸਿਆਂ ਪੇਸ਼ ਨਾ ਆਵੇ। ਉਹਨਾਂ ਕਿਹਾ ਕਿ ਦਿਵਾਲੀ ਅਤੇ ਹੋਰ ਤਿਉਹਾਰਾਂ ਦੇ ਮੌਕੇ 'ਤੇ ਲੋਕਾਂ ਵੱਲੋਂ ਵੱਡੇ ਪੱਧਰ ਤੇ ਆਤਿਸ਼ਬਾਜੀ ਕੀਤੀ ਜਾਂਦੀ ਹੈ। ਗਰੀਨ ਦੀਵਾਲੀ ਮਨਾਉਣ ਲਈ ਜਾਗ੍ਰਤੀ ਪੈਦਾ ਕਰਨਾ ਜ਼ਰੂਰੀ ਜਿਸਦੇ ਨਾਲ ਕਰੋੜਾ ਰੁਪਏ ਧੂਆਂ ਬਣ ਕੇ ਹਵਾ ਵਿੱਚ ਉੱਡ ਜਾਂਦੇ ਹਨ ਅਤੇ ਅਜਿਹਾ ਹੋਣ ਨਾਲ ਜਿੱਥੇ ਅਵਾਜ ਪ੍ਰਦੂਸ਼ਨ ਪੈਦਾ ਹੁੰਦਾ ਹੈ। ਉਥੇ ਵਾਤਾਵਰਣ ਵੀ ਗੰਦਲਾਂ ਹੋ ਜਾਂਦਾ ਹੈ। ਜਿਸ ਨਾਲ ਅਨੇਕਾਂ ਸੱਮਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਉਹਨਾ ਨੇ ਕਿਹਾ ਕਿ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਗ੍ਰੀਨ ਦਿਵਾਲੀ ਮਨਾਈ ਜਾਵੇ, ਇਸ ਲਈ ਪਟਾਕੇ ਚਲਾ ਕੇ ਵਾਤਾਵਰਣ ਨੂੰ ਦੂਸ਼ਿਤ ਨਾ ਕੀਤਾ ਜਾਵੇ। ਉਹਨਾਂ ਨੇ ਕਿਹਾ ਕਿ ਸਾਨੂੰ ਗ੍ਰੀਨ ਦੀਵਾਲੀ ਮਨਾਉਣੀ ਚਾਹੀਦੀ ਹੈ ਅਤੇ ਇਸਦੇ ਨਾਲ ਨਾਲ ਦੂਜਿਆ ਨੂੰ ਵੀ ਜਾਗਰੂਕ ਕਰਨਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਉਹਨਾ ਕਿਹਾ ਕਿ ਹੋਰ ਵੱਖ ਵੱਖ ਤਰੀਕਿਆਂ ਰਾਹੀ ਵੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ। ਇਸ ਲਈ ਸਾਨੂੰ ਕੋਈ ਵੀ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਕੋਈ ਸਮਸਿਆ ਪੈਦਾ ਹੁੰਦੀ ਹੋਵੇ ਅਤੇ ਇਸ ਸਬੰਧੀ ਹੋਰਾਂ ਨੂੰ ਵੀ ਜਾਗਰੂਕ ਕਰਨਾ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ। ਉਹਨਾਂ ਕਿਹਾ ਕਿ ਗ੍ਰੀਨ ਦੀਵਾਲੀ ਮਨਾਉਣ ਦੇ ਨਾਲ ਨਾਲ ਸਾਨੂੰ ਇਸ ਸਬੰਧੀ ਜਾਗ੍ਰਤੀ ਵੀ ਪੈਦਾ ਕਰਨੀ ਚਾਹੀਦੀ ਹੈ।

## ਦੋਆਬਾ ਸਾਹਿਤ ਸਭਾ ਲਧਾਣਾ ਝਿੱਕਾ ਨੇ ਸਨਮਾਨ ਸਮਾਰੋਹ ਤੇ ਕਵੀ ਸੰਮੇਲਨ ਕਰਵਾਇਆ



ਬੰਗਾ (ਅਵਤਾਰ ਕਲੇਰ) ਦੋਆਬਾ ਸਾਹਿਤ ਸਭਾ, ਲਧਾਣਾ ਝਿੱਕਾ ਵਲੋਂ ਸਵ: ਚੜ੍ਹਤ ਸਿੰਘ ਮੁਕੱਦਮ ਯਾਦਗਾਰੀ ਲਾਇਬ੍ਰੇਰੀ ਦੇ ਵਿਹੜੇ 'ਚ ਸਾਲਾਨਾ ਸਨਮਾਨ ਸਮਰੋਹ ਤੇ ਕਵੀ ਸੰਮੇਲਨ ਕਰਵਾਇਆ ਗਿਆ।ਉਘੇ ਸਾਹਿਤਕਾਰ ਪ੍ਰੋ:ਸੰਧੂ ਵਰਿਆਣਵੀ, ਸ਼੍ਰੋਮਣੀ ਪੱਤਰਕਾਰ ਤੇ ਸਾਹਿਤਕਾਰ ਕਮਲਜੀਤ ਸਿੰਘ ਬਨਵੈਤ ਤੇ ਜਾਣੇ ਪਹਿਚਾਣੇ ਕਵੀ/ਗੀਤਕਾਰ ਜਗਦੀਸ਼ ਰਾਣਾ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।ਸਨਮਾਨ ਸਮਾਗਮ 'ਚ ਪੰਜਾਬੀ ਸਾਹਿਤ ਜਗਤ ਦੀਆਂ ਉੱਘੀਆਂ ਸਖਸੀਅਤਾਂ ਪਵਨ ਭੰਮੀਆਂ ਨੂੰ ਸਵ: ਜੁਗਿੰਦਰ ਸਿੰਘ ਕੰਵਲ ਯਾਦਗਾਰੀ ਪੁਰਸਕਾਰ, ਜਸਵੰਤ ਕੌਰ ਸੈਣੀ (ਡਾ) ਨੂੰ, ਸਵ: ਸਾਥੀ ਲੁਧਿਆਣਵੀ ਯਾਦਗਾਰੀ ਪੁਰਸਕਾਰ, ਰਜਨੀ ਸ਼ਰਮਾ ਨੂੰ ਸਵ:ਅਰਜੁਨ ਸਿੰਘ ਧੂਮਾਂ ਯਾਦਗਾਰੀ ਪੁਰਸਕਾਰ ਤੇ ਅਮਰਜੀਤ ਕੌਰ ਅਮਰ ਨੂੰ ਸਵ:ਪਾਖਰ ਸਿੰਘ ਮਿਸਤਰੀ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸੱਤਪਾਲ ਕਾਹਲੋਂ, ਜਸਵਿੰਦਰ ਜੱਸੀ, ਸੁਰਿੰਦਰ ਪਾਲ ਸਿੰਘ, ਦਵਿੰਦਰ ਜੱਸਲ, ਰਣਜੀਤ ਪੋਸੀ, ਦਲਜੀਤ ਮਹਿਮੀ, ਹਰਦਿਆਲ ਹੁਸ਼ਿਆਰਪੁਰੀ, ਸਰਵਣ ਸਿੰਘ ਮੋਰਾਂਵਾਲੀ ਨੇ ਆਪਣੇ ਕਲਾਮ ਪੇਸ਼ ਕੀਤੇ। ਤਾਰਾ ਸਿੰਘ ਚੇੜਾ ਦਾ ਕਾਵਿ ਸੰਗ੍ਰਹਿ, 'ਬਿਰਹਾ ਵਿਹੜੇ ਵਸਿਆ' ਤੇ ਗੁਰਦੀਪ ਸਿੰਘ ਮੁਕੱਦਮ ਵਲੋਂ ਲਿਖੀ 'ਮੇਰੇ ਸਾਹੀਂ ਵਸਿਆ ਮੇਰਾ ਪਿੰਡ ਲਧਾਣਾ ਝਿੱਕਾ' (ਇਤਿਹਾਸ) ਲੋਕ ਅਰਪਣ ਕੀਤਾ ਗਿਆ ।ਇਸ ਮੌਕੇ ਤਾਰਾ ਸਿੰਘ ਚੇੜਾ ਪ੍ਰਧਾਨ, ਗੁਰਦੀਪ ਸੈਣੀ ਉਪ ਪ੍ਰਧਾਨ, ਕੈਪ ਦੌਲਤ ਸਿੰਘ ਮੁੱਖ ਸਕੱਤਰ, ਗੁਰਦੀਪ ਸਿੰਘ ਮੁਕੱਦਮ ਵਿੱਤ ਸਕੱਤਰ, ਸਤਵੰਤ ਕੌਰ ਸਰਪੰਚ, ਕੁਲਦੀਪ ਕੌਰ ਪੰਚ, ਮਨਜੀਤ ਕੌਰ ਬਨਵੈਤ, ਮਨਜੀਤ ਸਿੰਘ ਨਾਮਧਾਰੀ ਪੰਚ, ਅਮਰੀਕ ਸਿੰਘ ਬਨਵੈਤ ਯੂ ਐਸ ਏ, ਸੀਤਲ ਸਿੰਘ ਟਾਕ, ਸੋਹਣ ਸਿੰਘ ਟਾਕ ਕਨੇਡਾ, ਸਤਨਾਮ ਸਿੰਘ ਮੁਕੱਦਮ, ਗੁਰਦੀਪ ਸਿੰਘ ਪੰਚ ਨਿਰਮਲਜੀਤ ਸਿੰਘ ਸੋਨੂ ਆਦਿ ਹਾਜ਼ਰ ਸਨ।

## ਮਰਹੂਮ ਆਗੂ ਸੁਰਿੰਦਰ ਘਈ ਤੇ ਡਾ. ਤਰਲੋਚਨ ਸਿੰਘ ਦੀ ਯਾਦ 'ਚ ਖੂਨਦਾਨ ਕੈਂਪ



ਹੁਸ਼ਿਆਰਪੁਰ (ਬਲਵੀਰ ਸੈਣੀ)- ਪੰਜਾਬ ਰਾਜ ਫਾਰਮੇਸੀ ਆਫੀਸਰਜ਼ ਐਸੋਸੀਏਸ਼ਨ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਜਥੇਬੰਦੀ ਦੇ ਸਾਬਕਾ ਜ਼ਿਲ੍ਹਾ ਅਤੇ ਸੂਬਾ ਪ੍ਰਧਾਨ ਸਾਥੀ ਸੁਰਿੰਦਰ ਘਈ ਅਤੇ ਜੀ.ਟੀ.ਯੂ. ਦੇ ਜ਼ਿਲ੍ਹਾ ਆਗੂ ਅਤੇ ਪ.ਸ.ਸ.ਫ. ਦੇ ਸਾਵਕਾ ਜ਼ਿਲ੍ਹਾ ਜਨਰਲ ਸਕੱਤ ਡਾ. ਤਰਲੋਚਨ ਸਿੰਘ ਦੀ ਯਾਦ ਵਿੱਚ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ।ਫਾਰਮੇਸੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਪ.ਸ.ਸ.ਫ. ਦੇ ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਵਿਰਦੀ ਦੀ ਅਗਵਾਈ ਹੇਠ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਲਗਾਏ ਇਸ ਖੂਨਦਾਨ ਕੈਂਪ ਵਿੱਚ ਜਥੇਬੰਦੀ ਦੇ ਆਗੂਆਂ ਵਲੋਂ 15 ਯੂਨਿਟ ਖੂਨਦਾਨ ਕੀਤੇ ਗਏ।

ਇਸ ਕੈਂਪ ਵਿੱਚ ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ, ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਵਾਤੀ, ਜਥੇਬੰਦੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਸਾਥੀ ਸੱਤਪਾਲ ਲੱਠ, ਸਾਥੀ ਘਈ ਦੀ ਸੁਪਤਨੀ ਸੁਖਵੰਤ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਮਰਹੂਮ ਆਗੂ ਸੁਰਿੰਦਰ ਘਈ ਅਤੇ ਡਾ. ਤਰਲੋਚਨ ਸਿੰਘ ਦੇ ਯੁੱਧ ਸਾਥੀ ਸੱਤਪਾਲ ਲੱਠ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਪਣਾ ਸਮੁੱਚਾ ਜੀਵਨ ਮੁਲਾਜ਼ਮ ਲਹਿਰ ਦੀਆਂ ਸੇਵਾ ਹਾਲਤਾਂ ਨੂੰ ਕਾਰਗਾਰ ਬਣਾਉਣ ਅਤੇ ਮਰਨ ਉਪਰੰਤ ਵੀ ਆਪਣਾ ਸਰੀਰ ਮੈਡੀਕਲ ਖੋਜ ਲਈ ਦਾਨ ਕਰਨ ਵਾਲੇ ਇਹਨਾਂ ਦੋਹਾਂ ਮਹਾਨ ਆਗੂਆਂ ਨੂੰ ਯਾਦ ਕਰਨ ਅਤੇ ਉਸ ਵਲੋਂ ਪਾਏ ਪੂਰਨਿਆਂ 'ਤੇ ਚੱਲਣ ਦਾ ਅਹਿਦ ਕਰਨ ਲਈ ਜਥੇਬੰਦੀਆਂ ਦਾ ਇਹ ਉਪਾਲਾ ਸ਼ਲਾਘਾਯੋਗ ਹੈ। ਇਸ ਮੌਕੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਪ.ਸ.ਸ.ਫ. ਦੇ ਸਾਬਕਾ ਸੂਬਾ ਵਿੱਤ ਸਕੱਤਰ ਅਤੇ ਪੈਨਸ਼ਨਰ ਆਗੂ ਸਾਥੀ ਮਨਜੀਤ ਸਿੰਘ ਸੈਣੀ ਨੇ ਕਿਹਾ ਕਿ ਸਮਾਜ ਅੰਦਰ ਬਹੁਤ ਘੱਟ ਲੋਕ ਅਜਿਹੇ ਹੁੰਦੇ ਹਨ ਜਿਹਨਾਂ ਵਲੋਂ ਆਪਣਾ ਸਮੁਚਾ ਜੀਵਨ ਲੋਕ ਭਲਾਈ ਦੇ ਲੇਖੇ ਲਗਾਇਆ ਜਾਂਦਾ ਹੈ ਅਤੇ ਅਜਿਹੇ ਇਨਸਾਨ ਸਮਾਜ ਅੰਦਰ ਵਿਚਰਦਿਆਂ ਕਿਰਤੀ ਵਰਗ ਦੀਆਂ ਜੀਵਨ ਹਾਲਤਾਂ ਅਤੇ ਮੁਲਾਜ਼ਮ ਵਰਗ ਦੀਆਂ ਸੇਵਾ ਹਾਲਤਾਂ ਨੂੰ ਬਿਹਤਰ ਬਣਾਉਣ ਅਤੇ ਦੁਜਿਆ ਨੂੰ ਜੀਵਨ ਜਾਂਚ ਸਖਾਉਣ ਇੱਕ ਪ੍ਰੇਰਨਾ ਸਰੋਤ ਬਣ ਜਾਂਦੇ ਹਨ।ਸਾਥੀ ਸੁਰਿੰਦਰ ਘਈ ਅਥੇ ਡਾ. ਤਰਲੋਚਨ ਸਿੰਘ ਉਹਨਾਂ ਸਖਸ਼ੀਅਤਾਂ ਵਿੱਚੋਂ ਸਨ ਜਿਹੜੇ ਆਪਣੇ ਆਖਰੀ ਸਾਹਾਂ ਤੱਕ ਲੋਕ ਸੇਵਾ ਦੇ ਨਾਲ ਸਮਾਜ ਵਿੱਚ ਆਰਥਿਕ ਨਾ-ਬਰਾਬਰੀ, ਬੇਇਨਸਾਫੀ ਅਤੇ ਧੱਕੇਸ਼ਾਹੀਆਂ ਵਿਰੁੱਧ ਸੰਘਰਸ਼ਸ਼ੀਲ ਰਹੇ ਅਤੇ ਮਰਨ ਉਪਰੰਤ ਆਣੀਆਂ ਅੱਖਾਂ ਅਤੇ ਸਰੀਰ ਦਾਨ ਕਰਕੇ ਲੋਕਾਂ ਨੂੰ ਸਮਰਪਤ ਹੋ ਗਏ।

ਜਥੇਬੰਦੀ ਦੇ ਸੂਬਾ ਆਗੂ ਬਲਰਾਜ ਸਿੰਘ ਨੇ ਕਿਹਾ ਕਿ ਭਵਿੱਖ ਵਿੱਚ ਵੀ ਇਹਨਾਂ ਦੋਹਾਂ ਆਗੂਆਂ ਨੂੰ ਯਾਦ ਕਰਨ ਹਿੱਤ ਇਸ ਖੂਨਦਾਨ ਕੈਂਪ ਨੂੰ ਵੱਡੇ ਪੱਧਰ 'ਤੇ ਲਗਾਇਆ ਜਵੇਗਾ।

ਇਸ ਮੌਕੇ ਅਜੈ ਸ਼ਰਮਾ, ਵਰਿੰਦਰ ਸਿੰਘ, ਰਕੇਸ਼ ਕੁਮਾਰ ਮਹਿਲਾਂਵਾਲੀ, ਰਾਜਵਿੰਦਰ ਸਿੰਘ, ਹਰਪਾਲ ਭੱਟੀ, ਡਾ. ਗੁਰਿਕਾ ਬੀ.ਟੀ.ਓ., ਦੀਪਾਂਜਲੀ ਭੱਟੀ, ਰਮਨਦੀਪ ਸੈਣੀ, ਬਲਕਾਰ ਸਿੰਘ, ਬਲਵਿੰਦਰ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਖੂਨਦਾਨੀਆਂ ਅਤੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰ ਰਹੇ ਆਗੂਆਂ ਨੂੰ ਇੱਕ-ਇੱਕ ਕਿਤਾਬ ਭੇਟ ਕੀਤੀ ਗਈ।

## ਦੇਸ਼ ਭਗਤ ਯੂਨੀਵਰਸਿਟੀ ਨੇ ਮਨਾਇਆ 12ਵਾਂ ਸਥਾਪਨਾ ਦਿਵਸ



ਕੁਰਾਲੀ (ਮੋਹਨ ਅੱਗਰਵਾਲ)-ਦੇਸ਼ ਭਗਤ ਯੂਨੀਵਰਸਿਟੀ (ਡੀ ਬੀ ਯੂ) ਵੱਲੋਂ ਆਪਣਾ 12ਵਾਂ ਸਥਾਪਨਾ ਦਿਵਸ ਮਨਾਇਆ ਗਿਆ, ਜਿਸ ਦੌਰਾਨ ਆਯੋਜਿਤ ਇੱਕ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਫੈਕਲਟੀ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ। ਇਸ ਸਮਾਗਮ ਦੇ ਜਸ਼ਨ ਨਾਲ ਦੇਸ਼ ਭਗਤ ਯੂਨੀਵਰਸਿਟੀ ਨੇ ਸਿੱਖਿਆ ਵਿੱਚ ਵਿਕਾਸ, ਉੱਤਮਤਾ ਅਤੇ ਵਿਸ਼ਵ ਵਿਆਪੀ ਪਹੁੰਚ ਦੀ ਵਿਰਾਸਤ ਨੂੰ ਉਜਾਗਰ ਕੀਤਾ।

ਐਡਵੋਕੇਟ ਸ. ਹਰਦੇਵ ਸਿੰਘ ਨੇ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਆਪਣੇ ਪ੍ਰੇਰਨਾ ਭਰੇ ਸ਼ਬਦਾਂ ਨਾਲ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ।

ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਡੀ ਬੀ ਯੂ ਦੇ ਭਵਿੱਖ ਲਈ ਆਪਣਾ ਦ੍ਰਿਸ਼ਟੀਕੋਣ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਯੂਨੀਵਰਸਿਟੀ ਦੀ ਸਥਾਪਨਾ ਸਮਾਵੇਸ਼ੀ, ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਕੀਤੀ ਗਈ ਹੈ ਜੋ ਵਿਅਕਤੀਆਂ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ ਅਤੇ ਸਮੁੱਚੇ ਸਮਾਜ ਨੂੰ ਲਾਭ ਪਹੁੰਚਾਉਂਦੀ ਹੈ। ਇਸ ਦੌਰਾਨ ਪ੍ਰੋ. ਚਾਂਸਲਰ ਡਾ ਤਜਿੰਦਰ ਕੌਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਵਾਈਸ ਚਾਂਸਲਰ ਡਾ. ਅਭਿਜੀਤ ਜੋਸ਼ੀ ਨੇ ਉੱਤਮਤਾ ਅਤੇ ਖੋਜ ਲਈ ਡੀ.ਬੀ.ਯੂ. ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾ ਕਿਹਾ ਕਿ ਜਦੋਂ ਅਸੀਂ ਭਵਿੱਖ ਵੱਲ ਦੇਖਦੇ ਹਾਂ, ਸਾਡਾ ਉਦੇਸ਼ ਡੀ.ਬੀ.ਯੂ. ਨੂੰ ਅਤਿ-ਆਧੁਨਿਕ ਗਿਆਨ ਦੇ ਕੇਂਦਰ ਅਤੇ ਵਿਸ਼ਵ ਸਿੱਖਿਆ ਵਿੱਚ ਇੱਕ ਆਗੂ ਵਜੋਂ ਅੱਗੇ ਵਧਾਉਣਾ ਹੈ। ਸਮਾਗਮ ਦੌਰਾਨ ਵਿਦਿਆਰਥੀਆਂ ਦੁਆਰਾ ਰੰਗਾਰੰਗ ਸੱਭਿਆਚਾਰਕ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ ਗਈਆਂ, ਜੋ ਕਿ ਯੂਨੀਵਰਸਿਟੀ ਦੀ ਵਿਭਿੰਨਤਾ ਅਤੇ ਪ੍ਰਤਿਭਾ ਨੂੰ ਦਰਸਾਉਂਦੀਆਂ ਸਨ। ਵਿਦਿਆਰਥੀਆਂ ਨੇ ਵੱਖ-ਵੱਖ ਭਾਰਤੀ ਰਾਜਾਂ ਤੋਂ ਸੱਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਆਪਣੀ ਵਿਲੱਖਣ ਪ੍ਰਤਿਭਾ ਅਤੇ ਪਰੰਪਰਾਵਾਂ ਦਾ ਪ੍ਰਦਰਸ਼ਨ ਕਰਕੇ ਆਪਣੀ ਸ਼ਮੂਲੀਅਤ ਪੇਸ਼ ਕੀਤੀ।

ਵਾਈਸ ਪ੍ਰੈਜ਼ੀਡੈਂਟ ਡੀ.ਬੀ.ਯੂ. ਡਾ: ਹਰਸ਼ ਸਦਾਵਰਤੀ ਨੇ ਵਿਸ਼ੇਸ਼ ਮਹਿਮਾਨਾਂ ਅਤੇ ਹਾਜ਼ਰੀ ਭਰਨ ਵਾਲੇ ਸਾਰਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਕਈ ਹੋਰ ਸਾਲਾਂ ਦੀਆਂ ਪ੍ਰਾਪਤੀਆਂ, ਨਵੀਨਤਾ ਅਤੇ ਪ੍ਰਭਾਵ ਦੀ ਉਮੀਦ ਰੱਖਦੀ ਹੈ ਕਿਉਂਕਿ ਇਹ ਸਸ਼ਕਤੀਕਰਨ ਅਤੇ ਸਿੱਖਿਆ ਦੇਣ ਦੇ ਆਪਣੇ ਮਿਸ਼ਨ ਨੂੰ ਜਾਰੀ ਰੱਖਦੀ ਹੈ।

## ਸਾਹਨੀ ਦੀ ਨਵ-ਨਿਯੁਕਤ ਸਰਪੰਚ ਬਖਸ਼ਿੰਦਰ ਬਾਂਸਲ ਨੇ ਕਰਵਾਇਆ ਸ਼ੁਕਰਾਨਾ ਸਮਾਗਮ



ਫਗਵਾੜਾ (ਡਾ. ਰਮਨ)- ਫਗਵਾੜਾ ਦੇ ਨਜ਼ਦੀਕੀ ਪਿੰਡ ਸਾਹਨੀ ਦੀ ਨਵ-ਨਿਯੁਕਤ ਸਰਪੰਚ ਬੀਬੀ ਬਖਸ਼ਿੰਦਰ ਬਾਂਸਲ ਪਤਨੀ ਸੁਖਦੇਵ ਸਿੰਘ ਬਾਂਸਲ ਦੇ ਪਰਵਾਰ ਵਲੋਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਪਿੰਡ ਦੇ ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਚੜ੍ਹਦੀ ਪੱਤੀ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਉਪਰੰਤ ਵੱਖ ਵੱਖ ਕੀਰਤਨੀ ਜਥਿਆਂ ਨੇ ਹਾਜ਼ਰ ਸੰਗਤਾਂ ਨੂੰ ਗੁਰਬਾਣੀ ਅਤੇ ਕਥਾ ਕੀਰਤਨ ਸਰਵਣ ਕਰਵਾਇਆ। ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਭਗਵਾਨ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਆਪ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਰਨੈਲ ਸਿੰਘ ਵਾਹਦ ਸਾਬਕਾ ਚੇਅਰਮੈਨ ਮਾਰਕਫੈਡ ਪੰਜਾਬ, ਹਲਕਾ ਇੰਚਾਰਜ ਸ਼ਹਿਰੀ ਰਣਜੀਤ ਸਿੰਘ ਖੁਰਾਣਾ, ਦਿਹਾਤੀ ਹਲਕਾ ਇੰਚਾਰਜ ਰਾਜਿੰਦਰ ਸਿੰਘ ਚੰਦੀ, ਕਿਸਾਨ ਆਗੂ ਸਤਨਾਮ ਸਿੰਘ ਸਾਹਨੀ ਤੋਂ ਇਲਾਵਾ ਵੱਖ ਵੱਖ ਸਿਆਸੀ ਜਥੇਬੰਦੀਆਂ ਦੇ ਆਗੂਆਂ ਨੇ ਹਾਜ਼ਰੀ ਲਗਵਾਈ। ਉਹਨਾਂ ਨੇ ਸਰਪੰਚ ਬੀਬੀ ਬਖਸ਼ਿੰਦਰ ਬਾਂਸਲ ਅਤੇ ਸਮੁੱਚੀ ਪੰਚਾਇਤ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ। ਸਰਪੰਚ ਬੀਬੀ ਬਖਸ਼ਿੰਦਰ ਬਾਂਸਲ ਨੇ ਪਿੰਡ ਦੇ ਸਮੂਹ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਪਿੰਡ ਵਾਸੀਆਂ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਸਾਰੇ ਵਾਅਦੇ ਪੂਰੇ ਕਰਦੇ ਹੋਏ ਪਿੰਡ ਸਾਹਨੀ ਦਾ ਸਮੁੱਚਾ ਵਿਕਾਸ ਬਿਨਾਂ ਕਿਸੇ ਪੱਖਪਾਤ ਤੋਂ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਅਧੂਰੇ ਪਏ ਵਿਕਾਸ ਕਾਰਜ ਪਿੰਡ ਵਾਸੀਆਂ ਨਾਲ ਵਿਚਾਰ ਵਟਾਂਦਰਾ ਕਰਕੇ ਪਹਿਲ ਦੇ ਅਧਾਰ 'ਤੇ ਪੂਰੀ ਪਾਰਦਰਸ਼ਤਾ ਦੇ ਨਾਲ ਕਰਵਾਏ ਜਾਣਗੇ। ਗੁਰਦੁਆਰਾ ਸਾਹਿਬ ਦੀ ਕਮੇਟੀ ਵਲੋਂ ਸਰਪੰਚ ਅਤੇ ਸਮੂਹ ਪੰਚਾਇਤ ਮੈਂਬਰਾਂ ਤੋਂ ਇਲਾਵਾ ਪਤਵੰਤਿਆਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮਹਿੰਦਰ ਸਿੰਘ ਬਾਂਸਲ, ਪੰਚਾਇਤ ਮੈਂਬਰ ਅਮਰੀਕ ਸਿੰਘ ਮੀਕਾ, ਮੇਜਰ ਸਿੰਘ, ਸਤਵਿੰਦਰ ਕੌਰ, ਮੋਨਿਕਾ ਸ਼ਰਮਾ, ਰਾਮ ਸ਼ਰਨ, ਸਤਨਾਮ ਸਿੰਘ ਕਾਹਲੋਂ, ਜਸਵਿੰਦਰ ਕੌਰ ਤੋਂ ਇਲਾਵਾ ਸਾਈਂ ਕਰਨੈਲ ਸ਼ਾਹ, ਪੰਡਿਤ ਮਹੇਸ਼ ਚੰਦਰ, ਕਾਮਰੇਡ ਰਣਦੀਪ ਸਿੰਘ ਰਾਣਾ, ਬਹਾਦਰ ਸਿੰਘ ਸੰਗਤਪੁਰ, ਗੁਰਦੀਪ ਸਿੰਘ ਖੇੜਾ, ਅਵਤਾਰ ਸਿੰਘ ਮੰਗੀ, ਰਾਮ ਬਾਬੂ, ਚੁੰਨੀ ਰਾਮ ਨਿੱਕਾ, ਮਾਸਟਰ ਅਜੀਤ ਸਿੰਘ ਖਾਲਸਾ, ਬਲਜੀਤ ਸਿੰਘ ਹਰਦਾਸਪੁਰ, ਅੰਮ੍ਰਿਤਪਾਲ ਸਿੰਘ, ਇੰਦਰਜੀਤ ਕਾਹਲੋਂ, ਬਲਜਿੰਦਰ ਸਿੰਘ, ਰਾਜਾ ਸਾਹਨੀ, ਜਰਨੈਲ ਸਿੰਘ, ਲੰਬੜ ਸਿੰਘ, ਅਜੀਤ ਸਿੰਘ, ਹਰਵਿੰਦਰ ਸਿੰਘ, ਕੁਲਬੀਰ ਸਿੰਘ ਕਾਹਲੋਂ, ਸ਼ਰਨਜੀਤ ਸਿੰਘ ਕਾਹਲੋਂ, ਸੂਬਾ ਸਿੰਘ, ਬਲਜਿੰਦਰ ਸਿੰਘ ਸਾਹਨੀ, ਜਤਿੰਦਰ ਕੌਸ਼ਲ, ਸਾਧੂ ਸਿੰਘ ਸਾਹਨੀ ਆਦਿ ਹਾਜ਼ਰ ਸਨ।

## ਐੱਸ ਐੱਚ ਓ ਭੁਲੱਥ ਨੇ ਪਿੰਡਾਂ ਦੀਆਂ ਨਵੀਆਂ ਬਣੀਆਂ ਪੰਚਾਇਤਾਂ ਦੇ ਸਰਪੰਚਾਂ ਨਾਲ ਕੀਤੀ ਮੀਟਿੰਗ



ਭੁਲੱਥ, (ਮਨਪ੍ਰੀਤ ਸਿੰਘ)-ਸਬ ਡਵੀਜ਼ਨ ਕਸਬਾ ਥਾਣਾ ਭੁਲੱਥ ਵਿਖੇ ਪਿੰਡਾਂ ਦੀਆਂ ਨਵੀਆਂ ਬਣੀਆਂ ਪੰਚਾਇਤਾਂ ਦੇ ਸਰਪੰਚਾਂ ਨਾਲ ਐਸ.ਐਚ.ਓ ਭੁਲੱਥ ਹਰਜਿੰਦਰ ਸਿੰਘ ਵੱਲੋਂ ਪਲੇਠੀ ਮੀਟਿੰਗ ਕੀਤੀ ਗਈ, ਮੀਟਿੰਗ ਦੌਰਾਨ ਸਰਪੰਚਾਂ ਵੱਲੋਂ ਪਿੰਡਾਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਸਬੰਧੀ ਥਾਣਾ ਮੁਖੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਝੋਨੇ ਦੀ ਫਸਲ ਕੱਟੇ ਜਾਣ ਉਪਰੰਤ ਖੇਤਾਂ ਵਿੱਚ ਪਰਾਲੀ ਦੀ ਸਮੱਸਿਆ ਖੜੀ ਹੋ ਰਹੀ ਹੈ, ਕਿਉਂਕਿ ਪਰਾਲੀ ਦੇ ਬਣਾਏ ਗਏ ਡੰਪ ਜਿੱਥੇ ਪਰਾਲੀ ਤੇ ਝੋਨੇ ਦੀ ਫਸਲ ਦੀ ਰਹਿੰਦ ਖੂਹੰਦ ਇਕੱਠੀ ਕੀਤੀ ਜਾ ਰਹੀ ਹੈ, ਪਰਾਲੀ ਇਕੱਠੀ ਕਰਨ ਸਬੰਧੀ ਬਣਾਏ ਗਏ ਡੰਪ ਮਾਲਕਾਂ ਵੱਲੋਂ ਸਮੇਂ ਸਿਰ ਪਰਾਲੀ ਇਕੱਠੀ ਨਹੀਂ ਕੀਤੀ ਜਾ ਰਹੀ, ਜਿਸ ਕਰਕੇ ਕਿਸਾਨ ਵੀਰਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਮੌਕੇ ਥਾਣਾ ਮੁਖੀ ਵੱਲੋਂ ਮੌਕੇ ਤੇ ਡੰਪ ਮਾਲਕ ਬੁਲਾ ਕੇ ਇਲਾਕੇ ਦੇ ਕਿਸਾਨਾਂ ਦੀ ਪਰਾਲੀ ਦੀ ਰਹਿੰਦ ਖੂੰਹਦ ਸਬੰਧੀ ਮੁਸ਼ਕਲ ਹੱਲ ਕਰਨ ਲਈ ਹਦਾਇਤਾਂ ਕੀਤੀਆਂ, ਦੂਜੇ ਪਾਸੇ ਪਿੰਡਾਂ ਅੰਦਰ ਅਮਨ ਸ਼ਾਂਤੀ ਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਸਬੰਧੀ ਨਵੇਂ ਬਣੇ ਸਰਪੰਚਾਂ ਨੂੰ ਹਦਾਇਤਾਂ ਕਰਦਿਆਂ ਕਿਹਾ, ਕਿ ਪਿੰਡਾਂ ਅੰਦਰ ਕੋਈ ਵੀ ਸ਼ਰਾਰਤੀ ਅਨਸਰ ਨਜ਼ਰ ਆਵੇ ਜਾਂ ਫਿਰ ਕੋਈ ਨਸ਼ਾ ਦਾ ਵਿਕਰੇਤਾ ਨਸ਼ਾ ਤਸਕਰੀ ਕਰਦਾ ਉਹਨਾਂ ਦੇ ਨੋਟਿਸ ਵਿੱਚ ਆਵੇ, ਤੁਰੰਤ ਥਾਣਾ ਭੁਲੱਥ ਵਿਖੇ ਇਤਲਾਹ ਕੀਤੀ ਜਾਵੇ, ਤਾਂ ਕਿ ਨਸ਼ਿਆਂ ਵਿੱਚ ਗ੍ਰਸਤ ਹੋ ਰਹੀ ਨੌਜਵਾਨ ਪੀੜੀ ਨੂੰ ਸਹੀ ਮਾਰਗ ਤੇ ਲਿਆ ਕੇ ਪਿੰਡਾਂ ਵਿੱਚੋਂ ਨਸ਼ਿਆਂ ਦਾ ਸਫਾਇਆ ਕੀਤਾ ਜਾ ਸਕੇ, ਮੀਟਿੰਗ ਦੌਰਾਨ ਸਰਪੰਚਾਂ ਵੱਲੋਂ ਐਸ ਐਚ ਓ ਭਲੱਥ ਨੂੰ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ ਕੋਈ ਵੀ ਸਮਾਜ ਵਿਰੋਧੀ ਮਸਲਾ ਹੋਵੇਗਾ ਤਾਂ ਤੁਰੰਤ ਉਹਨਾਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ । ਇਸ ਮੌਕੇ ਹੋਰਨਾਂ ਤੋਂ ਇਲਾਵਾ ਪਿੰਡ ਬਾਗਵਾਨਪੁਰ ਤੋਂ ਸਰਪੰਚ ਮਨਜੀਤ ਕੌਰ, ਕਾਮਰੇਡ ਸੂਰਤ ਰਾਮ, ਪਿੰਡ ਖੱਸਣ ਤੋਂ ਸਰਪੰਚ ਸੁਰਿੰਦਰ ਸਿੰਘ ਸ਼ੇਰਗਿੱਲ, ਸਤਨਾਮ ਸਿੰਘ, ਸਾਬਕਾ ਮੈਂਬਰ ਅਮਨਦੀਪ ਸਿੰਘ, ਸਾਬਕਾ ਮੈਂਬਰ ਭਜਨ ਸਿੰਘ, ਜੋਗਿੰਦਰ ਪਾਲ ਅਰੋੜਾ, ਗੁਰਚਰਨ ਸਿੰਘ, ਸਤਨਾਮ ਸਿੰਘ ਗੋਗਾ, ਪਿੰਡ ਮੇਤਲਾ ਤੋਂ ਸਰਪੰਚ ਗੁਰਦਿਆਲ ਸਿੰਘ, ਮੈਂਬਰ ਸਤਵਿੰਦਰ ਸਿੰਘ, ਪਿੰਡ ਪੰਡੋਰੀ ਰਾਜਪੂਤਾਂ ਤੋਂ ਸਰਪੰਚ ਬਿਕਰਮਜੀਤ ਸਿੰਘ, ਮੈਂਬਰ ਜਸਪਾਲ ਸਿੰਘ, ਪਿੰਡ ਬੂਲੇਵਾਲ ਤੋਂ ਸਰਪੰਚ ਸੁਖਵਿੰਦਰ ਸਿੰਘ, ਪਿੰਡ ਮਹਿਮਦਪੁਰ ਤੋਂ ਸਰਪੰਚ ਮਨਜੀਤ ਸਿੰਘ, ਪਿੰਡ ਬਜਾਜ ਤੋਂ ਮੈਂਬਰ ਪੰਚਾਇਤ ਸੋਮਾ, ਮੈਂਬਰ ਸਰੂਪ ਸਿੰਘ, ਪਿੰਡ ਖਲੀਲ ਤੋ ਸਤਪਾਲ ਸਿੰਘ, ਮਲਕੀਤ ਸਿੰਘ, ਬਲਦੇਵ ਸਿੰਘ ਤੇ ਹੋਰ ਹਾਜ਼ਰ ਸਨ।

## ਮੁੱਖ ਮੰਤਰੀ ਸੈਣੀ ਨੇ ਤਿਉਹਾਰਾਂ ਦੀ ਵਧਾਈ ਦਿੱਤੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਹਰਿਆਣਾ ਦੇ ਵਿਕਾਸ ਲਈ ਸੰਤਾਂ ਤੋਂ ਅਸ਼ੀਰਵਾਦ ਮੰਗਿਆ। ਮੁੱਖ ਮੰਤਰੀ ਅੱਜ ਹਰਿਦੁਆਰ ਸਥਿਤ ਪਤੰਜਲੀ ਯੋਗਪੀਠ ਵਿਖੇ ਆਯੋਜਿਤ ਆਚਾਰਿਆਕੁਲਮ ਦੇ 12ਵੇਂ ਸਾਲਾਨਾ ਉਤਸਵ ਪ੍ਰੋਗਰਾਮ 'ਚ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਧਨਤੇਰਸ, ਦੀਵਾਲੀ, ਅੰਨਕੂਟ, ਭਈਆ ਦੂਜ, ਛੱਠ ਦੇ ਤਿਉਹਾਰ 'ਤੇ ਪ੍ਰੋਗਰਾਮ 'ਚ ਮੌਜੂਦ ਸਾਰੇ ਲੋਕਾਂ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮੈਂ ਹਰੀ ਰਾਜ ਤੋਂ ਹਰੀ ਦੇ ਦੁਆਰ 'ਤੇ ਆਇਆ ਹਾਂ। ਇਹ ਮੇਰੀ ਚੰਗੀ ਕਿਸਮਤ ਹੈ ਕਿ ਮੈਂ ਸੰਤਾਂ ਵਿਚਕਾਰ ਹਾਜ਼ਰ ਹਾਂ। ਮੁੱਖ ਮੰਤਰੀ ਨੇ ਪ੍ਰੋਗਰਾਮ ਵਿੱਚ ਮੌਜੂਦ ਸੰਤਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਨੂੰ ਆਪਣਾ ਆਸ਼ੀਰਵਾਦ ਦੇਣ, ਤਾਂ ਜੋ ਉਹ ਹਰਿਆਣਾ ਵਿੱਚ ਵਿਕਾਸ ਦੇ ਨਵੇਂ ਆਯਾਮ ਸਥਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਪਵਿੱਤਰ ਮਾਤਾ ਗੰਗਾ ਦੇ ਕਿਨਾਰੇ ਆ ਕੇ ਮੇਰਾ ਉਤਸ਼ਾਹ ਵਧਿਆ ਹੈ। ਉਨ੍ਹਾਂ ਕਿਹਾ ਕਿ ਮੈਂ ਨਵੀਂ ਊਰਜਾ ਅਤੇ ਚੇਤਨਾ ਲੈ ਕੇ ਇੱਥੋਂ ਰਵਾਨਾ ਹੋ ਰਿਹਾ ਹਾਂ, ਜਿਸ ਰਾਹੀਂ ਮੈਂ ਆਪਣੇ ਸੂਬੇ ਦਾ ਤੇਜ਼ੀ ਨਾਲ ਵਿਕਾਸ ਕਰ ਸਕਾਂਗਾ। ਸ੍ਰੀ ਸੈਣੀ ਨੇ ਆਯੁਰਵੇਦ ਅਤੇ ਯੋਗ ਦੀ ਬਹਾਲੀ ਵਿੱਚ ਅਹਿਮ ਭੂਮਿਕਾ ਨਿਭਾਉਣ ਲਈ ਯੋਗ ਗੁਰੂ ਬਾਬਾ ਰਾਮਦੇਵ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਹਰਿਆਣਾ ਸਰਕਾਰ ਯੋਗ ਅਤੇ ਆਯੁਰਵੇਦ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਸਰਕਾਰ ਨੇ ਹਰਿਆਣਾ ਦੀਆਂ ਕਰੀਬ 6500 ਪੰਚਾਇਤਾਂ ਵਿੱਚ ਜਿੰਮ ਬਣਾਉਣ ਦਾ ਕੰਮ ਕੀਤਾ ਹੈ। ਹਰਿਆਣਾ ਸਰਕਾਰ ਨੇ ਪਿੰਡਾਂ ਵਿੱਚ ਤੰਦਰੁਸਤੀ ਕੇਂਦਰ ਸਥਾਪਿਤ ਕੀਤੇ ਹਨ।

ਉਨ੍ਹਾਂ ਕਿਹਾ ਕਿ ਸੂਬੇ ਦੀ ਨੌਜਵਾਨ ਪੀੜ੍ਹੀ ਨੂੰ ਯੋਗਾ ਵੱਲ ਆਕਰਸ਼ਿਤ ਕਰਨ ਲਈ ਯੋਗਾ ਅਧਿਆਪਕਾਂ ਦੀ ਨਿਯੁਕਤੀ ਕੀਤੀ ਗਈ ਹੈ। ਹਰਿਆਣਾ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਯੋਗਾ ਨੂੰ ਲਾਜ਼ਮੀ ਕਰ ਦਿੱਤਾ ਗਿਆ ਹੈ। ਕੁਰੂਕਸ਼ੇਤਰ ਵਿੱਚ ਸ਼੍ਰੀ ਕ੍ਰਿਸ਼ਨਾ ਆਯੂਸ਼ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਹੈ। ਪੰਚਕੂਲਾ ਵਿੱਚ ਇੱਕ ਵੱਡਾ ਮੈਡੀਕਲ ਸੈਂਟਰ ਅਤੇ ਝੱਜਰ ਜ਼ਿਲ੍ਹੇ ਵਿੱਚ ਇੱਕ ਖੋਜ ਕੇਂਦਰ ਸਥਾਪਿਤ ਕੀਤਾ ਗਿਆ ਹੈ। ਹਰਿਆਣਾ ਵਿੱਚ ਯੋਗ ਨੂੰ ਉਤਸ਼ਾਹਿਤ ਕਰਨ ਲਈ ਯੋਗ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਹੈ। ਰਾਜ ਵਿੱਚ 506 ਆਯੁਰਵੈਦਿਕ ਡਿਸਪੈਂਸਰੀਆਂ/ਆਯੂਸ਼ਮਾਨ ਕੇਂਦਰ ਬਣਾਏ ਗਏ ਹਨ।

ਇਸ ਪ੍ਰੋਗਰਾਮ ਵਿੱਚ ਸਵਾਮੀ ਰਾਮਦੇਵ ਨੇ ਹਰਿਆਣਾ ਵਿੱਚ ਹਰਿਦੁਆਰ ਤੋਂ ਸੌ ਗੁਣਾ ਵੱਡਾ ਆਚਾਰਿਆਕੁਲਮ ਸਥਾਪਤ ਕਰਨ ਦਾ ਐਲਾਨ ਕੀਤਾ। ਇਸ ਤੋਂ ਬਾਅਦ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਆਚਾਰਿਆਕੁਲਮ ਦੀ ਸਥਾਪਨਾ ਵਿੱਚ ਹਰ ਸੰਭਵ ਸਹਿਯੋਗ ਦੇਣ ਦੀ ਗੱਲ ਕਰਦੇ ਹੋਏ ਕਿਹਾ ਕਿ ਪਤੰਜਲੀ ਯੋਗ ਸੰਸਥਾਨ ਵੱਲੋਂ ਹਰਿਆਣਾ ਵਿੱਚ ਹਰਿਦੁਆਰ ਤੋਂ ਵੀ ਵੱਡਾ ਆਚਾਰਿਆਕੁਲਮ ਸਥਾਪਤ ਕਰਨ ਦੀ ਯੋਜਨਾ ਦੇਸ਼ ਦੇ 2 ਕਰੋੜ 80 ਲੱਖ ਲੋਕਾਂ ਲਈ ਮਾਣ ਵਾਲੀ ਗੱਲ ਹੈ।

## ਯਾਦਗਾਰੀ ਹੋ ਨਿੱਬੜਿਆ ਸਿੱਖ ਵੈੱਲਫੇਅਰ ਸੁਸਾਇਟੀ ਦੁਆਰਾ ਕਰਵਾਇਆ ਕੀਰਤਨ ਦਰਬਾਰ



ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)-ਸੰਤ ਅਨੂਪ ਸਿੰਘ ਊਨਾ ਸਾਹਿਬ ਅਤੇ ਸਿੱਖ ਵੈੱਲਫੇਅਰ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਪੰਥ ਦੇ ਮਹਾਨ ਸ਼ਹੀਦ ਭਾਈ ਸੁਬੇਗ ਸਿੰਘ ਅਤੇ ਭਾਈ ਸਹਿਬਾਜ਼ ਸਿੰਘ ਨੂੰ ਸਮਰਪਿਤ 34ਵਾਂ ਅੰਤਰਰਾਸ਼ਟਰੀ ਮਹਾਨ ਕੀਰਤਨ ਦਰਬਾਰ ਵਿਸ਼ਵ ਦੇ ਮੋਹਰਲੀ ਕਤਾਰ ਦੇ ਧਾਰਮਿਕ ਸਮਾਗਮਾਂ ਦੇ ਇਤਿਹਾਸ 'ਚ ਆਪਣੀ ਪਛਾਣ ਹੋਰ ਪੁੱਖਤਾ ਬਣਾਉਂਦਾ ਹੋਇਆ ਯਾਦਗਾਰੀ ਹੋ ਨਿਬੜਿਆ। ਬਾਨੀ ਪ੍ਰਧਾਨ ਸੱਚਖੰਡ ਵਾਸੀ ਅਜਵਿੰਦਰ ਸਿੰਘ ਵੱਲੋਂ ਚਲਾਈ ਰੀਤ ਨੂੰ ਅੱਗੇ ਤੋਰਦਿਆਂ ਗੁਰਪ੍ਰੀਤ ਸਿੰਘ ਪ੍ਰਧਾਨ ਦੀ ਅਗਵਾਈ ਹੇਠ ਆਯੋਜਿਤ ਇਸ ਵਿਲੱਖਣ ਸਮਾਗਮ ਵਿਚ ਦੇਸ਼-ਵਿਦੇਸ਼ ਤੋਂ ਵੱਡੀ ਤਾਦਾਦ ਵਿਚ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਗੁਰਬਾਣੀ ਕੀਰਤਨ ਦਾ ਲਾਹਾ ਲਿਆ। ਸਿੱਖੀ ਵਿਰਸੇ ਦੀ ਦਿੱਖ ਪ੍ਰਦਾਨ ਕਰਦੇ ਹੋਏ ਵਿਸ਼ਾਲ ਪੰਡਾਲ 'ਚ ਸ਼ਹੀਦੀ ਦੇ ਅਲੌਕਿਕ ਦ੍ਰਿਸ਼ ਨੂੰ ਰੂਪਮਾਨ ਕਰਦੀ ਸਟੇਜ ਸੰਗਤਾਂ ਦੀ ਖਿੱਚ ਦਾ ਕੇਂਦਰ ਬਣੀ ਹੋਈ ਸੀ। ਜੁੱਗੋ-ਜੁੱਗ ਅੱਟਲ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਤਿਅੰਤ ਖੂਬਸੂਰਤੀ ਨਾਲ ਸਜਾਏ ਹੋਏ ਪਾਲਕੀ ਸਾਹਿਬ ਵਾਹਨ ਵਿੱਚ ਨਗਰ ਕੀਰਤਨ ਦੇ ਰੂਪ 'ਚ ਗੁਰਦੁਆਰਾ ਮਿੱਠਾ ਟਿਵਾਣਾ ਮਾਡਲ ਟਾਊਨ ਹੁਸ਼ਿਆਰਪੁਰ ਤੋਂ ਸਮਾਗਮ ਵਾਲੇ ਸਥਾਨ ਰੌਸ਼ਨ ਗਰਾਊਂਡ ਤੱਕ ਲਿਆਂਦੇ ਗਏ। ਨਗਰ ਕੀਰਤਨ ਦੌਰਾਨ ਬਾਬਾ ਬੱਚਿਤਰ ਸਿੰਘ ਗਤਕਾ ਅਖਾੜਾ ਹੁਸ਼ਿਆਰਪੁਰ ਵੱਲੋਂ ਖਾਲਸਾਈ ਜੰਗਜੂ ਕਰਤੱਬਾਂ ਦੀ ਪੇਸ਼ਕਾਰੀ ਕੀਤੀ। ਇਸ ਮੌਕੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ਼੍ਰੀ ਆਨੰਦਪੁਰ ਸਾਹਿਬ ਨੇ ਉਚੇਚੇ ਤੌਰ 'ਤੇ ਹਾਜ਼ਰੀਆਂ ਭਰੀਆਂ। ਦੇਸ਼ਾਂ-ਵਿਦੇਸ਼ਾਂ ਤੋਂ ਕੀਰਤਨ ਦਾ ਲਾਹਾ ਲੈਣ ਲਈ ਉਚੇਚੇ ਤੌਰ 'ਤੇ ਪੁੱਜੀਆਂ ਸੰਗਤਾਂ ਨੂੰ ਗੁਰਬਾਣੀ, ਸਿਮਰਨ ਅਤੇ ਵਿਸਮਾਦੀ ਅਨੰਦ ਨਾਲ ਸਰਸ਼ਾਰ ਕਰ ਲੈਣ ਵਾਲੇ ਸਮਾਗਮ ਦੀ ਆਰੰਭਤਾ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਹੋਈ, ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀਏ ਭਾਈ ਬਲਵਿੰਦਰ ਸਿੰਘ ਰੰਗੀਲਾ, ਭਾਈ ਜਗਜੀਤ ਸਿੰਘ ਬੰਬੀਹਾ ਨਵੀਂ ਦਿੱਲੀ, ਭਾਈ ਗੁਰਚਰਨ ਸਿੰਘ ਰਸੀਆ , ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਗਗਨਦੀਪ ਸਿੰਘ ਸ੍ਰੀ ਗੰਗਾ ਨਗਰ, ਢਾਡੀ ਗੁਰਪ੍ਰੀਤ ਸਿੰਘ ਲਾਂਡਰਾਂ, ਭਾਈ ਗੁਰਪ੍ਰੀਤ ਸਿੰਘ ਸ਼ਿਮਲੇ ਵਾਲੇ, ਮੀਰੀ ਪੀਰੀ ਖਾਲਸਾ ਜਥਾ ਯਮੁਨਾ ਨਗਰ, ਭਾਈ ਸਰਬਜੀਤ ਸਿੰਘ ਪਟਨਾ ਸਾਹਿਬ, ਢਾਡੀ ਭਾਈ ਸੁਖਬੀਰ ਸਿੰਘ ਚੌਹਾਨ,ਭਾਈ ਹਰਭਜਨ ਸਿੰਘ ਸੋਤਲਾ, ਭਾਈ ਸਤਿੰਦਰ ਸਿੰਘ ਆਲਮ,ਭਾਈ ਕੁਲਵਿੰਦਰ ਸਿੰਘ ਕੰਗਮਾਈ ,ਭਾਈ ਘਰਜੋਤ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿਚ ਰਾਗੀ, ਢਾਡੀ ਤੇ ਕਥਾਵਾਚਕਾਂ ਨੇ ਰੱਬੀ ਬਾਣੀ ਦੇ ਮਨੋਹਰ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਮੰਤਰ ਮੁਗਧ ਕੀਤਾ।

ਇਸ ਸਮਾਗਮ ਵਿੱਚ ਮਹੰਤ ਪ੍ਰਿਤਪਾਲ ਸਿੰਘ ਸੇਵਾ ਪੰਥੀ ਮਿੱਠਾ ਟਿਵਾਣਾ, ਸੰਤ ਬਲਵੀਰ ਸਿੰਘ ਬਿਰਧ ਆਸ਼ਰਮ ਹਰਿਆਣਾ, ਬਾਬਾ ਹਰਪ੍ਰੀਤ ਸਿੰਘ ਗੁਰਦੁਆਰਾ ਬਾਬਾ ਮੰਝ ਸਾਹਿਬ ਸਮਾਧਾਂ ਵਾਲੇ, ਸੰਤ ਹਰਦੇਵ ਸਿੰਘ ਤਲਵੰਡੀ ਅਰਾਈਆਂ, ਸੰਤ ਰਣਜੀਤ ਸਿੰਘ ਡੇਰਾ ਸ਼ਹੀਦ ਸਿੰਘਾਂ ਹੁਸ਼ਿਆਰਪੁਰ, ਸੰਤ ਅਜੀਤ ਸਿੰਘ ਸੇਵਾ ਪੰਥੀ, ਸੰਤ ਦਲਵੀਰ ਸਿੰਘ ਹਰਚੋਵਾਲ, ਗਿਆਨੀ ਤਰਲੋਚਨ ਸਿੰਘ ਬਰੱਖਤਾਂ ਵਾਲੇ, ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ, ਸੰਤ ਬਲਵੀਰ ਸਿੰਘ ਟਿੱਬਾ ਸਾਹਿਬ ਆਦਿ ਸ਼ਾਮਲ ਸਨ। ਇਸ ਮੌਕੇ ਸੁਸਾਇਟੀ ਵਲੋਂ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ ਸਮੂਹ ਸੰਤ-ਮਹਾਪੁਰਸ਼ਾਂ ਦਾ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਤਿਕਾਰ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ ਭੁਲੇਵਾਲ ਰਾਠਾਂ ਮੈਂਬਰ ਸ਼੍ਰੋਮਣੀ ਕਮੇਟੀ, ਅਵਤਾਰ ਸਿੰਘ ਕਪੂਰ, ਅਵਤਾਰ ਸਿੰਘ ਜੌਹਲ ਆਦਿ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸਿੱਖ ਵੈੱਲਫੇਅਰ ਸੁਸਾਇਟੀ ਅਤੇ ਦੋਆਬਾ ਯੂਥ ਕਲੱਬ ਵੱਲੋਂ ਇਤਿਹਾਸਕ ਫੋਟੋ ਪ੍ਰਦਰਸ਼ਨੀ ਤੇ ਧਾਰਮਿਕ ਬੁੱਕ ਪ੍ਰਦਰਸ਼ਨੀ,ਯੰਗ ਖਾਲਸਾ ਗਰੁੱਪ ਵੱਲੋਂ ਖੂਨ ਦਾਨ ਕੈਂਪ, ਜ਼ਿਲਾ ਵੈਦ ਮੰਡਲ, ਕਲਗੀਧਰ ਹਸਪਤਾਲ ਨੰਦਾਚੌਰ ਤੇ ਓਬਰਾਏ ਹੋਮਿਓਪੈਥਿਕ ਸਟੋਰ ਵੱਲੋਂ ਮੁਫ਼ਤ ਮੈਡੀਕਲ ਕੈਂਪ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੇ ਆਸ ਕਿਰਨ ਨਸ਼ਾ ਛੁਡਾਊ ਕੇਂਦਰ, ਸਿੱਖ ਮਿਸ਼ਨਰੀ ਕਾਲਜ, ਨਸ਼ਾ ਛੁਡਾਊ ਕੇਂਦਰ ਵੱਲੋਂ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਇਸ ਮੌਕੇ ਅਵਤਾਰ ਸਿੰਘ ਜੌਹਲ, ਜਸਵੀਰ ਸਿੰਘ, ਜਸਪਾਲ ਸਿੰਘ, ਨਰੰਜਣ ਸਿੰਘ, ਓਂਕਾਰ ਸਿੰਘ, ਅਮਰੀਕ ਸਿੰਘ, ਮਹਿੰਦਰ ਪ੍ਰਤਾਪ ਸਿੰਘ, ਸੰਤੋਖ ਸਿੰਘ ਔਜਲਾ, ਸਵਰਨ ਸਿੰਘ ਵੇਰਕਾ, ਗੁਰਚਰਨ ਸਿੰਘ, ਯਾਦਵਿੰਦਰ ਸਿੰਘ ਸੋਢੀ, ਬਰਿੰਦਰ ਸਿੰਘ ਪ੍ਰਮਾਰ, ਕਮਲਜੀਤ ਸਿੰਘ ਕਾਨੂੰਗੋ,ਬਲਜਿੰਦਰ ਸਿੰਘ ਸੈਣੀ, ਗੁਰਚਰਨ ਸਿੰਘ, ਕਮਲਜੀਤ ਸਿੰਘ ਭੂਪਾ, ਸੁਖਵਿੰਦਰ ਸਿੰਘ ਸਟੀਫਨ, ਪ੍ਰਦੀਪ ਸਿੰਘ ਬਸਣ,ਬਲਦੇਵ ਸਿੰਘ, ਅਮਰੀਕ ਸਿੰਘ ਗੀਗਨੋਵਾਲ, ਮਨਮੀਤ ਸਿੰਘ ਪਲਾਹਾ, ਗੁਰਪ੍ਰੀਤ ਸਿੰਘ ਸੇਠੀ, ਹਰਕਮਲਜੀਤ ਸਿੰਘ ਵਿੱਕੀ, ਦਿਲਪ੍ਰੀਤ ਸਿੰਘ ਚਾਵਲਾ, ਰੁਪਿੰਦਰਜੀਤ ਸਿੰਘ ਅਤੇ ਹੋਰ ਸੇਵਾਦਾਰ ਹਾਜ਼ਰ ਸਨ।

## ਸੰਤ ਜਸਵੀਰ ਸਿੰਘ ਖ਼ਾਲਸਾ ਦੀ ਯਾਦ 'ਚ ਧਾਰਮਿਕ ਸਮਾਗਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ (ਬਰਨਾਲਾ) ਵਿਖੇ ਸੱਚਖੰਡ ਵਾਸੀ ਸੰਤ ਬਾਬਾ ਜਸਵੀਰ ਸਿੰਘ ਖ਼ਾਲਸਾ ਦੀ ਯਾਦ ਨੂੰ ਸਮਰਪਤ ਧਾਰਮਿਕ ਸਮਾਗਮ ਬਾਬਾ ਜੀ ਦੇ ਚਰਨ ਸੇਵਕ ਸ੍ਰ: ਜਰਨੈਲ ਸਿੰਘ ਚੀਮਾ ਲੁਧਿਆਣਾ ਦੇ ਉੱਦਮ ਸਦਕਾ ਸਰਧਾਭਾਵਨਾ ਨਾਲ ਕਰਵਾਇਆ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਜਸਵੀਰ ਸਿੰਘ ਹੇਮਕੁੰਟ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਕਾਲਾਮਾਲਾ ਸਾਹਿਬ ਦੇ ਰਾਗੀ ਜਥਿਆਂ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।ਹੈੱਡ ਗ੍ਰੰਥੀ ਭਾਈ ਜਸਵੀਰ ਸਿੰਘ ਮਾਣਕੀ ਨੇ ਚੀਮਾ ਪਰਵਾਰ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਸੰਤ ਜਸਵੀਰ ਸਿੰਘ ਖ਼ਾਲਸਾ ਵੱਲੋਂ ਧਰਮ ਪ੍ਰਚਾਰ ਤੇ ਸਮਾਜ ਸੇਵਾ ਦੇ ਕਾਰਜਾਂ 'ਚ ਪਾਏ ਅਹਿਮ ਯੋਗਦਾਨ ਦੀ ਸ਼ਲਾਘਾ ਕੀਤੀ।ਸਰਪੰਚ ਗੁਰਦੀਪ ਸਿੰਘ ਬਾਬਾ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਸੱਚਖੰਡ ਵਾਸੀ ਸੰਤ ਜਸਵੀਰ ਸਿੰਘ ਖ਼ਾਲਸਾ ਵੱਲੋਂ ਸ਼ੁਰੂ ਕੀਤੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ ਦਾ ਵਿਸ਼ਵਾਸ ਦੁਆਇਆ।ਬਾਬਾ ਜੀ ਦੇ ਆਸ਼ੀਰਵਾਦ ਸਦਕਾ ਹੀ ਪਿੰਡ ਛਾਪਾ ਦੀ ਨੁਹਾਰ ਬਦਲੀ ਜਾਵੇਗੀ। ਇਸ ਮੌਕੇ ਜਰਨੈਲ ਸਿੰਘ ਚੀਮਾ ਲੁਧਿਆਣਾ ਵੱਲੋਂ ਵੱਖ ਵੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਸਮੇਂ ਪ੍ਰੈੱਸ ਕਲੱਬ ਮਹਿਲ ਕਲਾਂ ਦੇ ਸਰਪ੍ਰਸਤ ਅਵਤਾਰ ਸਿੰਘ ਅਣਖੀ, ਜਥੇਦਾਰ ਅਜਮੇਰ ਸਿੰਘ ਮਹਿਲ ਕਲਾਂ, ਸਰਪੰਚ ਗੁਰਦੀਪ ਸਿੰਘ ਬਾਬਾ, ਪ੍ਰਧਾਨ ਜਸਵੰਤ ਸਿੰਘ, ਪੰਚ ਦਵਿੰਦਰ ਸਿੰਘ ਨਾਮਧਾਰੀ, ਪੰਚ ਬਹਾਦਰ ਸਿੰਘ ਛਾਪਾ, ਜਥੇ: ਮੁਖਤਿਆਰ ਸਿੰਘ ਛਾਪਾ, ਪ੍ਰਿਥੀ ਸਿੰਘ ਦਿਉਲ, ਬਾਬਾ ਵਰਿਆਮ ਸਿੰਘ ਕਾਰ ਸੇਵਾ, ਕਰਮਜੀਤ ਸਿੰਘ ਕਰਮਾ, ਬਾਬਾ ਬਖ਼ਸ਼ੀਸ ਸਿੰਘ ਕਸਬਾ, ਹਰਜੰਟ ਸਿੰਘ ਫੌਜੀ, ਭਾਈ ਮਨਦੀਪ ਸਿੰਘ ਮਨੀ, ਭਾਈ ਵੀਰ ਸਿੰਘ ਮਾਣਕੀ, ਗੁਰਬਚਨ ਸਿੰਘ ਛਾਪਾ, ਬਿੱਲੂ ਸਿੰਘ ਛਾਪਾ, ਬਾਬਾ ਗੁਰਦੇਵ ਸਿੰਘ ਕਾਰ ਸੇਵਾ, ਬੀਬੀ ਸੁਰਜੀਤ ਕੌਰ, ਮਨਜੀਤ ਸਿੰਘ ਬਿੱਲੂ ਆਦਿ ਹਾਜ਼ਰ ਸਨ।

## ਕੰਪਿਊਟਰ ਅਧਿਆਪਕਾਂ ਵੱਲੋਂ ਧਰਨਾ 58ਵੇਂ ਦਿਨ ਵੀ ਜਾਰੀ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਦੇ ਕੰਪਿਊਟਰ ਅਧਿਆਪਕਾਂ ਵੱਲੋਂ 58ਵੇਂ ਦਿਨ ਲਗਾਤਾਰ ਡੀ ਸੀ ਦਫਤਰ ਅੱਗੇ ਲੱਗੇ ਧਰਨੇ ਵਿੱਚ ਅਧਿਆਪਕਾਂ ਨਾਲ ਹਮਦਰਦੀ ਜ਼ਾਹਰ ਕਰਨ ਲਈ ਪੰਜਾਬ ਏਟਕ ਦੇ ਪ੍ਰਧਾਨ ਸੁਖਦੇਵ ਸ਼ਰਮਾ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਪ੍ਰਧਾਨ ਰਣਜੀਤ ਰਾਣਵਾਂ ਤੇ ਮੇਲਾ ਸਿੰਘ ਸੀਤਾ ਰਾਮ ਸ਼ਰਮਾ ਉਸ ਤੋਂ ਉਸਾਰੀ ਕਾਮਿਆਂ ਦੇ ਲੀਡਰ ਪ੍ਰਦੀਪ ਚੀਮਾ ਤੇ ਬਿਜਲੀ ਮੁਲਾਜ਼ਮਾਂ ਦੇ ਆਗੂ ਅਮਰੀਕ ਉਗਰਾਹਾਂ ਧਰਨੇ ਵਿੱਚ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨਾਲ ਵਾਰ ਵਾਰ ਵਿੱਤ ਮੰਤਰੀ ਵੱਲੋਂ ਵਾਅਦਾ ਕੀਤਾ ਗਿਆ ਕਿ ਤੁਹਾਨੂੰ ਸਿੱਖਿਆ ਵਿਭਾਗ ਵਿੱਚ ਅਡਜਸਟ ਕਰ ਦਿੱਤਾ ਜਾਏਗਾ। ਰਾਜਪਾਲ ਵੱਲੋਂ ਨੋਟੀਫਿਕੇਸ਼ਨ ਕੀਤਾ ਗਿਆ, ਜੋ ਅਜੇ ਤੱਕ ਅਧੂਰਾ ਹੈ, 2010 ਦੇ ਨੋਟੀਫਿਕੇਸ਼ਨ ਦੇ ਉਲਟ ਬਣਦੇ ਹੱਕੀ ਤੇ ਜੋ ਸਹੂਲਤਾਂ ਤੋਂ ਵਾਂਝੇ ਰੱਖਿਆ ਹੋਇਆ, ਸਮਾਂ ਪੂਰਾ ਹੋਣ 'ਤੇ ਵੀ ਨਿਯੁਕਤੀ ਪੱਤਰ ਨੂੰ ਲਾਗੂ ਨਹੀਂ ਕੀਤਾ ਗਿਆ। ਅਧਿਆਪਕਾਂ ਦੇ ਨੋਟੀਫਿਕੇਸ਼ਨ ਮੁਤਾਬਕ ਸੀਐੱਸਆਰ ਦੇ ਲਾਭ ਰੋਕੇ ਹੋਏ ਹਨ, ਸੋ ਕੰਪਿਊਟਰ ਅਧਿਆਪਕ ਮੰਗ ਕਰਦੇ ਹਨ ਕਿ ਉਨ੍ਹਾਂ ਨੂੰ ਸਿੱਖਿਆ ਵਿਭਾਗ ਵਿੱਚ ਸ਼ਾਮਲ ਕੀਤਾ ਜਾਏ। ਸੀ ਐੱਸ ਆਰ ਮੁਤਾਬਕ ਬਣਦੀਆਂ ਸਹੂਲਤਾਂ ਦਿੱਤੀਆਂ ਜਾਣ। ਇਸ ਸਮੇਂ ਬੋਲਦਿਆਂ ਸਾਥੀ ਸੁਖਦੇਵ ਸ਼ਰਮਾ ਨੇ ਦੱਸਿਆ ਕਿ ਕੰਪਿਊਟਰ ਅਧਿਆਪਕ ਪੰਜਾਬ 'ਚ ਗਿੱਦੜਬਾਹਾ ਵੇਖ ਕੇ ਜ਼ਿਮਨੀ ਚੋਣ ਸਮੇਂ ਤਿੰਨ ਨਵੰਬਰ ਨੂੰ ਰੋਸ ਮਾਰਚ ਕਰਨਗੇ। ਜੇਕਰ ਉਨ੍ਹਾਂ ਦੀਆਂ ਮੰਗਾਂ ਫਿਰ ਵੀ ਨਾ ਮੰਨੀਆਂ ਗਈਆਂ ਤਾਂ ਉਹ ਦੂਜੇ ਅਸੈਂਬਲੀ ਹਲਕਿਆਂ ਵਿੱਚ ਵੀ ਪੰਜਾਬ ਸਰਕਾਰ ਖਿਲਾਫ ਆਪਣੇ ਰੋਸ ਮੁਜ਼ਾਹਰੇ ਕਰਨਗੇ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ ਦਾ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾਏ।

## ਜੀ ਬੀ ਇੰਟਰਨੈਸ਼ਨਲ ਸਕੂਲ ਨੇ ਐਥਲੈਟਿਕਸ 'ਚ 11 ਤਮਗੇ ਜਿੱਤੇ



**ਨਾਭਾ (ਵਰਿੰਦਰ ਵਰਮਾ)**-ਡੀਪੀਐੱਸ ਸਕੂਲ ਨਾਭਾ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕ.) ਪਟਿਆਲਾ ਸੰਜੀਵ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤਿੰਨ ਰੋਜ਼ਾ ਸਰਦ ਰੁੱਤ ਐਥਲੈਟਿਕਸ ਖੇਡ ਮੁਕਾਬਲੇ ਕਰਵਾਏ ਗਏ।ਇਸ ਦੌਰਾਨ 25 ਦੇ ਕਰੀਬ ਸਕੂਲਾਂ ਦੇ ਐਥਲੀਟਾਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ, ਜਿਸ ਵਿੱਚ ਜੀ ਬੀ ਇੰਟਰਨੈਸ਼ਨਲ ਸਕੂਲ ਨਾਭਾ ਦੇ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ 4 ਸੋਨੇ, 3 ਚਾਂਦੀ ਤੇ 4 ਕਾਂਸੇ ਦੇ ਤਮਗੇ ਹਾਸਲ ਕਰ ਕੇ ਬਾਜ਼ੀ ਮਾਰੀ।ਇਸ ਮੌਕੇ ਸੁਰਪ੍ਰੀਤ ਕੌਰ ਨੇ ਅੜਿੱਕਾ ਦੌੜ ਮੁਕਾਬਲੇ ਵਿੱਚ ਸੋਨ ਤਮਗਾ ਜਿੱਤ ਕੇ ਅਤੇ ਜ਼ਿਲ੍ਹਾ ਪੱਧਰ ਲਈ ਨਾਮਣਾ ਖੱਟ ਕੇ ਜੀ ਬੀ ਇੰਟਰਨੈਸ਼ਨਲ ਸਕੂਲ ਦੀਆਂ ਪ੍ਰਾਪਤੀਆਂ ਦੀ ਸੂਚੀ ਵਿੱਚ ਇੱਕ ਵਿਲੱਖਣ ਪ੍ਰਾਪਤੀ ਸ਼ਾਮਲ ਕੀਤੀ।ਵਰਨਣਯੋਗ ਹੈ ਕਿ ਨਮਨਜੋਤ ਕੌਰ ਨੇ ਅੰਡਰ-14 ਸ਼ਾਟਪੁੱਟ ਮੁਕਾਬਲੇ 'ਚ ਤੇ ਸੁਰਪ੍ਰੀਤ ਕੌਰ ਨੇ ਅੰਡਰ-19 ਸ਼ਾਟਪੁੱਟ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਜਿੱਤਿਆ।3000 ਮੀਟਰ ਦੌੜ (ਅੰਡਰ-17) ਵਿੱਚ ਸਾਨਵੀ ਸ਼ਰਮਾ ਨੇ ਸੋਨ ਤਗਮਾ ਤੇ ਹਰਲੀਨ ਕੌਰ ਨੇ ਕਾਂਸੀ ਦਾ ਤਮਗ਼ਾ, 800 ਮੀਟਰ ਦੌੜ (ਅੰਡਰ-17) ਵਿੱਚ ਸਾਨਵੀ ਨੇ ਕਾਂਸੀ ਦਾ ਤਮਗ਼ਾ ਤੇ 200 ਮੀਟਰ ਦੌੜ (ਅੰਡਰ-19) ਵਿੱਚ ਵਤਨਦੀਪ ਕੌਰ ਨੇ ਕਾਂਸੀ ਦਾ ਤਮਗ਼ਾ ਜਿੱਤਿਆ।ਇਸ ਤੋਂ ਇਲਾਵਾ ਉੱਚੀ ਛਾਲ (ਅੰਡਰ-19) ਵਿੱਚ ਸੁਰਪ੍ਰੀਤ ਕੌਰ ਨੇ ਸੋਨ ਤਮਗਾ, ਲੰਮੀ ਛਾਲ (ਅੰਡਰ-19) ਵਿੱਚ ਵਤਨਦੀਪ ਕੌਰ ਨੇ ਸੋਨ ਤਗਮਾ ਤੇ ਪ੍ਰਨੀਤ ਕੌਰ ਨੇ ਕਾਂਸੇ ਦਾ ਤਮਗਾ ਹਾਸਲ ਕੀਤਾ।ਡਿਸਕਸ ਥਰੋਅ (ਅੰਡਰ-19) ਵਿੱਚ ਵੀ ਸੁਰਪ੍ਰੀਤ ਕੌਰ ਨੇ ਕਾਂਸੀ ਦਾ ਤਮਗਾ ਜਿੱਤਿਆ।ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਨੇ ਵਿਦਿਆਰਥੀਆਂ ਤੋਂ ਭਵਿੱਖ ਵਿੱਚ ਵੀ ਖੇਡਾਂ ਵਿੱਚ ਹੋਰ ਵਧੀਆ ਪ੍ਰਦਰਸ਼ਨ ਕਰਨ ਦੀ ਆਸ ਪ੍ਰਗਟਾਈ।ਪ੍ਰਿੰਸੀਪਲ ਪੂਨਮ ਰਾਣੀ ਨੇ ਬੱਚਿਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਖੇਡਾਂ ਦੇ ਖੇਤਰ 'ਚ ਉਹ ਹਰ ਰੋਜ਼ ਜੋ ਕਾਮਯਾਬੀ ਹਾਸਲ ਕਰ ਰਹੇ ਹਨ।

## ਖ਼ੂਨਦਾਨ ਕਰਕੇ ਆਤਮਿਕ ਸ਼ਾਂਤੀ ਤੇ ਸਕੂਨ ਮਿਲਦਾ ਹੈ : ਸੰਜੀਵ ਬਾਂਸਲ



**ਸੰਗਰੂਰ (ਪ੍ਰਵੀਨ ਸਿੰਘ)**-ਸਮਾਜ ਸੇਵੀ ਬਾਂਸਲ'ਜ਼ ਗਰੁੱਪ ਸੂਲਰ ਘਰਾਟ ਦੇ ਐਮ ਡੀ ਸ੍ਰੀ ਸੰਜੀਵ ਬਾਂਸਲ ਨੇ ਆਪਣੀ ਕੰਪਨੀ ਕੋਪਲ ਦੀ 14ਵੀਂ ਵਰੇਗੰਢ ਨੂੰ ਸਮਰਪਤ 32ਵੀਂ ਵਾਰ ਖ਼ੂਨਦਾਨ ਕੀਤਾ। ਉਨ੍ਹਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਆਤਮਿਕ ਸ਼ਾਂਤੀ ਦੇ ਨਾਲ-ਨਾਲ ਸਕੂਨ ਵੀ ਮਿਲਦਾ ਹੈ। ਖ਼ੂਨ ਅਜਿਹਾ ਪਦਾਰਥ ਹੈ, ਜਿਸ ਨੂੰ ਲੈਬਾਰਟਰੀ ਵਿੱਚ ਅਜੇ ਤੱਕ ਬਣਾਇਆ ਨਹੀਂ ਜਾ ਸਕਿਆ। ਇਸ ਲਈ ਖ਼ੂਨ ਦੀ ਕੋਈ ਕੀਮਤ ਨਿਸਚਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਖ਼ੂਨਦਾਨ ਕਰਨ ਤੋਂ ਘਬਰਾਉਣਾ ਇਸ ਵਿਚਲੀ ਸਚਾਈ ਤੋਂ ਅਣਜਾਣ ਹੋਣ ਦਾ ਸਿੱਟਾ ਹੀ ਹੁੰਦਾ ਹੈ। ਡਾਕਟਰੀ ਪੜ੍ਹਾਈ ਅਨੁਸਾਰ ਕੋਈ ਵੀ 18 ਸਾਲ ਤੋਂ 55 ਸਾਲ ਦਾ ਤੰਦਰੁਸਤ ਵਿਅਕਤੀ ਖ਼ੂਨਦਾਨ ਕਰ ਸਕਦਾ ਹੈ। ਇਸ ਨਾਲ ਖ਼ੂਨਦਾਨ ਕਰਨ ਵਾਲੇ ਦੀ ਸਿਹਤ 'ਤੇ ਕੋਈ ਵੀ ਮਾੜਾ ਪ੍ਰਭਾਵ ਨਹੀਂ ਪੈਂਦਾ। ਖ਼ੂਨਦਾਨੀ ਦੇ ਸਰੀਰ ਵਿੱਚ ਘਟਿਆ ਖ਼ੂਨ ਕੁਝ ਘੰਟਿਆਂ ਵਿੱਚ ਹੀ ਪੂਰਾ ਹੋ ਜਾਂਦਾ ਹੈ। ਉਨ੍ਹਾਂ 32ਵੀਂ ਵਾਰ ਖ਼ੂਨਦਾਨ ਕਰਕੇ ਆਪਣੀ ਸਮਾਜ ਸੇਵਾ ਦੀ ਭਾਵਨਾ ਨੂੰ ਲਗਾਤਾਰ ਬਰਕਰਾਰ ਰੱਖਿਆ ਹੈ।

## ਰੂਪ ਵਾਟੀਕਾ ਸਕੂਲ 'ਚ ਪੁਲਸ ਮਹਿਕਮੇ ਨੇ ਲਾਇਆ ਸੈਮੀਨਾਰ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟੀਕਾ ਸਕੂਲ 'ਚ ਪੁਲਸ ਮਹਿਕਮੇ ਵੱਲੋਂ ਟ੍ਰੈਫਿਕ ਪੁਲਸ ਅਫਸਰ ਨੇ ਬੱਚਿਆਂ ਵਿੱਚ ਵਧ ਰਹੀ ਦੋ ਪਹੀਆ ਵਾਹਨਾਂ ਦੀ ਸਮੱਸਿਆ ਬਾਰੇ ਇਕ ਸੈਮੀਨਾਰ ਲਾਇਆ। ਉਨ੍ਹਾਂ ਦੱਸਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚੇ ਜੇਕਰ ਕੋਈ ਵੀ ਦੋ ਪਹੀਆ ਵਾਹਨ ਚਲਾਉਂਦੇ ਹਨ ਤਾਂ ਉਨ੍ਹਾਂ ਦੇ ਮਾਤਾ-ਪਿਤਾ ਨੂੰ ਉਸੇ ਸਮੇਂ ਜੁਰਮਾਨਾ ਲਾਇਆ ਜਾਵੇਗਾ ਤੇ ਉਨ੍ਹਾਂ ਨੂੰ ਕੁਝ ਸਮੇਂ ਲਈ ਜੇਲ੍ਹ ਵੀ ਹੋ ਸਕਦੀ ਹੈ, ਜੇਕਰ ਬੱਚੇ ਕਿਸੇ ਦਾ ਵਾਹਨ ਚਲਾ ਰਹੇ ਹਨ ਤਾਂ ਵਾਹਨ ਦੇ ਮਾਲਕ ਨੂੰ ਸਜ਼ਾ ਹੋਵੇਗੀ। ਬੱਚਿਆਂ ਨੂੰ ਵਾਹਨ ਚਲਾਉਣ ਤੋਂ ਪਹਿਲਾਂ ਆਪਣਾ ਲਰਨਿੰਗ ਲਾਈਸੈਂਸ ਤੇ ਫਿਰ ਪੱਕਾ ਲਾਇਸੈਂਸ ਬਣਾ ਕੇ ਹੀ ਦੋ ਪਹੀਆ ਵਾਹਨ ਚਲਾਉਣ ਦੀ ਅਨੁਮਤੀ ਹੈ। ਬੱਚਿਆਂ ਨੂੰ ਦੱਸਿਆ ਗਿਆ ਕਿ ਜੇਕਰ ਕੋਈ ਵੀ ਦੁਰਘਟਨਾ ਹੁੰਦੀ ਹੈ ਤਾਂ ਦੋਸ਼ੀ ਬੱਚੇ ਦੇ ਮਾਤਾ ਪਿਤਾ ਨੂੰ ਸਜ਼ਾ ਹੋਵੇਗੀ ਤੇ ਬੱਚੇ ਨੂੰ ਸੱਤ ਸਾਲ ਲਈ ਕੋਈ ਵੀ ਸਰਕਾਰੀ ਨੌਕਰੀ ਨਹੀਂ ਮਿਲੇਗੀ। ਇਸ ਲਈ ਬੱਚਿਆਂ ਨੂੰ ਦੋ ਪਹੀਆ ਵਾਹਨ ਨਾ ਚਲਾਉਣ ਲਈ ਕਿਹਾ ਗਿਆ। ਸਕੂਲ ਦੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਵਿਮੀ ਠਾਕੁਰ ਨੇ ਵੀ ਬੱਚਿਆਂ ਨੂੰ ਪ੍ਰੇਰਣਾ ਦਿੱਤੀ ਕਿ ਉਹ ਟ੍ਰੈਫਿਕ ਨਿਯਮਾਂ ਦਾ ਪਾਲਣ ਕਰਨ ਤੇ ਇੱਕ ਚੰਗੇ ਨਾਗਰਿਕ ਬਣਨ ਤਾਂ ਜੁ ਬਾਕੀਆਂ ਲਈ ਮਿਸਾਲ ਕਾਇਮ ਹੋ ਸਕੇ।

# ਹੱਕੀ ਮੰਗਾਂ ਨੂੰ ਲੈ ਕੇ ਸਾਂਝਾ ਫਰੰਟ ਨੇ ਫੂਕੀ ਪੰਜਾਬ ਸਰਕਾਰ ਦੀ ਅਰਥੀ

### 3, 7, 9 ਤੇ 10 ਨਵੰਬਰ ਨੂੰ ਚੱਬੇਵਾਲ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਬਰਨਾਲਾ ਹਲਕਿਆਂ 'ਚ ਵਿਸ਼ਾਲ ਮਾਰਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਵੱਲੋਂ ਲਗਾਤਾਰ ਪਿਛਲੇ ਢਾਈ ਸਾਲ ਤੋਂ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਭਖਦੀਆਂ ਮੰਗਾਂ, ਮਹਿੰਗਾਈ ਵਧਣ ਕਰਕੇ ਮਹਿੰਗਾਈ ਭੱਤੇ ਦੀਆਂ ਚਾਰ ਕਿਸ਼ਤਾਂ, ਪੇ ਕਮਿਸ਼ਨ ਦੇ ਸਾਢੇ ਪੰਜ ਸਾਲ ਦੇ ਬਕਾਏ, ਮਹਿੰਗਾਈ ਭੱਤੇ ਦੇ 240 ਮਹੀਨਿਆਂ ਦੇ ਬਕਾਏ, ਪੈਨਸ਼ਨਰਾਂ ਲਈ 2.59 ਗੁਣਾਂਕ ਤੇ ਨੋਸ਼ਨਲ ਆਧਾਰ ਤੇ ਪੈਨਸ਼ਨਾਂ ਸੋਧਣੀਆਂ, ਕੱਚੇ/ਠੇਕੇ ਤੇ ਕੰਮ ਕਰਦੇ ਮੁਲਾਜ਼ਮ ਪੱਕੇ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨੀ, ਮੁਲਾਜ਼ਮਾਂ ਦੇ ਕੱਟੇ 37 ਭੱਤੇ ਬਹਾਲ ਕਰਨ ਨੂੰ ਲਗਾਤਾਰ ਟਾਲ ਮਟੋਲ ਦੀ ਨੀਤੀ ਤਹਿਤ ਖੱਜਲ ਖੁਆਰ ਕਰ ਰਹੀ ਹੈ, ਜਿਸ ਕਰਕੇ 20 ਅਕਤੂਬਰ ਨੂੰ ਸਾਂਝਾ ਫਰੰਟ ਨੇ ਸੂਬਾ ਪੱਧਰੀ ਮੀਟਿੰਗ ਕਰਕੇ ਪੰਜਾਬ ਸਰਕਾਰ ਖਿਲਾਫ਼ ਸੰਘਰਸ਼ ਦਾ ਝੰਡਾ ਬੁਲੰਦ ਕਰਦਿਆਂ ਸਾਰੇ ਜ਼ਿਲ੍ਹਾ ਹੈੱਡ ਕੁਆਰਟਰਾਂ ਤੇ ਪੰਜਾਬ ਦੀ ਮਾਨ ਸਰਕਾਰ ਦੀਆਂ ਅਰਥੀਆਂ ਫੂਕਣ ਦਾ ਫੈਸਲਾ ਕੀਤਾ। ਅੱਜ ਮੋਗਾ ਦੇ ਮੇਨ ਚੌਕ ਵਿੱਚ ਅਰਥੀ ਫੂਕਣ ਲਈ ਸ਼ਹੀਦ ਨਛੱਤਰ ਸਿੰਘ ਭਵਨ ਮੋਗਾ ਵਿਖੇ ਇਕੱਤਰ ਹੋਣ ਉਪਰੰਤ ਮੋਗਾ ਜ਼ਿਲ੍ਹੇ ਦੇ ਮੁਲਾਜ਼ਮਾਂ ਪੈਨਸ਼ਨਰਾਂ ਨੇ ਮੇਨ ਚੌਕ ਤੱਕ ਬੁਲੰਦ ਨਾਹਰਿਆਂ ਦੀ ਗੂੰਜ ਵਿੱਚ ਮਾਰਚ ਕੀਤਾ ਤੇ ਪੰਜਾਬ ਸਰਕਾਰ ਦੀ ਅਰਥੀ ਨੂੰ ਲਾਂਬੂ ਲਾ ਕੇ ਆਪਣੀ ਆਵਾਜ਼ ਬੁਲੰਦ ਕੀਤੀ। ਸਾਂਝਾ ਫਰੰਟ ਮੋਗਾ ਦੇ ਆਗੂਆਂ ਭਜਨ ਸਿੰਘ ਗਿੱਲ, ਸੁਖਮੰਦਰ ਸਿੰਘ, ਜਗਦੀਸ਼ ਸਿੰਘ ਚਾਹਲ, ਭੁਪਿੰਦਰ ਸਿੰਘ ਸੇਖੋਂ, ਬਲੌਰ ਸਿੰਘ ਘਾਲੀ, ਜਾਗੀਰ ਸਿੰਘ ਖੋਖਰ, ਬੰਤ ਸਿੰਘ ਬੱਧਨੀ ਕਲਾਂ, ਗੁਰਮੇਲ ਸਿੰਘ ਨਾਹਰ, ਅਮਰੀਕ ਸਿੰਘ ਮਸੀਤਾਂ, ਕੁਲਬੀਰ ਸਿੰਘ ਢਿੱਲੋਂ, ਸੁਖਦੇਵ ਸਿੰਘ ਖੋਸਾ, ਰਛਪਾਲ ਸਿੰਘ, ਅਮਰ ਦੀਪ ਸਿੰਘ, ਰਾਜਿੰਦਰ ਸਿੰਘ ਰਿਆੜ, ਸਰਬਜੀਤ ਸਿੰਘ ਦੌਧਰ, ਚਮਕੌਰ ਸਿੰਘ ਸਰਾਂ, ਸੁਰਿੰਦਰ ਰਾਮ ਕੁੱਸਾ ਤੇ ਗਿਆਨ ਸਿੰਘ ਸੇਵਾ ਮੁਕਤ ਡੀ ਪੀ ਆਰ ਓ ਨੇ ਪੰਜਾਬ ਸਰਕਾਰ ਦੇ ਅੜੀਅਲ ਰਵਈਏ ਤੇ ਮੁਲਾਜ਼ਮਾਂ, ਪੈਨਸ਼ਨਰਾਂ ਦੀਆਂ ਮੰਗਾਂ ਦੀ ਅਣਦੇਖੀ ਕਰਨ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ 3 ਨਵੰਬਰ, 7 ਨਵੰਬਰ, 9 ਨਵੰਬਰ ਤੇ 10 ਨਵੰਬਰ ਨੂੰ ਚੱਬੇਵਾਲ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਬਰਨਾਲਾ ਵਿਧਾਨ ਸਭਾ ਹਲਕਿਆਂ ਵਿੱਚ ਕਾਲੇ ਝੰਡਿਆਂ ਨਾਲ ਵਿਸ਼ਾਲ ਮਾਰਚ ਕੀਤੇ ਜਾਣਗੇ ਅਤੇ ਲੋਕਾਂ ਨਾਲ ਚੋਣਾਂ ਜਿੱਤਣ ਲਈ ਕੀਤੇ ਝੂਠੇ ਵਾਅਦਿਆਂ ਦੀ ਪੋਲ ਖੋਲ੍ਹਦਾ ਕਾਲਾ ਚਿੱਠਾ ਲੋਕ ਕਚਹਿਰੀ ਵਿੱਚ ਰੱਖਿਆ ਜਾਵੇਗਾ ਤਾਂ ਕਿ 2022 ਦੀਆਂ ਆਮ ਚੋਣਾਂ ਵਿੱਚ ਕੀਤੀ ਗਲਤੀ ਨੂੰ ਵੋਟਰ ਦੁਹਰਾਉਣ ਤੋਂ ਬਚ ਸਕਣ। ਇਸ ਮੌਕੇ ਬਿੱਕਰ ਸਿੰਘ ਮਾੜੀਕੇ, ਚਮਕੌਰ ਸਿੰਘ ਸਰਾਂ, ਤੇਜਾ ਸਿੰਘ, ਗੁਰਨਾਮ ਸਿੰਘ, ਅਵਤਾਰ ਸਿੰਘ ਪੱਪੂ, ਦਲਜੀਤ ਸਿੰਘ ਭੁੱਲਰ, ਸਵਰਨ ਸਿੰਘ, ਸੁਖਮੰਦਰ ਸਿੰਘ ਗੱਜਣ ਵਾਲਾ, ਬਲਦੇਵ ਸਿੰਘ, ਸਤਿਅਮ ਪ੍ਰਕਾਸ਼, ਜਗਜੀਤ ਸਿੰਘ ਰਖਰਾ, ਪ੍ਰਿੰ: ਜਗਜੀਤ ਸਿੰਘ, ਪ੍ਰੀਤਮ ਸਿੰਘ ਮਹਿਣਾ, ਸੁਲੇਮਾਨ, ਪਰਮਜੀਤ ਸਿੰਘ, ਮਲਕੀਤ ਸਿੰਘ, ਸੋਮ ਨਾਥ ਸੱਤ ਪਾਲ ਸਹਿਗਲ, ਜਸਪਾਲ ਸਿੰਘ ਘੋਲੀਆ ਜੋਰਾ ਵਰ ਸਿੰਘ ਬੱਧਨੀ ਕਲਾਂ, ਗੁਰਨੈਬ ਸਿੰਘ, ਜੁਗਿੰਦਰ ਪਾਜ ਸਿੰਘ ਬੱਬੂ, ਰਾਜੂ ਸਿੰਘ ਜ਼ੋਰਾਵਰ ਸਿੰਘ, ਕੇਹਰ ਸਿੰਘ ਕਿਸ਼ਨ ਪੁਰਾ ਗੁਰਜੰਟ ਸਿੰਘ ਸੰਘਾ ਗੁਰਦੇਵ ਸਿੰਘ, ਜਗਜੀਤ ਸਿੰਘ ਰਖਰਾ, ਇੰਦਰ ਜੀਤ ਸਿੰਘ ਮੋਗਾ, ਪੋਹਲਾ ਸਿੰਘ ਬਰਾੜ, ਪਿਆਰਾ ਸਿੰਘ ਕੰੜਿਆਲ ਬਖ਼ਸ਼ੀਸ਼ ਸਿੰਘ, ਪ੍ਰਤਾਪ ਸਿੰਘ ਸੁਰਿੰਦਰ ਸਿੰਘ ਸਮੇਤ ਬਹੁਤ ਸਾਰੇ ਆਗੂ ਤੇ ਸਰਗਰਮ ਵਰਕਰ ਸ਼ਾਮਲ ਹੋਏ।

## ਮਾਲਵਿੰਦਰ ਮਾਲੀ ਦੀ ਬਿਨਾਂ ਸ਼ਰਤ ਰਿਹਾਈ ਲਈ ਰੋਸ ਪ੍ਰਦਰਸ਼ਨ




**ਸੰਗਰੂਰ (ਪ੍ਰਵੀਨ ਸਿੰਘ)**-ਕਿਸਾਨ, ਮਜ਼ਦੂਰ, ਬੁੱਧੀਜੀਵੀ ਜਨਤਕ ਜਮਹੂਰੀ ਸੰਗਠਨ ਤੇ ਰਾਜਨੀਤਕ ਪਾਰਟੀਆਂ ਵੱਲੋਂ ਮਾਲਵਿੰਦਰ ਸਿੰਘ ਮਾਲੀ ਦੀ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਕੀਤੀ ਨਜਾਇਜ਼ ਗ੍ਰਿਫਤਾਰੀ ਖਿਲਾਫ ਤੇ ਬਿਨਾਂ ਸ਼ਰਤ ਰਿਹਾਈ ਲਈ ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਤੋਂ ਡੀ ਸੀ ਦਫਤਰ ਸੰਗਰੂਰ ਤੱਕ ਰੋਸ ਪ੍ਰਦਰਸ਼ਨ ਕੀਤਾ ਗਿਆ।ਇਕੱਠ ਨੂੰ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਭੁਟਾਲ, ਤਰਕਸ਼ੀਲ ਸੁਸਾਇਟੀ ਦੇ ਮਾਸਟਰ ਪਰਮਦੇਵ, ਆਈ ਡੀ ਪੀ ਦੇ ਕੌਮੀ ਪ੍ਰਧਾਨ ਕਰਨੈਲ ਸਿੰਘ ਜਖੇਪਲ ਤੇ ਸੂਬਾ ਆਗੂ ਫਲਜੀਤ ਸਿੰਘ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸ਼ਰਮਾ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਆਗੂ ਬਲਬੀਰ ਸਿੰਘ ਜਲੂਰ, ਬੀ ਕੇ ਯੂ ਰਾਜੇਵਾਲ ਦੇ ਜ਼ਿਲ੍ਹਾ ਆਗੂ ਮਾਸਟਰ ਗਿਆਨ ਚੰਦ ਨਦਾਮਪੁਰ ਨੇ ਕਿਹਾ ਕਿ ਸਿਆਸੀ ਅਲੋਚਕ ਤੇ ਟਿੱਪਣੀਕਾਰ ਵਜੋਂ ਜਾਣੇ ਜਾਂਦੇ ਮਾਲਵਿੰਦਰ ਸਿੰਘ ਮਾਲੀ ਨੂੰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਝੂਠੇ ਕੇਸ ਵਿੱਚ 16 ਸਤੰਬਰ 2024 ਨੂੰ ਪਟਿਆਲਾ ਤੋਂ ਗ੍ਰਿਫਤਾਰ ਕਰ ਲਿਆ ਸੀ, ਉਦੋਂ ਤੋਂ ਹੀ ਉਹ ਕੇਂਦਰੀ ਜੇਲ੍ਹ ਪਟਿਆਲਾ 'ਚ ਬੰਦ ਹਨ।ਉਨ੍ਹਾਂ ਕਿਹਾ ਕਿ ਮਾਲੀ ਦੀ ਗ੍ਰਿਫਤਾਰੀ ਸੰਵਿਧਾਨ ਦੇ ਆਰਟੀਕਲ 19 ਦੀ ਉਲੰਘਣਾ ਹੈ, ਜੋ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਲਈ ਹੈ।ਆਗੂਆਂ ਨੇ ਭਗਵੰਤ ਮਾਨ ਸਰਕਾਰ ਨੂੰ ਵੀ ਨਰਿੰਦਰ ਮੋਦੀ ਸਰਕਾਰ ਦੇ ਤਾਨਾਸ਼ਾਹ ਕਦਮਾਂ 'ਤੇ ਚੱਲਣ ਵਾਲੀ ਕਰਾਰ ਦਿੱਤਾ।ਰੋਸ ਪ੍ਰਦਰਸ਼ਨ ਅੰਦਰ ਹੋਰਨਾਂ ਤੋਂ ਇਲਾਵਾ ਜਸਬੀਰ ਕੌਰ ਉਗਰਾਹਾਂ, ਨਿਰਮਲ ਸਿੰਘ ਬਟੜਿਆਣਾ, ਲਛਮਣ ਸਿੰਘ ਅਲੀਸ਼ੇਰ, ਗੁਰਮੇਲ ਸਿੰਘ ਖਾਈ, ਪੱਤਰਕਾਰ ਮੇਜਰ ਸਿੰਘ ਮੱਟਰਾਂ, ਗੁਰਮੀਤ ਸਿੰਘ ਜੌਹਲ, ਜੁਝਾਰ ਸਿੰਘ ਲੌਂਗੋਵਾਲ, ਭਾਨ ਸਿੰਘ ਜੱਸੀ ਪੇਧਨੀ, ਰਾਮ ਲਾਲ ਸੰਗਰੂਰ, ਜੋਰਾ ਸਿੰਘ ਮਾਝੀ, ਸੀਤਾ ਰਾਮ ਬਾਲਦ ਕਲਾਂ, ਮੇਲਾ ਸਿੰਘ ਪੁੰਨਾਂਵਾਲ, ਰਣਜੀਤ ਸਿੰਘ ਰਾਣਵਾਂ, ਬਲਵੀਰ ਸਿੰਘ ਉੱਪਲੀ ਤੇ ਡਾਕਟਰ ਸ਼ਮਿੰਦਰ ਸਿੰਘ ਆਦਿ ਨੇ ਵੀ ਸ਼ਮੂਲੀਅਤ ਕੀਤੀ।

**ਮਾਮਲਾ ਬੈਂਕ ਮੈਨੇਜਰ ਦੇ ਕਤਲ ਦਾ**

# 10 ਦਿਨਾਂ ਬਾਅਦ ਵੀ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਾ ਹੋਣ 'ਤੇ ਰੋਸ

### ਪੀੜਤ ਪਰਵਾਰ ਵੱਲੋਂ 2 ਤੋਂ ਅਣਮਿੱਥੇ ਸਮੇਂ ਦੇ ਧਰਨੇ ਦਾ ਐਲਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਨੌਜੁਆਨ ਬੈਂਕ ਮੈਨੇਜਰ ਨੂੰ ਨਹਿਰ ਵਿੱਚ ਸੁੱਟ ਕੇ ਕਤਲ ਕਰਨ ਦੇ ਮਾਮਲੇ ਵਿੱਚ ਦਰਜ ਐੱਫ ਆਈ ਆਰ ਵਿੱਚ ਸ਼ਾਮਲ ਪੰਜ ਡਾਕਟਰਾਂ ਸਣੇ ਅੱਠ ਜਣਿਆਂ ਵਿੱਚੋਂ ਕਿਸੇ ਵੀ ਮੁਲਜ਼ਮ ਨੂੰ ਦਸ ਦਿਨਾਂ ਬਾਅਦ ਵੀ ਗ੍ਰਿਫਤਾਰ ਨਾ ਕਰਨ 'ਤੇ ਰੋਸ ਜ਼ਾਹਰ ਕਰਦਿਆਂ ਪੀੜਤ ਪਰਵਾਰ ਨੇ ਪੁਲਸ ਨੂੰ ਕਟਹਿਰੇ ਵਿੱਚ ਖੜ੍ਹੇ ਕਰਦਿਆਂ ਦੋ ਨਵੰਬਰ ਤੋਂ ਅਣਮਿੱਥੇ ਸਮੇਂ ਦਾ ਧਰਨਾ ਲਾਉਣ ਦਾ ਐਲਾਨ ਕੀਤਾ ਹੈ।ਇਥੇ ਇਕ ਨਿੱਜੀ ਹੋਟਲ 'ਚ ਗੱਲਬਾਤ ਕਰਦਿਆਂ ਮ੍ਰਿਤਕ ਸਿਮਰਨਦੀਪ ਬਰਾੜ ਦੇ ਪਿਤਾ ਦਰਸ਼ਨ ਸਿੰਘ ਬਰਾੜ, ਭਰਾ ਸੀਨੀਅਰ ਐਕਸੀਅਨ ਪਾਵਰਕਾਮ ਸਨੇਹਦੀਪ ਸਿੰਘ, ਆਮ ਆਦਮੀ ਪਾਰਟੀ ਦੇ ਸੂਬਾ ਸੰਯੁਕਤ ਸਕੱਤਰ ਤੇ ਜ਼ਿਲ੍ਹਾ ਈਵੈਂਟ ਇੰਚਾਰਜ ਵਰਿੰਦਰ ਢੋਸੀਵਾਲ, ਡਾ. ਪਰਮਜੀਤ ਸਿੰਘ ਢੀਂਗਰਾ, ਰੁਪਿੰਦਰ ਸਿੰਘ ਡੋਹਕ ਜ਼ਿਲ੍ਹਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਸ਼ਿਵਰਾਜ ਸਿੰਘ ਭੰਗਚੜੀ ਜ਼ਿਲ੍ਹਾ ਪ੍ਰਧਾਨ ਬੀਕੇਯੂ, ਅਮਨਦੀਪ ਸਿੰਘ ਹਰੀਕੇ ਜ਼ਿਲ੍ਹਾ ਖ਼ਜ਼ਾਨਚੀ ਬੀਕੇਯੂ ਡਕੌਂਦਾ, ਗੋਬਿੰਦ ਸਿੰਘ ਕੋਟਲੀ ਜ਼ਿਲ੍ਹਾ ਪ੍ਰਧਾਨ ਬੀਕੇਯੂ ਰਾਜੇਵਾਲ, ਹਰਪ੍ਰੀਤ ਸਿੰਘ ਜ਼ਿਲ੍ਹਾ ਪ੍ਰਧਾਨ ਬੀਕੇਯੂ ਮਾਲਵਾ, ਹਰਪ੍ਰੀਤ ਸਿੰਘ ਝਬੇਲਵਾਲੀ ਕਿਰਤੀ ਕਿਸਾਨ ਯੂਨੀਅਨ, ਨਿਰਮਲ ਸਿੰਘ ਸੰਗੂਧੋਣ, ਬਲਦੇਵ ਸਿੰਘ ਹਰੀਕੇ, ਚੌਧਰੀ ਪਾਲ ਸਿੰਘ, ਜਸਕਰਨ ਸਿੰਘ ਬੁੜਾ ਗੁੱਜਰ ਸਣੇ ਹੋਰ ਆਗੂਆਂ ਨੇ ਕਿਹਾ ਕਿ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਹੋਣ ਤੋਂ ਬਾਅਦ ਪੁਲਸ ਵੱਲੋਂ ਕਿਸੇ ਮੁਲਜ਼ਮ ਨੂੰ ਗ੍ਰਿਫ਼ਤਾਰ ਨਾ ਕਰਨ, ਸਪੈਸ਼ਲ ਇਨਵੈਸਟੀਗੇਸ਼ਨ ਟੀਮ ਵਿੱਚ ਸ਼ਾਮਲ ਇੱਕ ਡੀ. ਐੱਸ. ਪੀ. ਦੀ ਥਾਂ ਹੋਰ ਅਧਿਕਾਰੀ ਸ਼ਾਮਲ ਨਾ ਕਰਨ ਅਤੇ ਮੁਦਈ ਵੱਲੋਂ ਦਿੱਤੇ ਹੋਰ ਮੁਲਜ਼ਮਾਂ ਨੂੰ ਐੱਫ ਆਈ ਆਰ ਵਿੱਚ ਸ਼ਾਮਲ ਨਾ ਕਰਨ 'ਤੇ ਪੀੜਤ ਪਰਵਾਰ ਤੇ ਸ਼ਹਿਰ ਵਾਸੀਆਂ 'ਚ ਭਾਰੀ ਰੋਸ ਹੈ।ਉਨ੍ਹਾਂ ਕਿਹਾ ਕਿ ਇਹ ਬਹੁਤ ਘਿਨੌਣਾ ਕਤਲ ਕਾਂਡ ਹੈ।ਮੁਕੱਦਮਾ ਦਰਜ ਹੋਣ ਦੇ 10 ਦਿਨ ਬਾਅਦ ਵੀ ਕਿਸੇ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ, ਜਦੋਂ ਕਿ ਦੋਸ਼ੀ ਸਬੂਤ ਖਤਮ ਕਰਨ ਤੋਂ ਲੈ ਕੇ ਪੀੜਤ ਪਰਵਾਰ ਤੇ ਹਿਤੈਸ਼ੀਆਂ ਨੂੰ ਕਥਿਤ ਤੌਰ 'ਤੇ ਧਮਕੀਆਂ ਦੇ ਕੇ ਚੁੱਪ ਕਰਵਾ ਰਹੇ ਹਨ।ਉਨ੍ਹਾਂ ਕਿਹਾ ਕਿ ਪੀੜਤ ਪਰਵਾਰ ਵੱਲੋਂ ਮੁਕੱਦਮਾ ਦਰਜ ਹੋਣ ਤੋਂ ਬਾਅਦ ਕੁੱਝ ਹੋਰ ਮੁਲਜ਼ਮਾਂ ਦੇ ਵੇਰਵੇ ਪੁਲਸ ਨੂੰ ਦਿੱਤੇ ਸਨ, ਪਰ ਉਹ ਅਜੇ ਤੱਕ ਮੁਕੱਦਮੇ ਵਿੱਚ ਸ਼ਾਮਲ ਨਹੀਂ ਕੀਤੇ ਗਏ। ਇਸ ਤੋਂ ਬਿਨਾਂ ਸਿੱਟ ਵਿੱਚ ਸ਼ਾਮਲ ਡੀ ਐੱਸ ਪੀ ਸਤਨਾਮ ਸਿੰਘ ਵਿਰਕ ਦੀ ਥਾਂ ਹੋਰ ਅਧਿਕਾਰੀ ਨੂੰ ਸ਼ਾਮਲ ਕਰਨ ਦੀ ਮੰਗ ਵੀ ਨਹੀਂ ਮੰਨੀ।ਉਨ੍ਹਾਂ ਰੋਸ ਜ਼ਾਹਰ ਕੀਤਾ ਕਿ ਵਾਰ-ਵਾਰ ਸਮਾਂ ਲੈਣ ਦੇ ਬਾਵਜੂਦ ਐੱਸ ਐੱਸ ਪੀ ਅਜੇ ਤੱਕ ਪੀੜਤ ਪਰਵਾਰ ਨੂੰ ਨਹੀਂ ਮਿਲਿਆ, ਜਿਸ ਕਰਕੇ ਉਨ੍ਹਾਂ ਦੀ ਇਨਸਾਫ ਦੀ ਉਮੀਦ ਘੱਟਦੀ ਜਾਂਦੀ ਹੈ।ਦੱਸਣਯੋਗ ਹੈ ਕਿ ਮ੍ਰਿਤਕ ਆਪਣੇ ਪਿੱਛੇ ਮਾਪੇ, ਪਤਨੀ ਤੇ ਦੋ ਮਾਸੂਮ ਬੱਚੇ ਛੱਡ ਗਿਆ ਹੈ।ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਪੁਲਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਤੇ ਉਨ੍ਹਾਂ ਦੀਆਂ ਹੋਰ ਮੰਗਾਂ ਨਾ ਮੰਨੀਆਂ ਤਾਂ ਉਹ ਸ਼ਹਿਰ ਵਾਸੀਆਂ ਤੇ ਜਥੇਬੰਦੀਆਂ ਦੇ ਸਹਿਯੋਗ ਨਾਲ 2 ਨਵੰਬਰ ਨੂੰ ਐੱਸ ਐੱਸ ਪੀ ਦਫਤਰ ਮੂਹਰੇ ਅਣਮਿੱਥੇ ਸਮੇਂ ਦਾ ਧਰਨਾ ਸ਼ੁਰੂ ਕਰਨਗੇ।ਇਸ ਮੌਕੇ ਵੱਡੀ ਗਿਣਤੀ 'ਚ ਸ਼ਹਿਰ ਵਾਸੀ ਮੌਜੂਦ ਸਨ।

## ਉਡਾਨ ਫਾਊਂਡੇਸ਼ਨ ਨੇ ਬਿੰਬੜ 'ਚ ਲਗਾਇਆ ਖ਼ੂਨਦਾਨ ਕੈਂਪ

### ਖ਼ੂਨ ਦਾਨ ਕਰਨ ਨਾਲ ਕੋਈ ਕਮਜ਼ੋਰੀ ਨਹੀਂ ਆਉਂਦੀ : ਵਿਕਾਸ ਮਿੱਤਲ



**ਨਾਭਾ (ਵਰਿੰਦਰ ਵਰਮਾ)**-ਉਡਾਨ ਫਾਉਂਡੇਸ਼ਨ ਵੱਲੋਂ ਪਿੰਡ ਬਿੰਬੜ ਵਿਖੇ ਸਰਪੰਚ ਗੁਰਪ੍ਰੀਤ ਸਿੰਘ ਤੇ ਗ੍ਰਾਮ ਪੰਚਾਇਤ ਵੱਲੋਂ ਸਟੇਟ ਐਵਾਰਡੀ ਮਾਨਵ ਸੇਵਾ ਉੱਤਮ ਸੇਵਾ ਨਾਭਾ ਤੇ ਐੱਚ ਡੀ ਐੱਫ ਸੀ ਬੈਂਕ ਨਾਭਾ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ।ਇਸ ਮੌਕੇ ਸਿਵਲ ਹਸਪਤਾਲ ਨਾਭਾ ਦੇ ਡਾਕਟਰ ਹੀਨਾ ਸਿੰਗਲਾ ਦੀ ਟੀਮ ਰਜਿੰਦਰ ਸਿੰਘ ਚੋਪੜਾ ਵੱਲੋਂ ਖ਼ੂਨਦਾਨੀਆਂ ਤੋਂ ਖ਼ੂਨ ਇਕੱਤਰ ਕੀਤਾ ਗਿਆ।ਇਸ ਮੌਕੇ ਮਾਨਵ ਸੇਵਾ ਉੱਤਮ ਸੇਵਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਕਿਹਾ ਕਿ ਖ਼ੂਨ ਦਾਨ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ, ਕਿਉਂਕਿ ਖ਼ੂਨਦਾਨ ਮਹਾਂਦਾਨ ਹੈ, ਜਿਸ ਨਾਲ ਕਈ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਨ ਨਾਲ ਕਿਸੇ ਵੀ ਤਰ੍ਹਾਂ ਦੀ ਕਮਜ਼ੋਰੀ ਨਹੀਂ ਆਉਂਦੀ, ਬਲਕਿ ਮਨ ਨੂੰ ਇੱਕ ਸੰਤੁਸ਼ਟੀ ਮਿਲਦੀ ਹੈ।ਵਿਕਾਸ ਮਿੱਤਲ ਨੇ ਆਖਿਆ ਕਿ 18 ਤੋਂ 65 ਸਾਲ ਤੱਕ ਦੇ ਹਰ ਸਿਹਤਮੰਦ ਵਿਅਕਤੀ ਨੂੰ ਖ਼ੂਨਦਾਨ ਨੂੰ ਆਪਣੇ ਜੀਵਨ ਦਾ ਅਨਿੱਖੜਵਾਂ ਹਿੱਸਾ ਬਣਾਉਣਾ ਚਾਹੀਦਾ ਹੈ ਤਾਂ ਜੋ ਖ਼ੂਨ ਦੀ ਘਾਟ ਸਦਕਾ ਹਸਪਤਾਲਾਂ ਵਿੱਚ ਦਾਖਲ ਮਰੀਜ਼ਾਂ ਦੀ ਬੁਝ ਰਹੀ ਜੀਵਨ ਜੋਤ ਨੂੰ ਜਗਮਗਾਏ ਰੱਖਣ ਵਿੱਚ ਮਦਦ ਮਿਲ ਸਕੇ।ਇਸ ਮੌਕੇ ਸਰਪੰਚ ਗੁਰਪ੍ਰੀਤ ਸਿੰਘ ਤੇ ਗ੍ਰਾਮ ਪੰਚਾਇਤ ਦੇ ਮੈਂਬਰ ਪ੍ਰਗਟ ਸਿੰਘ, ਗੁਰਮੁੱਖ ਸਿੰਘ, ਪਰਮਿੰਦਰ ਸਿੰਘ, ਅਮਰੀਕ ਸਿੰਘ, ਸਿਮਰਜੀਤ ਕੌਰ, ਜਸਵੀਰ ਕੌਰ, ਕਸ਼ਮੀਰ ਸਿੰਘ ਵੱਲੋਂ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਬਲਦੇਵ ਕੁਮਾਰ, ਐੱਚ ਡੀ ਐੱਫ ਸੀ ਬੈਂਕ ਤੋਂ ਚੇਤਨ ਸ਼ਰਮਾ, ਹਰਵਿੰਦਰ ਸਿੰਘ, ਚਿਪਸੀ ਅਰੋੜਾ ਤੇ ਸਿਵਲ ਹਸਪਤਾਲ ਨਾਭਾ ਦੀ ਟੀਮ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ...ਸ.ਫ਼ਾ 1 ਦੇ ਬਾਕੀ

### ਬਾਦਲਕਿਆਂ ਦੀ ਸ਼੍ਰੋਮਣੀ...

ਮਰ ਚੁੱਕੀਆਂ ਤੇ ਗੁਰੂ ਜ਼ਰੂਰ ਵੇਖ ਰਿਹਾ ਹੈ। ਇਨ੍ਹਾਂ ਮੈਂਬਰਾਂ ਤੋਂ ਕੋਈ ਆਸ ਬਾਕੀ ਨਹੀਂ ਬਚੀ ਤੇ ਭਵਿੱਖ ਵਿੱਚ ਜਨਰਲ ਚੋਣਾਂ ਤੋਂ ਬਾਅਦ ਹੀ ਕੋਈ ਆਸ ਬੱਝ ਸਕਦੀ ਹੈ, ਜਦੋਂ ਗੁਰੂ ਪੰਥ ਤੇ ਗੁਰੂ ਗ੍ਰੰਥ ਨੂੰ ਸਮਰਪਤ ਮੈਂਬਰ ਚੁਣੇ ਜਾਣਗੇ। ਉਨ੍ਹਾ ਕਿਹਾ ਕਿ ਮੈਂਬਰਾਂ ਦੀ ਖਰੀਦੋ-ਫਰੋਖਤ ਵੱਡੇ ਪੱਧਰ 'ਤੇ ਹੋਈ ਹੈ ਤੇ ਬਾਦਲਕੇ ਇਸ ਕੰਮ ਵਿੱਚ ਵਿਸ਼ੇਸ਼ ਮੁਹਾਰਤ ਰੱਖਦੇ ਹਨ। ਬੀਬੀ ਜਗੀਰ ਕੌਰ ਦੇ ਐਤਵਾਰ ਰਾਤ ਖਾਣੇ 'ਤੇ ਇਕੱਠੇ ਹੋਏ ਮੈਂਬਰਾਂ ਦੀ ਗਿਣਤੀ ਚਾਲੀ ਸੀ, ਸੱਤ ਉਹਨਾਂ ਵਿੱਚੋਂ ਵੀ ਗਾਇਬ ਹੋ ਗਏ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰਾਂ ਵੱਲੋਂ ਸਰਾਵਾਂ 'ਚ ਠਹਿਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਲਾਲਚ ਦੇਣ ਅਤੇ ਧਮਕਾਉਣ ਦੇ ਯਤਨ ਕੀਤੇ ਗਏ ਪਰ ਇਹ ਯਤਨ ਫਿਰ ਵੀ ਕਾਮਯਾਬ ਨਾ ਹੋਏ, ਜਿਸ ਦਾ ਨਤੀਜਾ ਅੱਜ ਉਨ੍ਹਾ ਦੀ ਵੱਡੀ ਜਿੱਤ ਹੈ। ਉਨ੍ਹਾ ਕਿਹਾ ਕਿ ਉਹ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਉਨ੍ਹਾ 'ਤੇ ਵਿਸ਼ਵਾਸ ਪ੍ਰਗਟਾਇਆ ਹੈ ਅਤੇ ਉਨ੍ਹਾ ਨੂੰ ਚੌਥੀ ਵਾਰ ਬਹੁਮਤ ਦੇ ਕੇ ਪ੍ਰਧਾਨ ਚੁਣਿਆ ਹੈ। ਬੀਬੀ ਜਗੀਰ ਕੌਰ ਦੇ ਮੈਂਬਰਾਂ ਦੀ ਜ਼ਮੀਰ ਮਰਨ ਦੇ ਬਿਆਨ 'ਤੇ ਉਨ੍ਹਾ ਕਿਹਾ ਕਿ ਮੈਂਬਰਾਂ ਦੀ ਜ਼ਮੀਰ ਜਾਗਦੀ ਹੈ। ਮੈਂਬਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਤ ਹਨ। ਜਾਗਦੀ ਜ਼ਮੀਰ ਵਾਲਿਆਂ ਨੇ ਉਨ੍ਹਾ ਨੂੰ ਵੋਟ ਦੇ ਕੇ ਮੁੜ ਵੱਡੀ ਜਿੱਤ ਦਿੱਤੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਬੀਬੀ ਜਗੀਰ ਕੌਰ ਨੇ ਜੋ ਮੈਂਬਰਾਂ ਦੀ ਜ਼ਮੀਰ ਮਰ ਚੁੱਕੇ ਹੋਣ ਦਾ ਬਿਆਨ ਦਿੱਤਾ ਹੈ, ਉਨ੍ਹਾ ਨੂੰ ਆਪਣੇ ਸ਼ਬਦ ਵਾਪਸ ਲੈਣੇ ਚਾਹੀਦੇ ਹਨ। ਉਨ੍ਹਾ ਕਿਹਾ ਕਿ ਮੈਂਬਰਾਂ ਦੀ ਜ਼ਮੀਰ ਅੱਜ ਵੀ ਜਾਗਦੀ ਹੈ, ਉਹ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਹਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਚੱਟਾਨ ਵਾਂਗ ਖੜ੍ਹੇ ਹਨ। ਸੁਖਬੀਰ ਸਿੰਘ ਬਾਦਲ ਦੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਚਲਦੇ ਮਾਮਲੇ ਸੰਬੰਧੀ ਉਨ੍ਹਾ ਕਿਹਾ-ਅਸੀਂ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਸਿੰਘ ਸਾਹਿਬਾਨ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਮਾਮਲੇ ਸੰਬੰਧੀ ਜਲਦ ਆਪਣਾ ਫੈਸਲਾ ਦੇਣ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਧਾਨ ਦੇ ਨਾਲ ਲੋਕਾਂ ਦੇ ਮਸਲਿਆਂ ਨੂੰ ਲੈ ਕੇ ਹੱਲ ਕਰਵਾਉਣ ਲਈ ਅਗਾਂਹ ਵਧੇ। ਡਾ. ਚੀਮਾ ਨੇ ਕਿਹਾ ਕਿ ਪਿਛਲੀ ਵਾਰ ਬੀਬੀ ਜਗੀਰ ਕੌਰ ਨੂੰ 42 ਵੋਟਾਂ ਹਾਸਲ ਹੋਈਆਂ ਸਨ ਜਦਕਿ ਹਰਜਿੰਦਰ ਸਿੰਘ ਧਾਮੀ ਨੂੰ 102 ਵੋਟਾਂ ਹਾਸਲ ਹੋਈਆਂ ਸਨ। ਇਸ ਵਾਰ ਬੀਬੀ ਦੀਆਂ ਵੋਟਾਂ ਘਟ ਕੇ 33 ਰਹਿ ਗਈਆਂ ਹਨ ਅਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀਆਂ ਵੋਟਾਂ 107 ਹੋ ਗਈਆਂ ਹਨ। ਇਸ ਨਤੀਜੇ ਤੋਂ ਬਾਅਦ ਬੀਬੀ ਜਗੀਰ ਕੌਰ ਨੂੰ ਇਹ ਸੋਚ ਲੈਣਾ ਚਾਹੀਦਾ ਹੈ ਕਿ ਵਿਰੋਧੀ ਬਣ ਕੇ ਸਰਕਾਰਾਂ ਦੇ ਹੱਥ ਠੋਕੇ ਨਹੀਂ ਬਣਨਾ ਚਾਹੀਦਾ।

ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਐਡਵੋਕੇਟ ਧਾਮੀ ਦੀ ਜਿੱਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਥ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਚੱਟਾਨ ਵਾਂਗ ਖੜ੍ਹਾ ਹੈ। ਉਨ੍ਹਾ ਕਿਹਾ ਕਿ ਬਹੁਤ ਸਾਰੇ ਇਲਜ਼ਾਮ ਸ਼੍ਰੋਮਣੀ ਅਕਾਲੀ ਦਲ 'ਤੇ ਲਗਾਏ ਗਏ ਜਦਕਿ ਉਹ ਇਲਜ਼ਾਮ ਹੀ ਰਹਿ ਗਏ। ਨਤੀਜਿਆਂ ਨੇ ਬੀਬੀ ਜਗੀਰ ਕੌਰ ਤੇ ਉਨ੍ਹਾ ਦੇ ਸਾਥੀਆਂ ਨੂੰ ਸੋਚਣ ਲਈ ਫਿਰ ਮਜਬੂਰ ਕਰ ਦਿੱਤਾ ਹੈ।

ਐਡਵੋਕੇਟ ਧਾਮੀ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਥ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਤਖਤਾਂ ਦੇ ਜਥੇਦਾਰਾਂ ਦੀਆਂ ਤਾਕਤਾਂ ਨੂੰ ਬਰੇਕਾਂ ਲਗਾਉਦਿਆਂ ਕਿਹਾ ਕਿ ਅਕਾਲ ਤਖਤ ਤੋਂ ਹੋਣ ਵਾਲੇ ਫੈਸਲਿਆਂ ਲਈ ਇੱਕ ਸਲਾਹਕਾਰ ਬੋਰਡ ਬਣਾਇਆ ਜਾਵੇਗਾ, ਜਿਸ ਨੂੰ ਬਣਾਉਣ ਦੇ ਅਧਿਕਾਰ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਗਏ ਹਨ। ਸਲਾਹਕਾਰ ਬੋਰਡ ਮਸਲਿਆਂ ਸੰਬੰਧੀ ਆਪਣੀ ਰਾਏ ਪੇਸ਼ ਕਰੇਗਾ ਅਤੇ ਅੰਤਮ ਫੈਸਲਾ ਸਿੰਘ ਸਾਹਿਬਾਨ ਦਾ ਹੋਵੇਗਾ। ਸਲਾਹਕਾਰ ਬੋਰਡ ਬਣਨ ਦੇ ਬਾਅਦ ਤਨਖਾਹੀਆ ਸੁਖਬੀਰ ਸਿੰਘ ਬਾਦਲ ਨੂੰ ਹੁਣ ਜਥੇਦਾਰ ਆਪਣੇ ਵਿਵੇਕ ਨਾਲ ਕੋਈ ਤਨਖਾਹ ਨਹੀਂ ਲਗਾ ਸਕਣਗੇ, ਜਦਕਿ ਸੰਗਤਾਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਸੁਖਬੀਰ ਸਿੰਘ ਬਾਦਲ ਨੇ ਉਹ ਬੱਜਰ ਗੁਨਾਹ ਕੀਤੇ ਹਨ, ਜਿਹੜੇ ਮੁਗਲ ਵੀ ਨਹੀਂ ਕਰ ਸਕੇ ਸਨ, ਇਸ ਲਈ ਉਸ ਨੂੰ ਸਿਆਸੀ ਤਨਖਾਹ ਲਗਾਈ ਜਾਵੇ। ਹੋ ਸਕਦਾ ਹੈ ਇਸ ਬੋਰਡ ਦਾ ਇਕ ਮੈਂਬਰ ਵਿਰਸਾ ਸਿੰਘ ਵਲਟੋਹਾ ਵੀ ਹੋਵੇ। ਬੋਰਡ ਬਣਾ ਕੇ ਹਾਊਸ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਬਾਹਰ ਦਾ ਰਸਤਾ ਵਿਖਾਏ ਜਾਣ ਦਾ ਰਾਹ ਪੱਧਰਾ ਕਰ ਦਿੱਤਾ ਹੈ ਤੇ ਭਵਿੱਖ ਵਿੱਚ ਕਿਸੇ ਦਲਿਤ ਨੂੰ ਜਥੇਦਾਰ ਲਗਾਉਣ ਦਾ ਰਾਹ ਹਾਲ ਦੀ ਘੜੀ ਬੰਦ ਕਰ ਦਿੱਤਾ ਗਿਆ ਹੈ।

ਜਨਰਲ ਹਾਊਸ ਦਾ ਕੋਰਮ ਸਿਰਫ 31 ਮੈਂਬਰਾਂ ਦਾ ਹੁੰਦਾ ਹੈ, ਜਦਕਿ ਅੰਤਰਿੰਗ ਕਮੇਟੀ ਦਾ ਕੋਰਮ ਸਿਰਫ ਪ੍ਰਧਾਨ ਸਮੇਤ ਪੰਜ ਮੈਂਬਰਾਂ ਦਾ ਹੁੰਦਾ ਹੈ। 1999 ਵਿੱਚ ਬਾਦਲ-ਟੌਹੜਾ ਦੀ ਲੜਾਈ ਸਮੇਂ ਜਦੋਂ ਭਾਈ ਰਣਜੀਤ ਸਿੰਘ ਨੂੰ ਜਥੇਦਾਰ ਅਕਾਲ ਤਖਤ ਦੇ ਅਹੁਦੇ ਤੋਂ ਫਾਰਗ ਕੀਤਾ ਸੀ ਤਾਂ ਉਸ ਸਮੇਂ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦਾ ਸਹਾਰਾ ਲੈਣਾ ਪਿਆ ਸੀ, ਜਦਕਿ ਪੰਥਕ ਰਵਾਇਤਾਂ ਅਨੁਸਾਰ ਕਿਸੇ ਵੀ ਅਦਾਲਤ ਜਾਂ ਕਮਿਸ਼ਨ ਦਾ ਫੈਸਲਾ ਜਥੇਦਾਰਾਂ 'ਤੇ ਲਾਗੂ ਨਹੀ ਹੁੰਦਾ, ਪਰ ਬਾਦਲ ਦਲ ਨੇ ਅਦਾਲਤ ਦਾ ਸਹਾਰਾ ਲੈ ਕੇ ਹੀ ਜਥੇਦਾਰ ਅਕਾਲ ਤਖਤ ਨੂੰ ਫਾਰਗ ਕੀਤਾ ਸੀ, ਜਿਸ ਦਾ ਪੰਥਕ ਸਫਾਂ ਵਿੱਚ ਕਾਫੀ ਰੋਸ ਪਾਇਆ ਗਿਆ ਸੀ। ਇਸ ਦੇ ਨਾਲ ਹੀ ਕੁਲਵੰਤ ਸਿੰਘ ਮੰਨਣ ਨੂੰ ਮੈਂਬਰ ਮੁੱਖ ਸਕੱਤਰ ਲਗਾਇਆ ਗਿਆ ਹੈ। ਮੰਨਣ ਦੂਸਰੇ ਮੈਂਬਰ ਮੁੱਖ ਸਕੱਤਰ ਹੋਣਗੇ, ਜਦਕਿ ਹਰਜਿੰਦਰ ਸਿੰਘ ਧਾਮੀ ਨੂੰ 2020 ਵਿੱਚ ਮੈਂਬਰ ਮੁੱਖ ਸਕੱਤਰ ਲਗਾਇਆ ਗਿਆ ਸੀ। ਗੁਰਦੁਆਰਾ

ਐਕਟ ਵਿੱਚ ਮੁੱਖ ਸਕੱਤਰ ਦਾ ਕੋਈ ਵੀ ਅਹੁਦਾ ਨਹੀਂ ਹੈ ਪਰ ਮੌਜੂਦਾ ਪ੍ਰਬੰਧਕਾਂ ਨੇ ਇਹ ਅਹੁਦਾ ਆਪ ਹੀ ਪੈਦਾ ਕੀਤਾ ਹੈ। ਧਾਮੀ ਮੁੱਖ ਸਕੱਤਰ ਤੋਂ ਬਾਅਦ ਪ੍ਰਧਾਨ ਬਣ ਗਏ ਸਨ। ਉਮੀਦ ਹੈ ਕਿ 2025 ਵਿੱਚ ਜੇ ਜਨਰਲ ਚੋਣਾਂ ਨਾ ਹੋਈਆਂ

### ਫਿਲਮ ਸੈਂਸਰ ਬੋਰਡ 'ਚ ...

ਮਤੇ ਵਿਚ ਫਿਲਮਾਂ, ਨਾਟਕਾਂ ਤੇ ਸੀਰੀਅਲਾਂ ਵਿੱਚ ਸਿੱਖਾਂ ਦੇ ਕਿਰਦਾਰ ਨੂੰ ਗਲਤ ਤਰੀਕੇ ਨਾਲ ਦਿਖਾਉਣ ਦੇ ਰੁਝਾਨ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ ਗਈ। ਇਸ ਦੇ ਨਾਲ ਹੀ ਕੰਗਣਾ ਰਣੌਤ ਦੀ ਫਿਲਮ ਐਮਰਜੈਂਸੀ 'ਤੇ ਵੀ ਸਰਕਾਰ ਨੂੰ ਰੋਕ ਲਗਾਉਣ ਲਈ ਕਿਹਾ ਗਿਆ। ਇਸ ਮਤੇ ਰਾਹੀਂ ਸਿੱਖਾਂ ਪ੍ਰਤੀ ਨਾਕਰਾਤਮਕ ਪ੍ਰਦਰਸ਼ਨ ਨੂੰ ਰੋਕਣ ਲਈ ਫਿਲਮ ਸੈਂਸਰ ਬੋਰਡ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨੁਮਾਇੰਦਾ ਪੱਕੇ ਤੌਰ 'ਤੇ ਸ਼ਾਮਲ ਕਰਨ ਦੀ ਵੀ ਮੰਗ ਕੀਤੀ ਗਈ। ਇਕ ਹੋਰ ਮਤਾ ਪਾਸ ਕਰਦਿਆਂ ਭਾਰਤ ਸਰਕਾਰ ਤੋਂ ਸਿੱਖ ਕੌਮ ਦੇ ਇਤਿਹਾਸਿਕ ਅਸਥਾਨਾਂ ਨਾਲ ਸੰਬੰਧਤ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਾਮਲਿਆਂ ਨੂੰ ਤੁਰੰਤ ਹੱਲ ਕਰਨ ਦੀ ਮੰਗ ਕੀਤੀ ਗਈ।

ਕਿਹਾ ਗਿਆ ਕਿ ਸਿੱਖ ਕੌਮ ਦੇ ਧਾਰਮਕ ਅਸਥਾਨਾਂ ਬਾਰੇ ਸਾਰਥਕ ਪਹੁੰਚ ਅਪਣਾ ਕੇ ਇਨ੍ਹਾਂ ਦੀ ਸੇਵਾ-ਸੰਭਾਲ ਸ਼੍ਰੋਮਣੀ ਕਮੇਟੀ ਨੂੰ ਸੌਂਪੀ ਜਾਵੇ। ਪੰਜਾਬ ਅੰਦਰ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ 'ਤੇ ਵੀ ਗਹਿਰੀ ਚਿੰਤਾ ਪ੍ਰਗਟਾਈ ਗਈ। ਮਤੇ ਵਿਚ ਸਰਕਾਰ ਨੂੰ ਕਿਹਾ ਗਿਆ ਕਿ ਨਸ਼ਿਆਂ ਦੀ ਰੋਕਥਾਮ ਲਈ ਢੁੱਕਵੇਂ ਕਦਮ ਚੁੱਕੇ ਜਾਣ। ਪੰਜਾਬ ਦੇ ਲੋਕਾਂ ਅਤੇ ਨੌਜਵਾਨਾਂ ਨੂੰ ਸੰਗਠਤ ਹੋ ਕੇ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਵੀ ਅਪੀਲ ਕੀਤੀ ਗਈ।

ਇਸ ਤੋਂ ਇਲਾਵਾ ਸਿੱਖਾਂ ਦੇ ਦੇਸ਼ ਲਈ ਯੋਗਦਾਨ ਨੂੰ ਮੱਦੇਨਜ਼ਰ ਰੱਖਦਿਆਂ ਸਿੱਖ ਕੌਮ ਦੀਆਂ ਤਕਨੀਕੀ ਤੇ ਮੈਡੀਕਲ ਸੰਸਥਾਵਾਂ ਦੀ ਘੱਟਗਿਣਤੀ ਵਾਲੀ ਮਾਨਤਾ ਪਹਿਲਾਂ ਦੀ ਤਰ੍ਹਾਂ ਜਿਉਂ ਦੀ ਤਿਉਂ ਬਰਕਰਾਰ ਰੱਖਣ ਦੀ ਮੰਗ ਸੰਬੰਧੀ ਵੀ ਇਕ ਮਤਾ ਪਾਸ ਕੀਤਾ ਗਿਆ। ਇਕ ਅਹਿਮ ਮਤਾ ਪਾਸ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੁੱਜਦੇ ਮਾਮਲਿਆਂ ਦੇ ਸਰਲੀਕਰਨ ਲਈ 11 ਮੈਂਬਰੀ ਸਲਾਹਕਾਰ ਬੋਰਡ ਬਣਾਉਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਕ ਹੋਰ ਮਤੇ ਰਾਹੀਂ ਬੀਤੇ ਸਮੇਂ ਅੰਦਰ ਕੈਨੇਡਾ ਵਿਚ ਸਿੱਖ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾਏ ਜਾਣ ਕਾਰਨ ਉਥੇ ਵੱਸਦੇ ਸਿੱਖਾਂ ਅੰਦਰ ਅਸੁਰੱਖਿਆ ਦੀ ਭਾਵਨਾ 'ਤੇ ਚਿੰਤਾ ਪ੍ਰਗਟ ਕਰਦਿਆਂ ਭਾਰਤ ਤੇ ਕੈਨੇਡਾ ਦੀ ਸਰਕਾਰ ਨੂੰ ਇਕ-ਦੂਜੇ ਦਾ ਸਹਿਯੋਗ ਕਰਕੇ ਸੱਚ ਸਾਹਮਣੇ ਲਿਆਉਣ ਤੇ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਯਤਨ ਕਰਨ ਲਈ ਆਖਿਆ ਗਿਆ।

### ਮਰਦਮਸ਼ੁਮਾਰੀ ਅਗਲੇ ...

ਮਹਾਮਾਰੀ ਕਾਰਨ 2021 'ਚ ਜਨਗਣਨਾ ਦਾ ਕੰਮ ਮੁਕੰਮਲ ਨਹੀਂ ਹੋ ਸਕਿਆ ਤੇ ਹਾਲੇ ਤੱਕ ਇਸ ਦੇ ਅਗਲੇ ਪ੍ਰੋਗਰਾਮ ਬਾਰੇ ਕੋਈ ਰਸਮੀ ਐਲਾਨ ਨਹੀਂ ਕੀਤਾ ਗਿਆ ਹੈ। ਇਸ ਵਾਰ ਜਨਗਣਨਾ ਦੇ ਚੱਕਰ 'ਚ ਵੀ ਬਦਲਾਅ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਲਈ ਇਹ ਚੱਕਰ 2025-2035 ਅਤੇ ਅਗਲਾ 2035-2045 ਅਤੇ ਭਵਿੱਖ 'ਚ ਇਸ ਤਰ੍ਹਾਂ ਦਸ-ਦਸ ਸਾਲਾਂ ਦਾ ਹੋਵੇਗਾ। ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਦੇ ਦਫਤਰ ਨੇ ਜਨਗਣਨਾ ਅਭਿਆਸ ਦੌਰਾਨ ਆਮ ਲੋਕਾਂ ਨੂੰ ਪੁੱਛੇ ਜਾਣ ਵਾਲੇ 31 ਸਵਾਲ ਤਿਆਰ ਕੀਤੇ ਸਨ।

# ਐਡਵੋਕੇਟ ਪੁਨੀਤ ਭੰਡਾਰੀ ਨੇ ਪਿਤਾ ਦੀ ਸਾਲਾਨਾ ਬਰਸੀ 'ਤੇ ਬਜ਼ੁਰਗਾਂ ਨੂੰ ਦੋ ਮਹੀਨੇ ਦੀ ਪੈਨਸ਼ਨ ਵੰਡੀ



**ਜਗਰਾਉਂ (ਅਮਿਤ ਖੰਨਾ)**

ਗੁਰੂ ਨਾਨਕ ਸਹਾਰਾ ਸੁਸਾਇਟੀ ਵੱਲੋਂ ਚੇਅਰਮੈਨ ਗੁਰਮੇਲ ਸਿੰਘ ਢਿੱਲੋਂ (ਯੂ.ਕੇ.) ਤੇ ਪ੍ਰਧਾਨ ਕੈਪਟਨ ਨਰੇਸ਼ ਵਰਮਾ ਦੀ ਯੋਗ ਅਗਵਾਈ ਹੇਠ 195ਵਾਂ ਸਵ: ਸੰਸਾਰ ਚੰਦ ਵਰਮਾ ਮੈਮੋਰੀਅਲ ਮਹੀਨਾਵਾਰ ਪੈਨਸ਼ਨ ਤੇ ਰਾਸ਼ਨ ਵੰਡ ਸਮਾਗਮ ਤਾਰਾ ਦੇਵੀ ਜਿੰਦਲ ਸਕੂਲ 'ਚ ਕਰਾਇਆ ਗਿਆ।

ਸਮਾਗਮ ਦੇ ਮੁੱਖ ਮਹਿਮਾਨ ਉੱਘੇ ਸਮਾਜ ਸੇਵੀ ਐਡਵੋਕੇਟ ਪੁਨੀਤ ਭੰਡਾਰੀ (ਚੰਡੀਗੜ੍ਹ) ਸਨ, ਜਿਨ੍ਹਾਂ ਨੇ ਅਪਣੇ ਪਿਤਾ ਸਵ: ਓ.ਪੀ ਭੰਡਾਰੀ (ਸੀਨੀਅਰ ਪੱਤਰਕਾਰ) ਦੀ ਸਾਲਾਨਾ ਬਰਸੀ ਨੂੰ 28 ਬਜ਼ੁਰਗਾਂ ਨੂੰ ਦੋ ਮਹੀਨੇ ਦੀ ਪੈਨਸ਼ਨ ਤੇ ਮਿਠਾਈ ਦੇ ਡੱਬੇ ਵੰਡ ਕੇ ਮਨਾਇਆ। ਪੁਨੀਤ ਭੰਡਾਰੀ ਨੇ ਸਾਰੇ ਬਜ਼ੁਰਗਾਂ ਤੇ ਮੈਂਬਰਾਂ ਲਈ ਚਾਹ-ਨਾਸ਼ਤਾ ਤੇ ਦੁਪਹਿਰ ਦੇ ਭੋਜਨ ਦਾ ਪ੍ਰਬੰਧ ਕੀਤਾ ਅਤੇ ਅਪਣੇ ਹੱਥੀ ਬਜ਼ੁਰਗਾਂ ਨੂੰ ਭੋਜਨ ਕਰਾਇਆ। ਉਨ੍ਹਾਂ ਦਿਵਾਲੀ ਦੇ ਤਿਉਹਾਰ ਨੂੰ ਦੇਖਦੇ ਆਪਣੇ ਵੱਲੋਂ ਡਬਲ ਪੈਨਸ਼ਨ ਵੰਡੀ। ਪੁਨੀਤ ਭੰਡਾਰੀ ਦੀਆਂ ਅੱਖਾਂ ਵਿੱਚ ਆਪਣੇ ਸਵ: ਪਿਤਾ ਓ.ਪੀ ਭੰਡਾਰੀ ਦੇ ਕੀਤੇ ਸਮਾਜਿਕ ਕੰਮਾਂ ਨੂੰ ਯਾਦ ਕਰਕੇ ਅੱਖਾਂ ਵਿੱਚ ਹੰਝੂ ਆ ਗਏ। ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਪੰਕਜ ਅਗਰਵਾਲ ਨੇ ਓ.ਪੀ ਭੰਡਾਰੀ ਦੀ ਯਾਦ ਵਿੱਚ 28 ਬਜ਼ੁਰਗਾਂ ਨੂੰ ਰਾਸ਼ਨ ਵੰਡਿਆ। 'ਕਰ ਭਲਾ ਹੋ ਭਲਾ ਸੁਸਾਇਟੀ' ਦੇ ਪ੍ਰਧਾਨ ਰਾਜਿੰਦਰ ਜੈਨ ਕਾਕਾ ਨੇ ਸਾਰੇ ਬਜ਼ੁਰਗਾਂ ਨੂੰ ਸਮੋਸੇ ਵੰਡੇ। ਐਡਵੋਕੇਟ ਪੁਨੀਤ ਭੰਡਾਰੀ ਨੇ ਕੈਪਟਨ ਨਰੇਸ਼ ਵਰਮਾ ਦੇ ਇਸ ਪੁੰਨ ਦੇ ਕੰਮ ਦੀ 194 ਮਹੀਨਿਆਂ ਤੋਂ ਚੱਲੀ ਆ ਰਹੀ ਸੇਵਾ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਵਾ ਐਡਵੋਕੇਟ ਪੁਨੀਤ ਭੰਡਾਰੀ, ਕੈਪਟਨ ਨਰੇਸ਼ ਵਰਮਾ, ਪ੍ਰਿੰਸੀਪਲ ਨਿਧੀ ਗੁਪਤਾ, ਪ੍ਰਸ਼ੋਤਮ ਲਾਲ ਖਲੀਫਾ, ਇਸ਼ਟ ਸਿੰਘ, ਡਾਕਟਰ ਪੰਕਜ ਅਗਰਵਾਲ, ਅਮਿਤ ਅਰੋੜਾ, ਰਾਜਿੰਦਰ ਜੈਨ ਕਾਕਾ, ਵਿਸ਼ਾਲ ਸ਼ਰਮਾ, ਡਾਕਟਰ ਬੀ.ਬੀ. ਸਿੰਗਲਾ, ਡਾਕਟਰ ਰਾਕੇਸ਼ ਭਾਰਦਵਾਜ, ਰਾਮ ਕਿਸ਼ਨ ਗੁਪਤਾ, ਜਗਦੇਵ ਆਰੀਆ, ਜਗਮੋਹਨ ਮਿੱਤਲ, ਨਵੀਨ ਬੇਰੀ, ਮੱਖਣ ਪਹਿਲਵਾਨ, ਸੁਰਿੰਦਰ ਖੰਨਾ, ਐਡਵੋਕੇਟ ਵਿਵੇਕ ਭਾਰਦਵਾਜ, ਪ੍ਰਦੀਪ ਸ਼ਰਮਾ, ਐਡਵੋਕੇਟ ਬਲਦੇਵ ਗੋਇਲ, ਕੇਵਲ ਮਲਹੋਤਰਾ, ਹਰੀ ਰਤਨ ਬੱਬੂ, ਈਸ਼ਵਰ, ਮੋਹਿਤ ਜੈਨ ਤੇ ਸਮੂਹ ਸਟਾਫ ਹਾਜ਼ਰ ਸੀ। ਮੰਚ ਸੰਚਾਲਣ ਕੈਪਟਨ ਨਰੇਸ਼ ਵਰਮਾ ਨੇ ਬਾਖੂਬੀ ਕੀਤਾ।

# ਚੇਅਰਮੈਨ ਹਡਾਣਾ ਦਾ ਵਧੀ ਤਨਖਾਹ ਲਈ ਆਜ਼ਾਦ ਯੂਨੀਅਨ ਨੇ ਕੀਤਾ ਵਿਸ਼ੇਸ਼ ਧੰਨਵਾਦ

### ਦੀਵਾਲੀ ਮੌਕੇ ਅਜਿਹੇ ਉਪਹਾਰ ਨਾਲ ਮੁਲਾਜ਼ਮਾਂ ਦਾ ਹੌਸਲਾ ਵਧਿਆ : ਮਨਜਿੰਦਰ ਬੱਬੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਬੀਤੇ ਦਿਨੀਂ ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀਆਰਟੀਸੀ ਦੀ ਪ੍ਰਧਾਨਗੀ ਹੇਠ ਹੋਈ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿੱਚ ਅਹਿਮ ਫੈਸਲਿਆ 'ਤੇ ਮੋਹਰ ਲਗਾਈ ਗਈ ਸੀ, ਜਿਸ ਵਿੱਚ ਕੰਟਰੈਕਟ ਮੁਲਾਜ਼ਮਾਂ ਦੀ ਖਾਸ ਮੰਗ ਕੱਚੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚਲੀ ਅਸਮਾਨਤਾ ਨੂੰ ਦੂਰ ਕਰਨਾ ਸੀ, ਜਿਸ 'ਤੇ ਪੀ ਆਰ ਟੀ ਸੀ ਦੇ ਬੋਰਡ ਆਫ ਡਾਇਰੈਕਟਰ ਦੀ ਮੀਟਿੰਗ ਵਿੱਚ ਮੋਹਰ ਲਗਾਉਣ ਕੰਟਰੈਕਟ ਮੁਲਾਜ਼ਮਾਂ ਨੇ ਚੇਅਰਮੈਨ ਹਡਾਣਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਤੇ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਪੀ ਆਰ ਟੀ ਸੀ ਅਜ਼ਾਦ ਯੂਨੀਅਨ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਬੱਬੂ ਨੇ ਕਿਹਾ ਕਿ ਪੀਆਰਟੀਸੀ ਮਹਿਕਮੇ ਵੱਲੋਂ ਦੀਵਾਲੀ ਦੇ ਇਸ ਤੋਹਫੇ ਨਾਲ ਨਾਲ ਮੁਲਾਜ਼ਮਾਂ ਦਾ ਹੌਸਲਾ ਦੁੱਗਣਾ ਹੋ ਗਿਆ ਹੈ।ਲੰਮੇ ਸਮੇਂ ਤੋਂ ਮਹਿਕਮੇ ਦੇ ਅਧਿਕਾਰੀਆਂ ਕੋਲ ਰੱਖੀ ਗਈ ਮੰਗ 'ਤੇ ਚੇਅਰਮੈਨ ਹਡਾਣਾ ਨੇ ਗੌਰ ਕਰਨ ਮਗਰੋਂ ਬਾਡੀ ਦੀ ਮੀਟਿੰਗ ਵਿੱਚ ਪਾਸ ਕੀਤਾ, ਜਿਸ ਕਾਰਨ ਅੱਜ ਸੈਂਕੜੇ ਮੁਲਾਜ਼ਮ ਚੇਅਰਮੈਨ ਹਡਾਣਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਨ ਪੁੱਜੇ।ਉਨ੍ਹਾਂ ਕਿਹਾ ਕਿ ਕੱਚੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚਲੀ ਅਸਮਾਨਤਾ ਨੂੰ ਦੂਰ ਕਰਦਿਆਂ ਉਨ੍ਹਾਂ ਦੀ ਤਨਖਾਹ ਵਿੱਚ 2500 ਰੁਪਏ ਦਾ ਵਾਧਾ ਕੀਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਉਹਨਾਂ ਦੀ ਨੌਕਰੀ ਦੀ ਮਿਆਦ ਦੇ ਹਿਸਾਬ ਨਾਲ ਦਸ ਤੋਂ ਤੀਹ ਪ੍ਰਤੀਸ਼ਤ ਦਾ ਹੋਰ ਵਾਧਾ ਦਿੱਤਾ ਗਿਆ ਹੈ।ਇਸ ਦੇ ਨਾਲ ਹੀ ਹੋਰ ਪੰਜ ਪ੍ਰਤੀਸ਼ਤ ਦਾ ਵੀ ਹਰ ਸਾਲ ਤਨਖਾਹ ਵਿੱਚ ਵਾਧਾ ਕੀਤੇ ਜਾਣ ਦੀ ਮੰਗ ਨੂੰ ਪ੍ਰਵਾਨਗੀ ਦਿੱਤੀ ਗਈ ਹੈ।ਇਸ ਮੌਕੇ ਐਕਸ਼ਨ ਕਮੇਟੀ ਤੋਂ ਨਿਰਮਲ ਸਿੰਘ ਧਾਲੀਵਾਲ ਸਰਪ੍ਰਸਤ, ਬਿਕਰਮਜੀਤ ਸ਼ਰਮਾ ਜਨਰਲ ਸਕੱਤਰ, ਬਲਦੇਵ ਰਾਜ ਬੱਤਾ ਇੰਟਕ ਪ੍ਰਧਾਨ, ਨਸੀਬ ਚੰਦ ਐੱਸ ਸੀ ਬੀ ਸੀ ਪ੍ਰਧਾਨ, ਹਰਪ੍ਰੀਤ ਸਿੰਘ ਖੱਟੜਾ ਪ੍ਰਧਾਨ ਕਰਮਚਾਰੀ ਦੱਲ ਤੋਂ ਇਲਾਵਾ ਅਜਾਦ ਯੂਨੀਅਨ ਤੋਂ ਮਨਜਿੰਦਰ ਸਿੰਘ ਬੱਬੂ ਜਨਰਲ ਸਕੱਤਰ ਪੰਜਾਬ ਅਜ਼ਾਦ ਯੂਨੀਅਨ, ਜਵਾਹਰ ਸਿੰਘ ਡਿੱਪੂ ਪ੍ਰਧਾਨ, ਜਾਨਪਾਲ ਸਿੰਘ ਡਿੱਪੂ ਪ੍ਰਧਾਨ ਪਟਿਆਲਾ, ਗੁਰਪਾਲ ਸਿੰਘ ਦਾਰਾ ਸੰਗਰੂਰ ਡਿੱਪੂ ਪ੍ਰਧਾਨ, ਹਰਬੰਸ ਸਿੰਘ ਭੋਲਾ ਸੂਬਾ ਪ੍ਰਧਾਨ, ਜੀਵਨ ਸਿੰਘ ਖਾਲਸਾ ਡਿੱਪੂ ਪ੍ਰਧਾਨ ਕਪੂਰਥਲਾ, ਹਰਵਿੰਦਰ ਸਿੰਘ ਕਾਲਾ ਮੀਤ ਪ੍ਰਧਾਨ, ਗਰਪ੍ਰੀਤ ਗੋਪੀ ਡਿੱਪੂ ਬਠਿੰਡਾ, ਤਹਿਸੀਲਦਾਰ ਸਿੰਘ ਜੁਆਇੰਟ ਸਕੱਤਰ, ਰਣਜੀਤ ਸਿੰਘ ਡਿੱਪੂ ਪ੍ਰਧਾਨ ਚੰਡੀਗੜ੍ਹ, ਗੁਰਧਿਆਨ ਸਿੰਘ ਸਰਪ੍ਰਸਤ, ਸੰਦੀਪ ਸਿੰਘ ਡਿੱਪੂ ਪ੍ਰਧਾਨ ਬੁਢਲਾਡਾ, ਅਮ੍ਰਿਤਪਾਲ ਸਿੰਘ ਤੇ ਪਰਮਜੀਤ ਸਿੰਘ ਹੈੱਡ ਆਫਿਸ ਪਟਿਆਲਾ ਤੋਂ ਇਲਾਵਾ ਦਫਤਰੀ ਸਟਾਫ ਤੋਂ ਰਮਨਜੋਤ ਸਿੰਘ ਪੀ ਏ ਟੂ ਚੇਅਰਮੈਨ, ਬਿਕਰਮਜੀਤ ਸਿੰਘ ਪੀ ਏ ਟੂ ਚੇਅਰਮੈਨ, ਪਰਮਜੀਤ ਕੌਰ ਕਲਰਕ, ਮਨਦੀਪ ਕੌਰ ਕਲਰਕ, ਸੰਦੀਪ ਕੌਰ ਕਲਰਕ, ਵਰਿੰਦਰ ਸਿੰਘ ਕਲਰਕ ਅਮਨਪ੍ਰੀਤ ਸਿੰਘ ਕਲਰਕ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

### .ਗਦਰੀ ਬਾਬਿਆਂ ਦੇ ਮੇਲੇ...



ਕਲਚਰਲ ਐਸੋਸੀਏਸ਼ਨ ਕੈਲਗਰੀ (ਕੈਨੇਡਾ) ਦੀ ਤਰਫ਼ੋਂ ਇੱਕ ਹਜ਼ਾਰ ਡਾਲਰ ਗ਼ਦਰੀ ਬਾਬਿਆਂ ਦੇ ਮੇਲੇ ਲਈ ਮਦਦ ਦਾ ਐਲਾਨ ਕੀਤਾ।

ਸੁਰਿੰਦਰ ਕੌਰ ਕੈਲਗਰੀ, ਜਸਵੰਤ ਜ਼ੀਰਖ, ਹਰਕੇਸ਼ ਚੌਧਰੀ ਅਤੇ ਜੋਗਿੰਦਰ ਆਜ਼ਾਦ ਨੇ ਵੀ ਗ਼ਦਰੀ ਮੇਲੇ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਸਰਗਰਮੀਆਂ ਦੀ ਤਹਿ ਦਿਲੋਂ ਸ਼ਲਾਘਾ ਕਰਦੇ ਹੋਏ ਦੇਸ਼ ਭਗਤ ਯਾਦਗਾਰ ਹਾਲ ਲਈ ਆਪਣੀਆਂ ਸੇਵਾਵਾਂ ਅਰਪਿਤ ਕੀਤੀਆਂ। ਅਜਮੇਰ ਸਿੰਘ, ਮਾੜੀਮੇਘਾ ਅਤੇ ਅਮੋਲਕ ਸਿੰਘ ਨੇ ਆਏ ਵਫ਼ਦ ਨੂੰ ਜੀ ਆਇਆਂ ਅਤੇ ਧੰਨਵਾਦ ਦੇ ਸ਼ਬਦ ਕਹਿੰਦਿਆਂ ਕਿਹਾ ਕਿ ਭਵਿੱਖ ਵਿੱਚ ਇਹ ਸੱਭਿਆਚਾਰਕ ਸਾਂਝ ਦਾ ਪੁਲ ਬਣਿਆ ਰਹੇ।

ਦੋਵੇਂ ਮੀਟਿੰਗਾਂ ਵਿੱਚ ਜਗਜੀਤ ਸਿੰਘ ਸੋਹਲ, ਕਰਨਲ ਜਗਦੀਸ਼ ਬਰਾੜ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

29-Oct-PAGE-11-Doaba-24.qxd 10/28/2024 8:41 PM Page 1



# ਮੁੱਖ ਮੰਤਰੀ ਮਾਨ ਨੇ ਡੇਰਾ ਬਾਬਾ ਨਾਨਕ 'ਚ 'ਆਪ' ਉਮੀਦਵਾਰ ਗੁਰਦੀਪ ਰੰਧਾਵਾ ਲਈ ਕੀਤਾ ਚੋਣ ਪ੍ਰਚਾਰ

**ਧਾਰੀਵਾਲ/ਡੇਰਾ ਬਾਬਾ ਨਾਨਕ, (ਮਨਦੀਪ ਸਿੰਘ ਵਿੱਕੀ, ਰਮੇਸ਼ ਸ਼ਰਮਾ )** ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਨੂੰ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਲਈ 'ਆਪ' ਉਮੀਦਵਾਰ ਗੁਰਦੀਪ ਰੰਧਾਵਾ ਲਈ ਚੋਣ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ 'ਆਪ' ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ। ਲੋਕਾਂ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਾਂਗਰਸ 'ਤੇ ਹਮਲਾ ਬੋਲਦਿਆਂ ਕਿਹਾ ਕਿ ਕਾਂਗਰਸੀ ਆਗੂਆਂ ਦਾ ਮੁੱਖ ਕੰਮ ਕੁਰਸੀ ਲਈ ਆਪਸ 'ਚ ਲੜਨਾ ਹੈ। ਉਨ੍ਹਾਂ ਦਾ ਜਨਤਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਕੁਰਸੀ ਲਈ ਲੜਦੇ ਹਨ, ਅਸੀਂ ਤੁਹਾਡੇ ਬੱਚਿਆਂ ਦੇ ਚੰਗੇ ਭਵਿੱਖ ਲਈ ਲੜਦੇ ਹਾਂ। ਅਸੀਂ ਪੰਜਾਬ ਦੇ ਲੋਕਾਂ ਨੂੰ ਮੁਫ਼ਤ ਬਿਜਲੀ ਦਿੱਤੀ ਹੈ, ਅਸੀਂ ਚੰਗੇ ਸਕੂਲ ਅਤੇ ਹਸਪਤਾਲ ਬਣਾ ਰਹੇ ਹਾਂ। ਸੜਕਾਂ 'ਤੇ ਹੋਣ ਵਾਲੀਆਂ ਮੌਤਾਂ ਨੂੰ ਘਟਾਉਣ ਲਈ ਅਸੀਂ 'ਸੜਕ ਸੁਰੱਖਿਆ ਫੋਰਸ' ਬਣਾਈ ਅਤੇ ਇਸ ਨੂੰ 'ਨਵੀਨਤਮ ਵਿਸ਼ੇਸ਼ਤਾਵਾਂ' ਵਾਲੇ ਵਾਹਨ ਦਿੱਤੇ ਹਨ। ਇਸ ਕਾਰਨ ਪਿਛਲੇ ਛੇ ਮਹੀਨਿਆਂ ਵਿੱਚ ਮੌਤਾਂ ਵਿੱਚ 45 ਫੀਸਦੀ ਦੀ ਕਮੀ ਆਈ। ਪਿਛਲੇ ਢਾਈ ਸਾਲਾਂ ਵਿੱਚ ਸਾਡੀ ਸਰਕਾਰ ਨੇ 45 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਪ੍ਰਾਈਵੇਟ ਸੈਕਟਰ ਵਿੱਚ ਵੀ ਹਜ਼ਾਰਾਂ ਨੌਕਰੀਆਂ ਪੈਦਾ ਹੋ ਰਹੀਆਂ ਹਨ। ਦੇਸ-ਵਿਦੇਸ਼ ਦੀਆਂ ਕਈ ਨਾਮੀ ਕੰਪਨੀਆਂ ਪੰਜਾਬ ਵਿੱਚ ਆਪਣੇ ਪਲਾਂਟ ਲਗਾ ਰਹੀਆਂ ਹਨ। ਟਾਟਾ ਸਟੀਲ, ਬੀਐਮਡਬਲਯੂ, ਸਨਾਥਨ ਟੈਕਸਟਾਈਲ, ਕਲਾਸ ਅਤੇ ਵਰਬੀਓ ਅਤੇ ਫਰੇਨਬਰਗ ਵਰਗੀਆਂ ਮਸ਼ਹੂਰ ਕੰਪਨੀਆਂ ਪੰਜਾਬ ਵਿੱਚ ਆਪਣੇ ਪਲਾਂਟ ਲਗਾਉਣ ਜਾ ਰਹੀਆਂ ਹਨ। ਰਜਿਸਟਰੀਆਂ ਵਿਚ ਐਨ ਓਸੀ ਖਤਮ ਕੀਤੇ ਜਾਣ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਾਡੀ ਸਰਕਾਰ ਨੇ ਵਿਧਾਨ ਸਭਾ ਵਿਚ ਕਾਨੂੰਨ ਪਾਸ ਕਰਕੇ ਰਜਿਸਟਰੀਆਂ ਤੋਂ ਐਨਓਸੀ ਦੀ ਵਿਵਸਥਾ ਨੂੰ ਖਤਮ ਕਰ ਦਿੱਤਾ ਹੈ। ਜਦੋਂਕਿ ਕਾਂਗਰਸ-ਅਕਾਲੀ ਸਰਕਾਰ ਨੇ ਬਿਲਡਰਾਂ ਦੀ ਮਿਲੀਭੁਗਤ ਨਾਲ ਨਾਜਾਇਜ਼ ਕਾਲੋਨੀਆਂ ਬਣਾਈਆਂ ਹਨ। ਉਨ੍ਹਾਂ ਪੈਸੇ ਕਮਾਉਣ ਲਈ ਕਲੋਨੀਆਂ ਕੱਟਣ ਵਾਲਿਆਂ ਦਾ ਸਾਥ ਦਿੱਤਾ, ਜਦੋਂ ਕਿ ਅਸੀਂ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਪਲਾਟ ਖਰੀਦਣ ਵਾਲਿਆਂ ਦਾ ਸਮਰਥਨ ਕਰ ਰਹੇ ਹਾਂ। ਅੱਜ ਕੱਲ੍ਹ ਅਕਾਲੀ ਦਲ ਵਾਲੇ ਸੁਖਬੀਰ ਬਾਦਲ ਨੂੰ ਜਰਨੈਲ ਕਹਿ ਰਹੇ ਹਨ,ਪਰ ਉਹ ਦੱਸਣ ਕਿ ਉਹਨਾਂ ਨੇ ਕਿਹੜੀ ਜੰਗ ਲੜੀ ਹੈ। ਸੁਖਬੀਰ ਬਾਦਲ ਨੇ ਪੰਜਾਬ ਅਤੇ ਅਕਾਲੀ ਦਲ ਦਾ ਬੇੜਾਗਰਕ ਕੀਤਾ ਹੈ। ਮਾਨ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਸਿਰਫ਼ ਪੰਥ ਦੇ ਨਾਂ ਦੀ ਹੀ ਵਰਤੋਂ ਕੀਤੀ ਹੈ। ਅਸੀਂ ਸੰਸਦ ਵਿੱਚ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਸ਼ਰਧਾਂਜਲੀ ਦੇਣ ਦੀ ਪਰੰਪਰਾ ਸ਼ੁਰੂ ਕਰਵਾਈ। ਅੱਜ ਹਰ ਸਾਲ 26 ਦਸੰਬਰ ਨੂੰ ਸੰਸਦ ਵਿੱਚ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ ਅਤੇ ਫਿਰ ਸਦਨ ਦੀ ਕਾਰਵਾਈ ਸ਼ੁਰੂ ਹੁੰਦੀ ਹੈ। ਮਾਨ ਨੇ ਕਿਹਾ ਕਿ ਅਸੀਂ ਪੈਸੇ ਕਮਾਉਣ ਲਈ ਰਾਜਨੀਤੀ ਵਿੱਚ ਨਹੀਂ ਆਏ ਹਾਂ। ਸਾਨੂੰ ਸਾਢੇ ਤਿੰਨ ਕਰੋੜ ਪੰਜਾਬੀਆਂ ਦੇ ਦੁੱਖ-ਸੁੱਖ ਵਿਚ ਸਰੀਕ ਹੋਣਾ ਹੈ। ਮਾਨ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਵੀ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਹੁੰਦਿਆਂ ਉਹ ਕਦੇ ਵੀ ਪੰਜਾਬ ਦੀਆਂ ਮੰਡੀਆਂ ਵਿੱਚ ਨਹੀਂ ਗਏ। ਹੁਣ ਭਾਜਪਾ 'ਚ ਹੋਣ ਕਾਰਨ ਮਜ਼ਬੂਰਨ ਉਹਨਾਂ ਨੂੰ ਮੰਡੀ 'ਚ ਜਾਣਾ ਪੈ ਰਿਹਾ ਹੈ, ਕਿਉਂਕਿ ਕੇਂਦਰ ਦੀ ਭਾਜਪਾ ਸਰਕਾਰ ਝੋਨੇ ਦੀ ਖਰੀਦ 'ਚ ਫਸੀ ਹੋਈ ਹੈ। ਹਲਕਾ ਡੇਰਾ ਬਾਬਾ ਨਾਨਕ ਤੋਂ 'ਆਪ' ਉਮੀਦਵਾਰ ਗੁਰਦੀਪ ਰੰਧਾਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਇਲਾਕੇ ਵਿੱਚ ਆਉਣ ਅਤੇ ਚੋਣ ਪ੍ਰਚਾਰ ਕਰਨ ਲਈ ਧੰਨਵਾਦ ਕੀਤਾ।

ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਜੇਕਰ ਇੱਥੋਂ 'ਆਪ' ਦਾ ਵਿਧਾਇਕ ਬਣਦਾ ਹੈ ਤਾਂ ਇਲਾਕੇ ਦਾ ਵਿਕਾਸ ਹੋਰ ਤੇਜ਼ੀ ਨਾਲ ਹੋਵੇਗਾ।





# ਸੂਬੇ ਦੀ ਸਿਆਸਤ ਸ਼ੁਰੂ ਤੋਂ ਹੀ ਦਲਿਤ ਸਮਾਜ ਦੇ ਆਲੇ ਦੁਆਲੇ ਘੁੰਮਦੀ ਨਜ਼ਰ ਆ ਰਹੀ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**

ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਇਗਰ ਫੋਰਸ ਦੀ ਇੱਕ ਮੀਟਿੰਗ ਫੋਰਸ ਦੇ ਸੂਬਾ ਪ੍ਰਧਾਨ ਬੀਰਪਾਲ ਠਰੋਲੀ ਪ੍ਰਧਾਨਗੀ ਹੇਠ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਵਿਖੇ ਹੋਈ। ਮੀਟਿੰਗ ਵਿੱਚ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ, ਸ਼ਤੀਸ ਕੁਮਾਰ ਸ਼ੇਰਗੜ੍ਹ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਵਿਸ਼ੇਸ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਸੂਬੇ ਦੀ ਸਿਆਸਤ ਸ਼ੁਰੂ ਤੋਂ ਹੀ ਦਲਿਤ ਸਮਾਜ ਦੇ ਆਲੇ ਦੁਆਲੇ ਘੁੰਮਦੀ ਨਜ਼ਰ ਆ ਰਹੀ ਹੈ ਤੇ ਇੱਕ ਤਰ੍ਹਾਂ ਨਾਲ ਦਲਿਤ ਆਗੂਆਂ ਦਾ ਸੂਬੇ ਦੀ ਰਾਜਨੀਤੀ ਸ਼ੁਰੂ ਤੋਂ ਹੀ ਚੋਖਾ ਦਬਦਬਾ ਬਣਿਆ ਰਿਹਾ ਹੈ। ਆਗੂਆਂ ਨੇ ਕਿਹਾ ਕਿ ਦਲਿਤ ਰਾਜਨੀਤੀ ਦੇ ਵੱਧਦੇ ਪ੍ਰਭਾਵ ਨੂੰ ਦੇਖਦੇ ਹੋਏ ਸਾਰੀਆਂ ਰਾਜਨੀਤਿਕ ਪਾਰਟੀਆਂ ਦੀ ਹਮੇਸ਼ਾ ਇਹੀ ਕੋਸ਼ਿਸ਼ ਰਹੀ ਹੈ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਦਲਿਤ ਸਮਾਜ ਨੂੰ ਆਪਣੇ ਨਾਲ ਜੋੜੀ ਰੱਖਿਆ ਜਾਵੇ ਇਹੀ ਵਜ੍ਹਾ ਹੈ ਕਿ ਸੂਬੇ ਦੀ ਆਪ ਸਰਕਾਰ ਨੇ ਵਿਸ਼ੇਸ਼ ਤੌਰ 'ਤੇ ਦਲਿਤ ਆਗੂਆਂ ਨੂੰ ਮੰਤਰੀ ਮੰਡਲ 'ਚ ਸ਼ਾਮਿਲ ਹੀ ਨਹੀਂ ਕੀਤਾ ਬਲਕਿ ਉਹਨਾਂ ਨੂੰ ਅਹਿਮ ਮੰਤਰਾਲਿਆਂ ਦੀ ਜਿੰਮੇਵਾਰੀ ਸੌਂਪ ਕੇ ਆਪਣੇ ਆਪ ਨੂੰ ਦਲਿਤ ਪੱਖੀ ਹੋਣ ਦਾ ਦਾਅਵਾ ਕੀਤਾ ਜਦਕਿ ਆਪ ਸਰਕਾਰ ਤੋਂ ਪਹਿਲਾਂ ਸੱਤਾ ਤੇ ਕਾਬਜ਼ ਰਹੀਆਂ ਕਾਂਗਰਸ ਤੇ ਅਕਾਲੀ ਭਾਜਪਾ ਗੱਠਜੋੜ ਦੀਆਂ ਸਰਕਾਰਾਂ ਵੀ ਦਲਿਤ ਆਗੂਆਂ ਨੂੰ ਮੰਤਰੀ ਮੰਡਲ 'ਚ ਸ਼ਾਮਿਲ ਕਰਦੀਆਂ ਆ ਰਹੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਨੀ ਸੀਣਾ,ਰਵੀ ਸੰਦਰ ਨਗਰ, ਡਾਕਟਰ ਨਤੀਸ਼ ਸੈਣੀ, ਰਾਜ ਕੁਮਾਰ ਬੱਧਣ ਸ਼ੇਰਗੜ੍ਹ, ਭਿੰਦਾ ਸੀਣਾ ਆਦਿ ਹਾਜ਼ਰ ਸਨ



# ਸਰਕਾਰੀ ਪੋਲੀਟੈਕਨੀਕ ਕਾਲਜ ਅੰਮ੍ਰਿਤਸਰ ਵਿਖੇ ਡੀ-ਫਾਰਮੇਸੀ (ਡਿਪਲੋਮਾ) ਦਾ ਕੋਰਸ ਸ਼ੁਰੂ



**ਛੇਹਰਟਾ, (ਪੱਤਰ ਪ੍ਰੇਰਕ )**-ਸਰਕਾਰੀ ਪੋਲੀਟੈਕਨੀਕ ਕਾਲਜ ਅੰਮ੍ਰਿਤਸਰ ਵਿਖੇ ਡੀ-ਫਾਰਮੇਸੀ ਦਾ ਕੋਰਸ ਇਸ ਸਾਲ ਤੋਂ ਸ਼ੁਰੂ ਹੋ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆ ਕਾਲਜ ਦੇ ਪ੍ਰਿੰਸੀਪਲ ਇੰਜੀ: ਹਰਿੰਦਰਜੀਤ ਸਿੰਘ ਮਰੋਕ ਨੇ ਦੱਸਿਆ ਕਿ ਮਾਣ ਯੋਗ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਅਤੇ ਮਾਨਯੋਗ ਤਕਨੀਕੀ ਸਿਖਿਆ ਮੰਤਰੀ ਸ੍. ਹਰਜੋਤ ਸਿੰਘ ਬੈਂਸ ਜੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕਾਲਜ ਵਿੱਚ 60 ਸੀਟਾਂ ਨੂੰ ਫਾਰਮੇਸੀ ਕੌਂਸਲ ਆਫ ਇੰਡੀਆ ਵਲੋਂ ਮਾਨਤਾ ਦਿੱਤੀ ਗਈ ਹੈ। ਦਾਖਲਾ ਇਸ ਸਾਲ 2024-25 ਤੋਂ ਸ਼ੁਰੂ ਹੋ ਗਿਆ ਹੈ। ਉਹਨਾਂ ਨੇ ਦੱਸਿਆ ਕਿ ਚਾਹਵਾਨ ਵਿਦਿਆਰਥੀ ਮਿਤੀ 30-10-24 ਤੱਕ ਕਾਲਜ ਵਿਖੇ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ 'ਤੇ ਦਾਖਲਾ ਲੈ ਸਕਦੇ ਹਨ। ਹੋਰ ਜਾਣਕਾਰੀ ਲਈ ਫਾਰਮੇਸੀ ਵਿਭਾਗ ਦੇ ਇੰਚਾਰਜ ਡਾ. ਸ਼ੈਲੀ ਖੁਰਾਣਾ ਨਾਲ ਫੋਨ ਨੰਬਰ 82838-19114 'ਤੇ ਸੰਪਰਕ ਕਰ ਸਕਦੇ ਹਨ। ਇਸ ਮੌਕੇ ਪ੍ਰਿੰਸੀਪਲ ਇੰਜੀ: ਹਰਿੰਦਰਜੀਤ ਸਿੰਘ ਮਰੋਕ ਅਤੇ ਅਪਲਾਈਡ ਸਾਇੰਸ ਵਿਭਾਗ ਦੇ ਮੁੱਖੀ ਡਾ. ਭੁਪਿੰਦਰ ਸਿੰਘ ਨੇ ਦਸਿਆ ਡਿਪਲੋਮਾ ਫਾਰਮੇਸੀ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਨੂੰ ਮੁੱਖ ਮੰਤਰੀ ਵਜ਼ੀਫਾ ਸਕੀਮ ਦੀ ਸਹੂਲਤ ਪ੍ਰਾਪਤ ਹੋਵੇਗੀ ਜਿਸ, ਤਹਿਤ ਵਿਦਿਆਰਥੀ ਬਹੁੱਤ ਘੱਟ ਫੀਸ 'ਤੇ ਡਿਪਲੋਮਾ ਕਰ ਸਕਨਗੇ। ਡਿਪਲੋਮਾ ਕੋਰਸ ਲਈ ਵਿਦਿਅਕ ਯੋਗਤਾ +2 ਮੈਡੀਕਲ ਅਤੇ ਨਾਨ ਮੈਡੀਕਲ ਹੋਵੇਗੀ। ਮੁੱਖ ਮੰਤਰੀ ਵਜ਼ੀਫਾ ਯੋਜਨਾ +2 ਦੇ ਨੰਬਰਾਂ ਦੇ ਅਧਾਰ 'ਤੇ ਲਾਗੂ ਹੋਵੇਗੀ, ਜਿਸ ਵਿਦਿਆਰਥੀ ਦੇ ਨੰਬਰ 60% ਹੋਣਗੇ, ਉਸ ਨੂੰ 70% ਟਿਊਸ਼ਨ ਫੀਸ ਮਾਫ ਹੋਵੇਗੀ। 70% ਨੰਬਰਾਂ ਵਾਲਿਆ ਨੂੰ 80% ਟਿਊਸ਼ਨ ਫੀਸ ਮਾਫ ਹੋਵੇਗੀ। 80% ਨੰਬਰਾਂ ਵਾਲਿਆਂ ਨੂੰ 90% ਟਿਊਸ਼ਨ ਫੀਸ ਮਾਫ ਹੋਵੇਗੀ। 90% ਨੰਬਰਾਂ ਲੈਣ ਵਾਲੇ ਵਿਦਿਆਰਥੀਆਂ ਦੀ ਪੂਰੀ ਟਿਊਸ਼ਨ ਫੀਸ ਮਾਫ ਹੋਵੇਗੀ। ਅਨਸੂਚਿਤ ਜਾਤੀ ਦੇ ਵਿਦਿਆਰਥੀ ਜਿਨ੍ਹਾਂ ਦੇ ਮਾਤਾ ਪਿਤਾ ਦੀ ਸਾਲਾਨਾ ਆਮਦਨ 2.5 ਲੱਖ ਤੋਂ ਘੱਟ ਹੋਵੇਗੀ,ਉਹਨਾਂ ਦੀ ਫੀਸ ਕੇਵਲ 1133/- ਹੋਵੇਗੀ। ਡਾ. ਭੁਪਿੰਦਰ ਸਿੰਘ ਨੇ ਦਸਿਆ ਕਿ ਕਾਲਜ ਵਿੱਚ ਡੀ-ਫਾਰਮੇਸੀ ਦਾ ਕੋਰਸ ਸ਼ੁਰੂ ਹੋਣ ਕਰਕੇ ਵਿਦਿਆਰਥੀਆਂ ਵਿੱਚ ਖੁਸ਼ੀ ਦੀ ਲਹਿਰ ਹੈ, ਕਿਉਂਕਿ ਪ੍ਰਾਈਵੇਟ ਕਾਲਜਾਂ ਦੀਆਂ ਫੀਸਾਂ ਜ਼ਿਆਦਾ ਹੋਣ ਕਰਕੇ ਕਈ ਵਾਰ ਲੋੜਵੰਦ ਵਿਦਿਆਰਥੀ ਦਾਖਲਾ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਮੌਕੇ ਕਾਲਜ ਦੇ ਹੋਰ ਕਈ ਵਿਭਾਗਾਂ ਦੇ ਮੁੱਖੀ ਸਹਿਬਾਨ ਵੀ ਹਾਜ਼ਰ ਸਨ।

# ਮਾਝਾ ਜ਼ੋਨਲ ਰੈਲੀ ਦੀਆਂ ਤਿਆਰੀਆ ਜ਼ੋਰਾਂ 'ਤੇ : ਦੇਵੀ ਕੁਮਾਰੀ

**ਤਰਨ ਤਾਰਨ (ਪੱਤਰ ਪ੍ਰੇਰਕ)**- ਪੰਜਾਬ ਖੇਤ ਮਜ਼ਦੂਰ ਸਭਾ ਆਪਣੇ ਜਨਮ ਤੋਂ ਹੀ ਜਮੂਹਰੀਅਤ ਦੀ ਰਾਖੀ ਲਈ, ਤਾਨਾਸ਼ਾਹੀ ਦੇ ਵਿਰੋਧ 'ਚ ਅਤੇ ਲੋਕ ਹੱਕਾਂ 'ਤੇ ਪਹਿਰਾ ਦੇਣ ਲਈ ਸੰਘਰਸ਼ਾਂ ਦੀ ਪਾਂਧੀ ਰਹੀ ਹੈ ਤੇ ਅੱਜ ਵੀ ਇਹ ਸਫ਼ਰ ਨਿਰੰਤਰ ਜਾਰੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਤਰਨ ਤਾਰਨ ਦੀ ਜ਼ਿਲ੍ਹਾ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ 20 ਨਵੰਬਰ ਦੀ ਅੰਮ੍ਰਿਤਸਰ ਵਿਖੇ ਹੋਈ ਮੀਟਿੰਗ ਵਿੱਚ ਹੋਏ ਫੈਸਲਿਆਂ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਪੰਜਾਬ ਦੇ ਵੱਖ ਵੱਖ ਮਸਲਿਆਂ 'ਤੇ ਪਾਰਟੀ ਵੱਲੋਂ ਜ਼ੋਰਦਾਰ ਮੁਹਿੰਮ ਚੱਲ ਰਹੀ ਹੈ। ਮਹਿੰਮ ਦਾ ਆਗਾਜ਼ ਅਗਸਤ ਮਹੀਨੇ ਵਿੱਚ ਹੋ ਚੁੱਕਾ ਹੈ ਤੇ ਨਵੰਬਰ ਦੇ ਅੰਤ ਤੱਕ ਜਾਰੀ ਰਹੇਗਾ। ਕਾਮਰੇਡ ਸਰਹਾਲੀ ਕਲਾਂ ਨੇ ਜ਼ੋਨਲ ਰੈਲੀ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਸੀ ਪੀ ਆਈ ਵੱਲੋਂ ਅੰਮ੍ਰਿਤਸਰ ਸ਼ਹਿਰੀ, ਅੰਮ੍ਰਿਤਸਰ ਦਿਹਾਤੀ, ਤਰਨ ਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਦੀ ਬਹੁਤ ਵੱਡੀ ਰੈਲੀ ਅੰਮ੍ਰਿਤਸਰ ਵਿਖੇ ਕੀਤੀ ਜਾ ਰਹੀ ਹੈ। ਸੀ ਪੀ ਆਈ ਨੇ ਲੋਕਾਂ ਦੇ ਮਸਲਿਆਂ ਨੂੰ ਸਮੇਂ ਦੀ ਲੋੜ ਸਮਝਦੇ ਹੋਏ ਪੰਜਾਬ ਦੀ ਜਨਤਾ ਨੂੰ ਚੇਤਨ ਕਰਨ ਲਈ ਅਤੇ ਆਪਣੇ ਹੱਕਾਂ ਵਾਸਤੇ ਸੰਘਰਸ਼ ਕਰਨ ਲਈ ਲਾਮਬੰਦ ਕਰਨ ਦਾ ਫੈਸਲਾ ਕੀਤਾ ਹੈ।ਦੇਵੀ ਕੁਮਾਰੀ ਨੇ ਰੈਲੀ ਵਿੱਚ ਉਭਾਰੇ ਜਾਣ ਵਾਲੇ ਮੁੱਦਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਲੱਕਤੋੜਵੀਂ ਮਹਿੰਗਾਈ, ਬੇਰੋਜ਼ਗਾਰੀ, ਸਿਹਤ ਸਹੂਲਤਾਂ ਦੀ ਮਾੜੀ ਹਾਲਤ, ਖੇਤੀ ਜਿਨਸਾਂ ਦੇ ਲਾਹੇਬੰਦ ਭਾਅ, ਠੇਕੇਦਾਰੀ ਸਿਸਟਮ ਬੰਦ, ਮਨਰੇਗਾ ਕਾਮਿਆਂ ਨੂੰ ਦੋ ਸੌ ਦਿਨ ਕੰਮ, ਕੰਮ ਦਿਹਾੜੀ ਸੱਤ ਸੌ ਰੁਪਏ, ਖੇਤ ਮਜ਼ਦੂਰਾਂ ਦਾ ਕਰਜ਼ਾ ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਮੁਆਫ ਕਰਾਉਣਾ, ਲੋੜਵੰਦ ਅਤੇ ਬੇਘਰੇ ਲੋਕਾਂ ਨੂੰ ਦਸ ਦਸ ਮਰਲੇ ਦੇ ਪਲਾਟ ਅਤੇ ਘਰ ਬਣਾਉਣ ਲਈ ਪੰਜ ਲੱਖ ਰੁਪਏ ਦੀ ਗ੍ਰਾਂਟ, ਵਿਧਵਾ, ਬੁਢਾਪਾ ਤੇ ਅੰਗਹੀਣ ਪੈਨਸ਼ਨ ਪੰਜ ਹਜ਼ਾਰ ਰੁਪਏ, ਔਰਤਾਂ ਦੇ ਖਾਤਿਆਂ ਵਿੱਚ ਇੱਕ ਇੱਕ ਹਜ਼ਾਰ ਰੁਪਏ ਪਵਾਉਣ ਵਰਗੀਆਂ ਮੰਗਾਂ ਨੂੰ ਉਭਾਰਿਆ ਜਾਵੇਗਾ। ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਨੇ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਭ੍ਰਿਸ਼ਟਾਚਾਰ ਕਰਨ 'ਚ ਪੂਰੀ ਤਰ੍ਹਾਂ ਲਿਪਤ ਹੋ ਚੁੱਕੀ ਹੈ ਅਤੇ ਹਰ ਵਰਗ ਦੀਆਂ ਮੰਗਾਂ ਤੇ ਦੁੱਖ ਤਕਲੀਫਾਂ ਨੂੰ ਨਜ਼ਰਅੰਦਾਜ਼ ਕਰਦੀ ਹੋਈ ਕਿਸੇ ਵੀ ਵਰਗ ਦੀ ਗੱਲ ਸੁਣਨ ਨੂੰ ਤਿਆਰ ਨਹੀਂ। ਉਨ੍ਹਾਂ ਹੁਣੇ ਹੋਈਆਂ ਪੰਚਾਇਤੀ ਚੋਣਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਤਰਨ ਤਾਰਨ ਦੇ ਬਹੁਤ ਸਾਰੇ ਬਲਾਕ ਉਹ ਹਨ ਜਿਨ੍ਹਾਂ ਵਿੱਚ ਲੋਕਾਂ ਦੇ ਕਾਗਜ਼ ਦਾਖਲ ਨਹੀਂ ਕੀਤੇ ਗਏ । ਜਿਨ੍ਹਾਂ ਪਿੰਡਾਂ ਦੀਆਂ ਚੋਣਾਂ ਹੋਈਆਂ ਹਨ ਉਨ੍ਹਾਂ ਵਿੱਚੋਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਅੱਠ ਪੰਚ ਜਿੱਤੇ ਹਨ । ਬਲਵਿੰਦਰ ਸਿੰਘ ਠੇਕੇਦਾਰ, ਬਲਜਿੰਦਰ ਸਿੰਘ ਬਿੰਦੂ ਕੋਟ ਧਰਮ ਚੰਦ ਕਲਾ, ਪਵਨਪ੍ਰੀਤ ਸਿੰਘ ਚੂਸਲੇਵੜ, ਜਗਤਾਰ ਸਿੰਘ ਸਰਹਾਲੀ ਖੁਰਦ, ਸਤਨਾਮ ਸਿੰਘ ਸੇਰੋਂ, ਰਪਿੰਦਰ ਕੌਰ ਸਰਾਏ ਦਿਵਾਨਾ, ਪਰਕਿੰਦਰ ਕੌਰ ਗਿੱਲ ਵੜੈਚ, ਰਾਜੂ ਨੁਸ਼ਹਿਰਾ ਢਾਲਾ ਆਦਿ ਜਿੱਤੇ ਅਤੇ ਹਾਜ਼ਰ ਸਾਥੀਆਂ ਦਾ ਹਾਰ ਪਾ ਕੇ ਸਨਮਾਨ ਕੀਤਾ, ਵੋਟਰਾਂ ਅਤੇ ਸਮਰਥਕਾਂ ਦਾ ਪੰਜਾਬ ਖੇਤ ਮਜ਼ਦੂਰ ਸਭਾ ਨੇ ਧੰਨਵਾਦ ਕੀਤਾ ਅਤੇ ਅੰਮ੍ਰਿਤਸਰ ਵਿਖੇ ਦੋ ਦਸੰਬਰ ਨੂੰ ਹੋ ਰਹੀ ਮਾਝੇ ਦੀ ਰੈਲੀ 'ਚ ਹਜ਼ਾਰਾਂ ਦੀ ਗਿਣਤੀ 'ਚ ਪਹੁੰਚਣ ਦੀ ਮਜ਼ਦੂਰਾਂ ਨੂੰ ਅਪੀਲ ਕੀਤੀ। ਇਸ ਸਮੇਂ ਆਗੂ ਕਾਮਰੇਡ ਰਸ਼ਪਾਲ ਸਿੰਘ ਘੁਰਕਵਿੰਡ, ਕਾਮਰੇਡ ਲਾਲ ਸਿੰਘ ਵਲਟੋਹਾ, ਕਾਮਰੇਡ ਸਰਬਜੀਤ ਕੌਰ ਕਿਰਤੋਵਾਲ ਕਲਾਂ, ਮਨਜੀਤ ਕੌਰ ਕੜਿਆਲਾ, ਬਲਵੰਤ ਸਿੰਘ, ਕੁਲਵੰਤ ਸਿੰਘ ਰਟੋਲ, ਪੱਪਾ ਮਸੀਹ, ਜਸਪਾਲ ਸਿੰਘ ਚੂਸਲੇਵੜ, ਆਦਿ ਨੇ ਸੰਬੋਧਨ ਕੀਤਾ।



# ਔਰਤ ਦੀ ਟਰੈਕਟਰ ਥੱਲੇ ਆਉਣ ਕਾਰਨ ਮੌਤ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਜ਼ਿਲਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਅਧੀਨ ਆਉਂਦੇ ਜਸਤਰਵਾਲ ਦੀ ਇੱਕ ਔਰਤ ਦੀ ਟਰੈਕਟਰ ਥੱਲੇ ਆਉਣ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਹੈ। ਜਾਣਕਾਰੀ ਦਿੰਦਿਆਂ ਪਰਵਾਰ ਵਾਲਿਆਂ ਨੇ ਦੱਸਿਆ ਕਿ ਰਜ਼ੀਆ ਪਤਨੀ ਵਾਸੂਦੇਵ ਜੋ ਕਿ ਗਰੀਬ ਪਰਵਾਰ ਨਾਲ ਸਬੰਧ ਰੱਖਦੀ ਸੀ ਅਤੇ ਪਰਵਾਰ ਦਾ ਪਾਲਣ ਪੋਸ਼ਣ ਕਰਨ ਲਈ ਬਾਹਰ ਖੇਤਾਂ ਵਿੱਚ ਜਾ ਕੇ ਝੋਨੇ ਦੇ ਦਾਣੇ ਇਕੱਠੇ ਕਰ ਰਹੇ ਸੀ ਤਾਂ ਉਸ ਦੀ ਟਰੈਕਟਰ ਥੱਲੇ ਆ ਜਾਣ ਕਾਰਨ ਕਾਰਨ ਮੌਤ ਹੋ ਗਈ ।

ਥਾਣਾ ਭਿੰਡੀ ਸੈਦਾਂ ਦੀ ਪੁਲਸ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਪੜਤਾਲ ਕਰ ਰਹੀ ਹੈ।

# ਆਰ ਡੀ ਖੋਸਲਾ ਸਕੂਲ ਦੇ ਵਿਦਿਆਰਥੀ ਨਿਸ਼ਾਂਤ ਪਾਂਡੇ ਨੂੰ ਯੋਗਾ 'ਚ ਪਹਿਲਾ ਸਥਾਨ ਹਾਸਲ



**ਬਟਾਲਾ (ਤਰਲੋਕ ਬੱਗਾ)**- ਪੰਜਾਬ ਸਕੂਲ ਪ੍ਰਾਇਮਰੀ ਖੇਡਾਂ ਵਿੱਚ ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਵਿਦਿਆਰਥੀ ਨਿਸ਼ਾਂਤ ਪਾਂਡੇ ਨੇ ਜ਼ਿਲ੍ਹਾ ਪੱਧਰ 'ਤੇ ਰਿਦਮਿਕ ਯੋਗਾ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ ਕਰਕੇ ਰਾਜ ਪੱਧਰੀ ਯੋਗਾ ਮੁਕਾਬਲੇ ਲਈ ਚੁਣਿਆ ਗਿਆ। ਇਸ ਤੋਂ ਪਹਿਲਾਂ ਜ਼ੋਨਲ ਪੱਧਰ 'ਤੇ ਤਿੰਨ ਵਿਦਿਆਰਥੀਆਂ ਨਿਸ਼ਾਂਤ ਪਾਂਡੇ, ਅਮਾਇਰਾ ਅਤੇ ਦੀਆ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚਾਂਦੀ ਦੇ ਤਗਮੇ ਹਾਸਲ ਕੀਤੇ, ਨਿਸ਼ਾਂਤ ਪਾਂਡੇ ਜ਼ਿਲ੍ਹਾ ਪੱਧਰ ਲਈ ਚੁਣੇ ਗਏ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਜੇਤੂ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਕੋਚ ਵਿਨੈ ਪੁਸ਼ਕਰਨਾ ਅਤੇ ਊਸ਼ਾ ਕਿਰਨ ਨੂੰ ਹਾਰਦਿਕ ਵਧਾਈ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਯੋਗ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਯੋਗ ਅਸਲ ਵਿੱਚ ਇੱਕ ਵਿਗਿਆਨਕ ਜੀਵਨ ਸ਼ੈਲੀ ਹੈ ਜਿਸ ਦਾ ਸਾਡੇ ਜੀਵਨ ਉੱਤੇ ਡੂੰਘਾ ਪ੍ਰਭਾਵ ਪੈਂਦਾ ਹੈ।ਵਿਦਿਆਰਥੀਆਂ ਨੇ ਆਪਣੀ ਸਿਹਤ ਨੂੰ ਬਣਾਈ ਰੱਖਣ, ਕੰਮ ਕਰਨ ਦੀ ਸਮਰੱਥਾ ਵਧਾਉਣ, ਤਣਾਅ ਮੁਕਤ ਰਹਿਣ, ਮਾਨਸਿਕ ਸਿਹਤ ਲਈ ਯੋਗਾ ਨੂੰ ਅਪਣਾਇਆ। ਯੋਗਾਸਨਾਂ ਦੇ ਅਭਿਆਸ ਨਾਲ ਸਰੀਰ ਵਿੱਚ ਲੱਚਕਤਾ ਵਧਦੀ ਹੈ ਅਤੇ ਖ਼ੂਨ ਦੇ ਪ੍ਰਵਾਹ ਵਿੱਚ ਸੁਧਾਰ ਹੁੰਦਾ ਹੈ।ਪ੍ਰਾਣਾਯਾਮ ਕਰਨ ਨਾਲ ਵਿਅਕਤੀ ਦੇ ਸਰੀਰ ਵਿੱਚ ਜੀਵਨ ਸ਼ਕਤੀ ਵਧਦੀ ਹੈ ਅਤੇ ਮਨ ਸਥਿਰ ਹੋ ਜਾਂਦਾ ਹੈ। ਉਨ੍ਹਾਂ ਦੀ ਇਕਾਗਰਤਾ, ਯਾਦ ਸ਼ਕਤੀ ਨੂੰ ਵਧਾਉਂਦਾ ਹੈ ਅਤੇ ਉਨ੍ਹਾਂ ਦੀ ਸੋਚ ਨੂੰ ਸਕਾਰਾਤਮਕ ਬਣਾਉਂਦਾ ਹੈ। ਇਸ ਲਈ ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ 'ਚ ਹਰ ਕਿਸੇ ਨੂੰ ਯੋਗ ਨੂੰ ਅਪਣਾਉਣਾ ਚਾਹੀਦਾ ਹੈ।

# ਨਵ-ਨਿਯੁਕਤ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਥਾਣਿਆਂ ਦਾ ਅਚਨਚੇਤ ਦੌਰਾ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਅੱਜ ਸ਼੍ਰੀ ਅਭਿਮੰਨਿਊ ਰਾਣਾ, (ਆਈਪੀਐੱਸ) ਐਸੱਐਸੱਪੀ ਤਰਨ ਤਾਰਨ ਵੱਲੋਂ ਜ਼ਿਲ੍ਹਾ ਤਰਨ ਤਰਨ ਦਾ ਦੌਰਾ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਨੇ ਪਹਿਲਾਂ ਪੁਲਸ ਸਟੇਸ਼ਨ ਝਬਾਲ ਦਾ ਅਚਨਚੇਤ ਨਿਰੀਖਣ ਕੀਤਾ ਅਤੇ ਪੁਲਸ ਮੁਲਾਜ਼ਮਾਂ ਨਾਲ ਗੱਲਬਾਤ ਕੀਤੀ। ਚੱਲ ਰਹੇ ਕੇਸਾਂ ਬਾਰੇ ਜਾਇਜ਼ਾ ਲਿਆ ।ਐਸੱਐਸੱਪੀ ਤਰਨਤਾਰਨ ਨੇ ਥਾਣਾ ਝਬਾਲ ਦੀ ਚੈਕਿੰਗ ਕਰਨ ਉਪਰੰਤ ਥਾਣਾ ਸਰਾਏ ਅਮਾਨਤ ਖਾਂ ਦੀ ਚੈਕਿੰਗ ਕੀਤੀ ਅਤੇ ਥਾਣੇ ਦੀ ਇਮਾਰਤ ਦਾ ਮੁਆਇਨਾ ਕੀਤਾ।ਫੋਰਸ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ ਗਈਆਂ ਅਤੇ ਸਮਾਜ ਵਿਰੋਧੀ ਅਨਸਰਾਂ 'ਤੇ ਸ਼ਿਕੰਜਾ ਕੱਸਣ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਗਿਆ।ਇਸ ਤੋਂ ਬਾਅਦ ਐਸੱਐਸੱਪੀ ਸਾਹਿਬ ਵੱਲੋਂ ਥਾਣਾ ਸਰਾਏ ਅਮਾਨਤ ਖਾਂ ਦੀ ਚੈਕਿੰਗ ਕਰਨ ਉਪਰੰਤ ਥਾਣਾ ਭਿੱਖੀਵਿੰਡ ਦੀ ਚੈਕਿੰਗ ਕੀਤੀ ਗਈ, ਜਿੱਥੇ ਥਾਣੇ ਦੇ ਰਿਕਾਰਡ ਅਤੇ ਸੁਰੱਖਿਆ ਦਾ ਜਾਇਜ਼ਾ ਲਿਆ ਗਿਆ।

ਇਸ ਤੋਂ ਇਲਾਵਾ ਪੁਲਸ ਮੁਲਾਜ਼ਮਾਂ ਨੂੰ ਆਪਣੀ ਡਿਊਟੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ।ਇਸ ਤੋਂ ਬਾਅਦ ਉਨ੍ਹਾਂ ਨੇ ਥਾਣਾ ਕੱਚਾ ਪੱਕਾ, ਸਦਰ ਪੱਟੀ ਅਤੇ ਥਾਣਾ ਹਰੀਕੇ ਦੀ ਚੈਕਿੰਗ ਕੀਤੀ ਗਈ ਅਤੇ ਕਰਮਚਾਰੀਆਂ ਨੂੰ ਜਨਤਕ ਸ਼ਿਕਾਇਤਾਂ ਦੇ ਜਲਦੀ ਨਿਪਟਾਰੇ ਨੂੰ ਯਕੀਨੀ ਬਣਾਉਣ, ਜਾਂਚ ਅਧੀਨ ਕੇਸਾਂ ਵਿੱਚ ਤੇਜ਼ੀ ਲਿਆਉਣ, ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਨ ਅਤੇ ਜਨਤਕ ਵਿਵਹਾਰ ਨੂੰ ਵਧੀਆ ਬਣਾਈ ਰੱਖਣ ਲਈ ਦਿਸ਼ਾ ਨਿਰਦੇਸ਼ ਦਿੱਤੇ।

# ਕਲਾਨੌਰ 'ਚ ਕਾਂਗਰਸੀ ਉਮੀਦਵਾਰ ਰੰਧਾਵਾ ਦੇ ਹੱਕ 'ਚ ਹੋਈ ਚੋਣ ਮੀਟਿੰਗ

**ਕਲਾਨੌਰ , (ਮਨਦੀਪ ਕੋਹਲੀ)**- ਡੇਰਾ ਬਾਬਾ ਨਾਨਕ ਵਿਖੇ ਹੋਣ ਜਾ ਰਹੀ ਵਿਧਾਨ ਸਭਾ ਜ਼ਿਮਨੀ ਚੋਣਾਂ ਲਈ ਸਾਰੀਆਂ ਪਾਰਟੀਆਂ ਵੱਲੋਂ ਆਪੋ-ਆਪਣੇ ਪੱਧਰ 'ਤੇ ਚੋਣ ਜਿੱਤਣ ਲਈ ਜ਼ੋਰ ਲਗਾਇਆ ਜਾ ਰਿਹਾ ਹੈ।ਉੱਥੇ ਹੀ ਕਾਂਗਰਸ ਪਾਰਟੀ ਦੇ ਉਮੀਦਵਾਰ ਮੈਡਮ ਜਤਿੰਦਰ ਕੌਰ ਰੰਧਾਵਾ ਪਤਨੀ ਸੁਖਜਿੰਦਰ ਸਿੰਘ ਰੰਧਾਵਾ, ਜੋ ਕਿ ਗੁਰਦਾਸਪੁਰ ਤੋਂ ਸੰਸਦ ਮੈਂਬਰ ਵੀ ਹਨ, ਦੇ ਹੱਕ ਵਿੱਚ ਕਲਾਨੌਰ ਦੇ ਪੁਰਾਣੇ ਟਕਸਾਲੀ ਕਾਂਗਰਸੀ ਆਗੂ ਤਰਸੇਮ ਰਾਜ ਮਹਾਜਨ ਦੇ ਘਰ ਕਾਂਗਰਸ ਦੇ ਮੁਹਤਬਰ ਵਰਕਰਾਂ ਦੀ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਾਂਗਰਸੀ ਆਗੂ ਤਰਸੇਮ ਰਾਜ ਮਹਾਜਨ, ਹਰਜਿੰਦਰ ਠੇਕੇਦਾਰ , ਦੀਪਕ ਮਹਾਜਨ ਅਤੇ ਸੁੱਖਾ ਮੱਲੀ ਨੇ ਕਿਹਾ ਕਿ ਸਮੂਹ ਕਾਂਗਰਸੀ ਵਰਕਰ ਇੱਕਜੁੱਟ ਹੋ ਕੇ ਮੈਡਮ ਜਤਿੰਦਰ ਕੌਰ ਰੰਧਾਵਾ ਦੇ ਹੱਕ ਵਿੱਚ ਫਤਵਾ ਦੇ ਰਹੇ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਰਫ਼ ਮੈਡਮ ਜਤਿੰਦਰ ਰੰਧਾਵਾ ਨੂੰ ਹੀ ਵੋਟ ਪਾਉਣ, ਕਿਉਂਕਿ ਲੰਬੇ ਸਮੇਂ ਤੋਂ ਡੇਰਾ ਬਾਬਾ ਨਾਨਕ ਹਲਕੇ ਦੀ ਕਮਾਨ ਰੰਧਾਵਾ ਪਰਿਵਾਰ ਦੇ ਹੱਥਾਂ ਵਿੱਚ ਹੈ ਅਤੇ ਉਹ ਡੇਰਾ ਬਾਬਾ ਨਾਨਕ ਹਲਕੇ ਤੋਂ ਹੀ ਜਿੱਤਦੇ ਆ ਰਹੇ ਹਨ ।ਉਹ ਚਾਹੁੰਦੇ ਹਨ ਕਿ ਲੋਕ ਇਸ ਵਾਰ ਮੈਡਮ ਜਤਿੰਦਰ ਕੌਰ ਰੰਧਾਵਾ ਨੂੰ ਹੀ ਵੋਟ ਦੇਣ, ਉਨ੍ਹਾਂ ਨੇ ਡੇਰਾ ਬਾਬਾ ਨਾਨਕ ਤੋਂ ਮੈਡਮ ਜਤਿੰਦਰ ਕੌਰ ਰੰਧਾਵਾ ਨੂੰ ਟਿਕਟ ਦੇਣ 'ਤੇ ਕਾਂਗਰਸ ਹਾਈ ਕਮਾਂਡ ਦਾ ਧੰਨਵਾਦ ਵੀ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਡੇਰਾ ਬਾਬਾ ਨਾਨਕ ਦੀ ਸੀਟ ਕਾਂਗਰਸ ਪਾਰਟੀ ਨੂੰ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਸੇਮ ਰਾਜ ਮਹਾਜਨ, ਦੀਪਕ ਮਹਾਜਨ, ਸੰਦੀਪ ਮਹਾਜਨ, ਸੁਸ਼ੀਲ ਮਹਾਜਨ, ਹਰਜਿੰਦਰ ਸਿੰਘ ਠੇਕੇਦਾਰ, ਸੁੱਖਾ ਮੱਲੀ, ਸੁਨੀਲ ਸਰੀਨ, ਸੰਦੀਪ ਵਿਪਨ, ਜੋਧਾ ਸਿੰਘ, ਮਹਿੰਦਰ ਪਾਲ, ਜਨਕ ਰਾਜ, ਸ਼ੀਸ਼ੋ, ਨੱਥਾ ਸਿੰਘ ਆਦਿ ਹਾਜ਼ਰ ਸਨ।



# ਸ੍ਰੀ ਹਰਿਗੋਬਿੰਦ ਪਬਲਿਕ ਸਕੂਲ 'ਚ ਸਹਿਜ ਪਾਠ ਸੰਪੂਰਨਤਾ ਸਮਾਗਮ



**ਟਾਂਗਰਾ (ਲਾਡੀ ਮੱਲ੍ਹੀ)** - ਨਿਹੰਗ ਜਥੇਬੰਦੀ ਤਰਨਾ ਦਲ ਦੇ ਮੁਖੀ ਬਾਬਾ ਜੋਗਾ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ ਸੀ ਬੀ ਐਸ ਈ ਸੰਸਥਾ ਸ੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਮੱਲ੍ਹੀਆਂ ਵਿਖੇ ਸ੍ਰੀ ਸਹਿਜ ਪਾਠ ਸੇਵਾ ਲਹਿਰ ਹੈਡ ਆਫਿਸ ਅੰਮ੍ਰਿਤਸਰ ਵੱਲੋਂ ਸਹਿਜ ਪਾਠ ਸੰਪੂਰਨਤਾ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਜੰਡਿਆਲਾ ਗੁਰੂ ਦੇ ਆਸ ਪਾਸ ਦੇ 12 ਸਕੂਲਾਂ ਦੇ ਲਗਭਗ 250 ਬੱਚਿਆਂ ਨੇ ਭਾਗ ਲਿਆ। ਇਸ ਸਮਾਗਮ ਵਿੱਚ ਸ੍ਰੀ ਸਹਿਜ ਪਾਠ ਸੇਵਾ ਸੋਸਾਇਟੀ ਅੰਮ੍ਰਿਤਸਰ ਤੋਂ ਦਿਲਬਾਗ ਸਿੰਘ, ਤਰਜਿੰਦਰ ਸਿੰਘ, ਗੁਰਿੰਦਰ ਸਿੰਘ, ਪੂਨਮ ਕੌਰ, ਹਰਪ੍ਰੀਤ ਕੌਰ, ਮਨਜੀਤ ਕੌਰ, ਅਮਨਪ੍ਰੀਤ ਕੌਰ, ਦਵਿੰਦਰ ਕੌਰ ਨੇ ਜਿਨ੍ਹਾ ਬੱਚਿਆਂ ਨੇ ਸਹਿਜ ਪਾਠ ਸੰਪੂਰਨ ਕੀਤੇ ਸੀ ਉਨ੍ਹਾਂ ਬੱਚਿਆਂ ਨੂੰ ਗਿਫ਼ਟ ਦੇ ਕੇ ਸਨਮਾਨਤ ਕੀਤਾ ਅਤੇ ਸਕੂਲ ਦੇ ਪ੍ਰਿੰਸੀਪਲ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਪਲਵਿੰਦਰ ਪਾਲ ਸਿੰਘ ਨੇ ਸਹਿਜ ਪਾਠ ਸੇਵਾ ਲਹਿਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਬਹੁਤ ਸ਼ਲਾਘਾਯੋਗ ਉਪਰਾਲਾ ਹੈ। ਅੱਜ ਦੇ ਟਾਇਮ ਵਿੱਚ ਗੁਰਬਾਣੀ ਨਾਲ ਜੁੜਨਾ ਤੇ ਜੋੜਨਾ ਬਹੁਤ ਔਖਾ ਹੈ। ਉਨ੍ਹਾਂ ਕਿਹਾ ਕਿ ਸਹਿਜ ਪਾਠ ਕੋਈ ਕਿਸੇ ਵੀ ਧਰਮ ਨਾਲ ਸਬੰਧ ਰੱਖਦਾ ਹੋਵੇ ਕਰ ਸਕਦਾ ਹੈ। ਇਸ ਮੌਕੇ ਸਕੂਲ ਵਿੱਚ ਪਹੁੰਚੇ ਰਜਿ. ਵੈਲਫੇਅਰ ਕਲੱਬ ਜੰਡਿਆਲਾ ਗੁਰੂ ਤੋਂ ਪ੍ਰਧਾਨ ਪਰਮਿੰਦਰ ਸਿੰਘ ਜੋਸਨ, ਰਾਮ ਪ੍ਰਸਾਦ ਸ਼ਰਮਾ, ਸੁਰਿੰਦਰ ਪਾਲ, ਜਸਪਾਲ ਸ਼ਰਮਾ, ਅਸ਼ਵਨੀ ਸ਼ਰਮਾ, ਦਿਆਲ ਅਰੋੜਾ, ਲਾਡੀ ਮੱਲ੍ਹੀ ਆਦਿ ਤੇ ਸਮੂਹ ਸਟਾਫ ਨੂੰ ਦੀਵਾਲੀ ਗਿਫ਼ਟ ਦਿੱਤੇ ਗਏ ਤੇ ਪੱਤਰਕਾਰ ਭਾਈਚਾਰੇ ਵੱਲੋਂ ਪ੍ਰਿੰਸੀਪਲ ਨੂੰ ਸਿਰੋਪਾਓ ਤੇ ਗਿਫ਼ਟ ਦੇ ਕੇ ਸਨਮਾਨਤ ਕੀਤਾ ਗਿਆ।

# ਕਾਮਰੇਡ ਜਸਪਾਲ ਸਿੰਘ ਵੱਲੋਂ ਸਰਕਾਰ ਦੀ ਨਿਖੇਧੀ



**ਝਬਾਲ ( ਮੱਖਣ ਮਨੋਜ )** ਜ਼ਹੂਰੀ ਕਿਸਾਨ ਸਭਾ ਦੇ ਸੂਬਾਈ ਆਗੂ ਕਾਮਰੇਡ ਜਸਪਾਲ ਸਿੰਘ ਢਿੱਲੋਂ ਨੇ ਪ੍ਰੈਸ ਬਿਆਨ ਰਾਹੀਂ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਝੋਨੇ ਦੀ ਫ਼ਸਲ ਨੂੰ ਰੌਲਣ ਅਤੇ ਕੌਡੀਆਂ ਦੇ ਭਾਅ ਖ਼ੀਦ ਕੇ ਲੁੱਟਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਵਪਾਰੀਆਂ ਨੂੰ ਕਿਸਾਨਾਂ ਦੀ ਦੋਹੀਂ ਹੱਥੀਂ ਲੁੱਟ ਕਰਨ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ, ਸਗੋਂ ਡੀ ਏ ਪੀ ਖਾਦ ਬਲੈਕ ਵੇਚ ਕੇ ਕਿਸਾਨਾਂ ਦੀ ਦੋਹਰੀ ਲੁੱਟ ਕੀਤੀ ਜਾ ਰਹੀ ਹੈ ਜਿਸ ਦੇ ਖਿਲਾਫ ਜ਼ੋਰਦਾਰ ਅਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਅਤੇ ਤਿੱਖੇ ਘੋਲ ਦੇ ਰਸਤੇ ਪੈਣ ਦਾ ਸੱਦਾ ਦਿੱਤਾ।

# ਚਰਨਜੀਤ ਸਿੰਘ ਦਿਉਲ ਇੰਡੀਅਨ ਫਾਰਮਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਇੰਡੀਅਨ ਫਾਰਮਰ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਤੇ ਪੰਜਾਬ ਪ੍ਰਧਾਨ ਹਰਿੰਦਰ ਸਿੰਘ ਨਡਿਆਲੀ ਤੇ ਕੁਲਵੰਤ ਸਿੰਘ ਭਲਾਈਪੁਰ ਵੱਲੋਂ ਚਰਨਜੀਤ ਸਿੰਘ ਦਿਉਲ ਦੀਆ ਐਸੋਸੀਏਸ਼ਨ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਜ਼ਿਲ੍ਹਾ ਤਰਨਤਾਰਨ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਆਪਣੀ ਨਿਯੁਕਤੀ 'ਤੇ ਚਰਨਜੀਤ ਸਿੰਘ ਦਿਉਲ ਨੇ ਉਕਤ ਸਾਰੇ ਆਗੂਆਂ ਦਾ ਦਿਲੋਂ ਧੰਨਵਾਦ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਐਸੋਸੀਏਸ਼ਨ ਨੇ ਜੋ ਮੇਰੇ 'ਤੇ ਵਿਸ਼ਵਾਸ ਕੀਤਾ ਹੈ, ਮੈਂ ਉਸ 'ਤੇ ਖਰਾ ਉਤਰਾਂਗਾ ਤੇ ਦਿਨ ਰਾਤ ਇੱਕ ਕਰਕੇ ਕੰਮ ਕਰਾਂਗਾ। ਚਰਨਜੀਤ ਸਿੰਘ ਦਿਉਲ ਨੂੰ ਉਹਨਾਂ ਦੀ ਨਿਯੁਕਤੀ 'ਤੇ ਜਗਵਿੰਦਰ ਸਿੰਘ ਮਣਕ ਸਰਪੰਚ, ਇੰਸਪੈਕਟਰ ਜਸਵਿੰਦਰ ਸਿੰਘ ਝੰਡੇਰ, ਪ੍ਰਮਜੀਤ ਸਿੰਘ ਦਿਓਲ, ਹਰਜੀਤ ਸਿੰਘ ਸੰਧੂ, ਕੰਵਲਜੀਤ ਸਿੰਘ ਸੰਧੂ, ਦਿਲਬਾਗ ਸਿੰਘ ਵਿਰਕ, ਰਾਜਦੀਪ ਸਿੰਘ ਵਿਰਕ,ਲਖਵਿੰਦਰ ਸਿੰਘ ਕਨਗੋ, ਸੰਤੋਖ ਸਿੰਘ ਨੰਬਰਦਾਰ ,ਰਤਨ ਸਿੰਘ ਪ੍ਰਧਾਨ ਦਿਓਲ ,ਪ੍ਰੀਤਮ ਸਿੰਘ ਸੇਖੋਂ ਤੇ ਜਗਦੀਪ ਸਿੰਘ ਵਿਰਕਆਦਿ ਨੇ ਵਧਾਈਆਂ ਦਿੱਤੀਆਂ।

# ਦੋ ਨਸ਼ਾ ਤਸਕਰਾਂ ਕੋਲੋਂ 105 ਕਿਲੋ ਹੈਰੋਇਨ ਤੇ 6 ਪਿਸਤੌਲ ਬਰਾਮਦ

**ਬੁਤਾਲਾ ( ਨਿਰਮਲ ਸਿੰਘ ਸੰਘਾ )** ਬੀਤੀ ਰਾਤ ਇਤਿਹਾਸਕ ਨਗਰ ਬਾਬਾ ਬਕਾਲਾ ਸਾਹਿਬ ਵਿਖੇ ਸਥਿਤ ਲੇਡੀਜ਼ ਰੋਡ, ਬਾਬਾ ਬਕਾਲਾ ਸਾਹਿਬ ਵਿਖੇ ਸਥਿਤ ਇਕ ਰਿਹਾਇਸ਼ੀ ਮਕਾਨ ਵਿੱਚੋਂ ਅੰਮ੍ਰਿਤਸਰ ਕਾਊਂਟਰ ਇੰਟੈਲੀਜੈਂਸੀ ਵੱਲੋਂ ਦੋ ਨਸ਼ਾ ਤਸਕਰਾਂ ਕੋਲੋਂ 105 ਕਿਲੋ ਹੈਰੋਇਨ, 31.3 ਕਿਲੋ ਕੈਫੀਨ, 17 ਕਿਲੋ ਡੀਆਰ, 5 ਵਿਦੇਸ਼ੀ ਪਿਸਤੌਲ ਅਤੇ 1 ਦੇਸੀ ਕੱਟਾ ਬ੍ਰਾਮਦ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਿਨ੍ਹਾਂ ਦੀ ਪਹਿਚਾਣ ਨਵਜੋਤ ਸਿੰਘ ਅਤੇ ਲਵਪ੍ਰੀਤ ਸਿੰਘ ਵਜੋਂ ਹੋਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਨਸ਼ਾ ਤਸਕਰਾਂ ਨੇ ਲੇਡੀ ਰੋਡ ਵਿਖੇ ਇੱਕ ਕੋਠੀ ਕਿਰਾਏ 'ਤੇ ਲਈ ਸੀ, ਜਿਸ ਵਿੱਚ ਇਹ ਨਸ਼ੇ ਦਾ ਕਾਰੋਬਾਰ ਕਰਦੇ ਸਨ। ਪੁਲਸ ਨੇ ਇਕ ਗੁਪਤ ਸੂਚਨਾ ਦੇ ਆਧਾਰ 'ਤੇ ਇਸ ਕੋਠੀ 'ਚ ਛਾਪੇਮਾਰੀ ਕੀਤੀ, ਜਿੱਥੋਂ ਭਾਰੀ ਮਾਤਰਾ 'ਚ ਹੈਰੋਇਨ, ਕੈਫੀਨ ਅਤੇ ਪਿਸਤੌਲ ਬ੍ਰਾਮਦ ਹੋਏ ਹਨ। ਦੱਸਿਆ ਜਾਂਦਾ ਹੈ ਕਿ ਇਹ ਨਸ਼ਾ ਤਸਕਰ ਵਿਦੇਸ਼ 'ਚ ਰਹਿ ਰਹੇ ਨਾਮੀ ਨਸ਼ਾ ਤਸਕਰ ਮਨਪ੍ਰੀਤ ਭੁੱਲਰ ਲਈ ਕੰਮ ਕਰਦੇ ਸਨ ਅਤੇ ਪਾਕਿਸਤਾਨ ਤੋਂ ਦਰਿਆ ਰਾਹੀਂ ਵੱਡੀਆਂ ਟਿਊਬਾਂ ਨਾਲ ਨਸ਼ਾ ਤਸਕਰੀ ਕਰਦੇ ਸਨ ।

## ਜਨਮ ਦਿਨ ਮੁਬਾਰਕ



ਬਬਲਜੀਤ ਸਿੰਘ (ਭੋਗਪੁਰ)



ਓਨਿਸ ਅੱਤਰੀ (ਚੀਮਾ ਮੰਡੀ)



ਗੁਰਸੀਰਤ ਕੌਰ (ਖੰਗੂੜਾ)

## ਵਰ੍ਹੇਗੰਢ ਮੁਬਾਰਕ



ਕੁਲਵਿੰਦਰ ਸਿੰਘ ਤੇ ਪਤਨੀ ਤਰਮੇਸ਼ ਕੌਰ ਪਿੰਡ ਦੁਰਗਾਪੁਰ ਨੇ ਵਿਆਹ ਦੀ ਵਰ੍ਹੇਗੰਢ ਮਨਾਈ।

# ਸ੍ਰੀ ਸਹਿਜ ਪਾਠ ਗੁਰਬਾਣੀ ਉਚਾਰਨ ਮੁਕਾਬਲੇ ਕਰਵਾਏ





**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਸ੍ਰੀ ਸਹਿਜ ਪਾਠ ਲਹਿਰ ਦੁਆਰਾ ਵੱਖ-ਵੱਖ ਸਕੂਲੀ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਮਹਾਨ ਉਪਰਾਲਾ ਪਿਛਲੇ ਕਈ ਸਾਲਾਂ ਤੋਂ ਚੱਲਦਾ ਆ ਰਿਹਾ ਹੈ। ਅੱਜ ਗੁਰਦੁਆਰਾ ਸ੍ਰੀ ਤਪਿਆਣਾ ਸਾਹਿਬ , ਮਾਤਾ ਖੀਵੀ ਜੀ ਲੰਗਰ ਹਾਲ ਖਡੂਰ ਸਾਹਿਬ (ਤਰਨ ਤਾਰਨ) ਵਿਖੇ ਸ੍ਰੀ ਸਹਿਜ ਪਾਠ ਗੁਰਬਾਣੀ ਉਚਾਰਨ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਕੂਲੀ ਬੱਚਿਆਂ ਦੁਆਰਾ ਸ਼ਿਰਕਤ ਕੀਤੀ ਗਈ। ਇਸ ਮੁਕਾਬਲੇ ਵਿੱਚ ਇੱਕ ਸਹਿਜ ਪਾਠ ਸੰਪੂਰਨ ਕਰ ਚੁੱਕੇ ਵਿਦਿਆਰਥੀਆਂ ਦੁਆਰਾ ਹਿੱਸਾ ਲਿਆ ਗਿਆ, ਜਿਸ ਵਿੱਚ ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੇ ਵੀ ਸ਼ੁੱਧ ਗੁਰਬਾਣੀ ਉਚਾਰਨ ਕਰਕੇ ਆਪਣਾ ਹੁਨਰ ਦਿਖਾਇਆ । ਹਿੱਸਾ ਲੈਣ ਵਾਲੇ ਵਿਦਿਆਰਥੀਆਂ ਵਿੱਚ ਹਰਲੀਨ ਕੌਰ , ਜਸ਼ਨਦੀਪ ਕੌਰ ਅਤੇ ਅਰਮਾਨਦੀਪ ਸਿੰਘ ( ਨੌਂਵੀਂ ਜਮਾਤ), ਗੁਰਲੀਨ ਕੌਰ( ਗਿਆਰਵੀਂ ਜਮਾਤ), ਕੋਮਲਦੀਪ ਕੌਰ ਅਤੇ ਪਲਕਜੀਤ ਕੌਰ ( ਬਾਰਵੀਂ ਜਮਾਤ) ਦੁਆਰਾ ਸ਼ੁੱਧ ਗੁਰਬਾਣੀ ਉਚਾਰਨ ਕਰਕੇ ਵੱਖ ਵੱਖ ਇਨਾਮ ਪ੍ਰਾਪਤ ਕੀਤੇ ਗਏ ਅਤੇ ਅਧਿਆਪਕ ਹਰਮਨਜੀਤ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ।ਸਕੂਲ ਪਹੁੰਚਣ ਤੇ ਪ੍ਰਿੰਸੀਪਲ ਮੈਡਮ ਨਵਜੋਤੀ ਅਤੇ ਸਮੂਹ ਮੈਨੇਜਮੈਂਟ ਕਮੇਟੀ ਵੱਲੋਂ ਇਹਨਾਂ ਬੱਚਿਆਂ ਦੇ ਹੁਨਰ ਦੀ ਸ਼ਲਾਘਾ ਕੀਤੀ ਗਈ ਅਤੇ ਬਾਕੀ ਬੱਚਿਆਂ ਨੂੰ ਵੀ ਗੁਰਬਾਣੀ ਨਾਲ ਜੁੜਨ ਦੇ ਲਈ ਪ੍ਰੇਰਿਤ ਕੀਤਾ ਗਿਆ।

# ਕਿਸਾਨ ਤੇ ਜਵਾਨ ਭਲਾਈ ਯੂਨੀਅਨ ਦੇ ਆਗੂਆਂ ਤੇ ਕਿਸਾਨਾਂ ਨੂੰ ਕੀਤਾ ਨਜ਼ਰਬੰਦ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)** - ਬੀਤੀ ਸ਼ਾਮ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਮਸਤਕੋਟ ਵਿਖੇ ਜ਼ਿਮਨੀ ਚੋਣ ਸਬੰਧੀ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਨ ਪਹੁੰਚਣਾ ਸੀ, ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਅਤੇ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਨੇ ਮੁੱਖ ਮੰਤਰੀ ਨੂੰ ਮੰਡੀਆਂ ਵਿੱਚ ਰੁਲ ਰਹੇ ਝੋਨੇ ਡੀ ਏ ਪੀ ਦੀ ਘਾਟ ਅਤੇ ਪਰਾਲੀ ਸਾੜਨ ਵਾਲੇ ਕਿਸਾਨਾਂ ਉੱਤੇ ਕੀਤੇ ਜਾ ਰਹੇ ਪਰਚਿਆਂ ਸਬੰਧੀ ਸਵਾਲ ਪੁੱਛਣ ਦਾ ਪ੍ਰੋਗਰਾਮ ਦਿੱਤਾ ਹੋਇਆ ਸੀ। ਜਿਸ 'ਤੇ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਨੂੰ ਡੀ ਐਸ ਪੀ ਡੀ ਅਮੋਲਕ ਸਿੰਘ ਦੀ ਅਗਵਾਈ ਹੇਠ ਸੈਂਕੜਿਆਂ ਦੀ ਗਿਣਤੀ ਵਿੱਚ ਪੁਲਸ ਕਰਮੀਆਂ ਨੇ ਉਨ੍ਹਾਂ ਦੇ ਘਰ ਅਤੇ ਪਿੰਡ ਨੂੰ ਘੇਰਾ ਪਾ ਕੇ ਉਨ੍ਹਾਂ ਨੂੰ ਨਜ਼ਰਬੰਦ ਕਰੀ ਰੱਖਿਆ। ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਬੀਰ ਸਿੰਘ ਰੰਧਾਵਾ ਨੂੰ ਪੁਲਸ ਸਟੇਸ਼ਨ ਸਦਰ ਬਿਠਾਇਆ ਅਤੇ ਜਦੋਂ ਇਨ੍ਹਾਂ ਜਥੇਬੰਦੀਆਂ ਦੇ ਕਿਸਾਨ ਵੱਡੀ ਗਿਣਤੀ ਵਿੱਚ ਘਰਾਂ ਚੋਂ ਨਿਕਲ ਕੇ ਮੁੱਖ ਮੰਤਰੀ ਦੇ ਪ੍ਰੋਗਰਾਮ ਵਾਲੀ ਥਾਂ 'ਤੇ ਜਾਣ ਲਈ ਗੁਰਦੁਆਰਾ ਬਉਲੀ ਸਾਹਿਬ ਵਡਾਲਾ ਬਾਂਗਰ ਅਤੇ ਸ਼ਿਵ ਮੰਦਰ ਪਾਰਕ ਕਲਾਨੌਰ ਵਿਖੇ ਇਕੱਤਰ ਹੋਏ ਤਾਂ ਪੁਲਸ ਨੇ ਇਨ੍ਹਾਂ ਦੋਵਾਂ ਸਥਾਨਾਂ ਨੂੰ ਘੇਰਾ ਪਾ ਕੇ ਇਕੱਤਰ ਹੋਏ ਕਿਸਾਨਾਂ ਨੂੰ ਆਰਜ਼ੀ ਤੌਰ 'ਤੇ ਗ੍ਰਿਫਤਾਰ ਕਰ ਲਿਆ ਅਤੇ ਕਈ ਕਿਸਾਨਾਂ ਅਤੇ ਕਿਸਾਨ ਆਗੂਆਂ ਨੂੰ ਕਲਾਨੌਰ ਥਾਣੇ ਬਿਠਾਈ ਰੱਖਿਆ।ਕਿਸਾਨ ਜਥੇਬੰਦੀਆਂ ਦੇ ਝੰਡੇ ਅਤੇ ਸਟਿੱਕਰ ਲੱਗੀਆਂ ਗੱਡੀਆਂ ਤੇ ਮੋਟਰਸਾਈਕਲਾਂ ਨੂੰ ਪੁਲਿਸ ਨੇ ਵੱਖ ਵੱਖ ਇਲਾਕਿਆਂ 'ਤੇ ਰੋਕੀ ਰੱਖਿਆ।ਇਸ ਸਬੰਧੀ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਪ੍ਰਧਾਨ ਅਤੇ ਮੋਰਚੇ ਦੇ ਆਗੂ ਸੁਖਦੇਵ ਸਿੰਘ ਭੋਜਰਾਜ ਨੇ ਦੱਸਿਆ ਕਿ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਮਾਨ ਨੂੰ ਜੋ ਤਿੰਨ ਸਵਾਲ ਕਰਨ ਦਾ ਪ੍ਰੋਗਰਾਮ ਸੀ, ਉਸ 'ਚ ਸ਼ਾਮਲ ਸਾਰੇ ਆਗੂ ਸਾਹਿਬਾਨ, ਸਾਰੀਆਂ ਇਕਾਈਆਂ ਦੇ ਪ੍ਰਧਾਨ ਸਾਹਿਬਾਨ ਅਤੇ ਇਸ ਪ੍ਰਦਰਸ਼ਨ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਾਰੇ ਕਿਸਾਨਾਂ ਮਜ਼ਦੂਰਾਂ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ।ਬੇਸ਼ੱਕ ਤੁਹਾਨੂੰ ਪੰਜਾਬ ਸਰਕਾਰ ਦਾ ਹੱਥਠੋਕਾ ਬਣੀ ਪੰਜਾਬ ਪੁਲਸ ਦੇ ਧੱਕੇ ਦਾ ਸ਼ਿਕਾਰ ਹੋਣਾ ਪਿਆ, ਮੇਰੇ ਬਹੁਤ ਸਾਰੇ ਆਗੂਆਂ ਨੂੰ ਵੱਖ ਵੱਖ ਥਾਣਿਆਂ 'ਚ ਰੱਖਿਆ ਗਿਆ, ਘਰਾਂ ਵਿੱਚ ਨਜ਼ਰਬੰਦ ਕੀਤਾ ਗਿਆ, ਗੁਰੂ ਘਰਾਂ ਵਿੱਚ ਘੇਰਾ ਪਾ ਕੇ ਰੋਕੀ ਰੱਖਣ ਦੇ ਬਾਵਜੂਦ ਤੁਸੀਂ ਜ਼ਬਰਦਸਤ ਵਿਰੋਧ ਦਰਜ ਕਰਵਾਉਣ ਵਿਚ ਕਾਮਯਾਬ ਹੋਏ ਹੋ। ਭੋਜਰਾਜ ਨੇ ਕਿਹਾ ਕਿ ਜਦੋਂ ਇਲਾਕੇ ਦੇ ਕਿਸਾਨ ਵੱਡੀ ਗਿਣਤੀ ਵਿੱਚ ਨਿਕਲ ਕੇ ਮੁੱਖ ਮੰਤਰੀ ਦੀ ਰੈਲੀ ਵਾਲੀ ਜਗ੍ਹਾ ਵੱਲ ਨੂੰ ਵਧਣ ਲੱਗੇ ਤਾਂ ਇਸ ਵਧਦੇ ਦਬਾਅ ਨੂੰ ਦੇਖ ਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਸਾਨੂੰ ਵਿਸ਼ਵਾਸ ਦਿਵਾਇਆ ਕਿ ਤੁਹਾਡੀ ਪਹਿਲਾਂ ਮੀਟਿੰਗ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਕਰਵਾਈ ਜਾਵੇਗੀ ਅਤੇ ਕੁਲਦੀਪ ਸਿੰਘ ਧਾਲੀਵਾਲ ਮੁੱਖ ਮੰਤਰੀ ਮਾਨ ਨੂੰ ਮਿਲਣ ਦਾ ਟਾਈਮ ਤੈਅ ਕਰਨਗੇ। ਸੋ ਮੀਟਿੰਗ ਕਰਨ ਲਈ ਕਿਸਾਨ ਆਗੂਆਂ ਦੇ ਇੱਕ ਪੰਜ ਮੈਂਬਰੀ ਵਫਦ ਨਾਲ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮੀਟਿੰਗ ਕਰਕੇ ਵਾਅਦਾ ਕੀਤਾ ਕਿ ਭਗਵੰਤ ਮਾਨ ਨਾਲ ਤੁਹਾਡੀ ਕਲਾਨੌਰ ਵਿੱਚ ਹੀ ਮੀਟਿੰਗ ਕਰਵਾਈ ਜਾਵੇਗੀ। ਪ੍ਰੰਤੂ ਮੀਟਿੰਗ ਲਈ ਤੈਅ ਕੀਤੀ ਜਗ੍ਹਾ 'ਤੇ ਭਗਵੰਤ ਮਾਨ ਨਹੀਂ ਰੁਕਿਆ। ਜਿਸ ਤੋਂ ਗੁੱਸੇ ਵਿੱਚ ਆਏ ਕਿਸਾਨ ਆਗੂਆਂ ਦੇ ਵਫਦ ਨੇ ਸ਼ਿਵ ਮੰਦਰ ਪਾਰਕ ਵਿੱਚ ਵੱਡੀ ਗਿਣਤੀ ਵਿੱਚ ਪੁਲਸ ਪ੍ਰਸ਼ਾਸਨ ਦੀਆਂ ਖੜ੍ਹੀਆਂ ਗੱਡੀਆਂ ਅਤੇ ਪੁਲਸ ਅਧਿਕਾਰੀਆਂ ਨੂੰ ਪਾਰਕ ਦੇ ਅੰਦਰ ਹੀ ਰੋਕ ਲਿਆ ਤੇ ਗੇਟ 'ਚ ਬੈਠ ਕੇ ਧਰਨਾ ਸ਼ੁਰੂ ਕਰ ਦਿੱਤਾ ਅਤੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਉਪਰੰਤ ਐਸ ਪੀ ਡੀ ਬਲਵਿੰਦਰ ਸਿੰਘ ਰੰਧਾਵਾ ਵੱਲੋਂ ਧਰਨੇ ਵਾਲੀ ਥਾਂ 'ਤੇ ਪਹੁੰਚ ਕੇ ਆਉਣ ਵਾਲੇ ਕੁਝ ਦਿਨਾਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਕਰਵਾਉਣ ਦਾ ਵਿਸ਼ਵਾਸ ਦਿਵਾਉਣ ਤੋਂ ਬਾਅਦ ਕਿਸਾਨ ਆਗੂਆਂ ਨੇ ਧਰਨਾ ਚੁੱਕਿਆ। ਇਸ ਮੌਕੇ ਸੁਖਦੇਵ ਸਿੰਘ ਭੋਜਰਾਜ ਤੋਂ ਇਲਾਵਾ ਬਲਬੀਰ ਸਿੰਘ ਰੰਧਾਵਾ, ਕਵਲਜੀਤ ਸਿੰਘ ਖੁਸ਼ਹਾਲਪੁਰ,ਅਵਤਾਰ ਸਿੰਘ ਰੜੇਵਾਲੀ ਜੋਗਿੰਦਰ ਸਿੰਘ ਖੰਨਾ ਚਮਾਰਾ ਪਰਮਪਾਲ ਸਿੰਘ ਮੇਤਲਾ, ਗੁਰਚਰਨ ਸਿੰਘ ਹੁੰਦਲ, ਜਸਬੀਰ ਸਿੰਘ ਦੁਲਾਨੰਗਲ, ਦੀਦਾਰ ਸਿੰਘ ਕਲਾਨੌਰ, ਹਰਿਕਵਲ ਸਿੰਘ ਰੰਧਾਵਾ, ਸੁਖਦੇਵ ਸਿੰਘ ਗੁਰਚੱਕ, ਅਜੀਤ ਪਾਲ ਸਿੰਘ ਸ਼ਾਹਪੁਰ, ਚੇਅਰਮੈਨ ਮਨਦੀਪ ਸਿੰਘ ਪੰਨੂ, ਸਤਬੀਰ ਸਿੰਘ ਖੋਦੇ ਬੇਟ, ਮੰਗਲ ਸਿੰਘ ਬਰਿਆਰ ਆਦਿ ਕਿਸਾਨ ਆਗੂ ਸ਼ਾਮਲ ਸਨ।

# ਸਾਂਝਾ ਫਰੰਟ ਦੇ ਸੱਦੇ 'ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਦੀ ਅਰਥੀ ਫੂਕੀ



ਤਰਨ ਤਾਰਨ : ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੂਬਾ ਪੱਧਰੀ ਸੱਦੇ 'ਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਤਰ ਹੋ ਕੇ ਸਾਂਝਾ ਫਰੰਟ ਦੀਆਂ ਵੱਖ ਵੱਖ ਧਿਰਾਂ ਦੇ ਆਗੂਆਂ ਬਲਜਿੰਦਰ ਸਿੰਘ ਦੋਬਲੀਆਂ, ਕਾਰਜ ਸਿੰਘ ਕੈਰੋਂ, ਗੁਰਪ੍ਰੀਤ ਸਿੰਘ ਮੰਨਣ, ਪੂਰਨ ਦਾਸ, ਨਰਿੰਦਰ ਬੇਦੀ, ਨਰਿੰਦਰ ਸਿੰਘ ਜੋਧਪੁਰ, ਸਵਰਨ ਸਿੰਘ ਕੁਹਾੜਕਾ, ਜਸਪ੍ਰੀਤ ਸਿੰਘ ਪੱਟੀ ਦੀ ਸਾਂਝੀ ਅਗਵਾਈ ਹੇਠ ਸਥਾਨਿਕ ਪਾਵਰਕਾਮ ਦਫਤਰ ਦੇ ਗੇਟ 'ਤੇ ਮਾਨ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਮਸਲਿਆਂ ਨੂੰ ਅਣਗੌਲਿਆ ਕਰਨ ਦੀ ਨੀਤੀ ਦੇ ਖਿਲਾਫ਼ ਭਰਵੀਂ ਰੋਸ ਰੈਲੀ ਕਰਦੇ ਹੋਏ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਜੋਰਦਾਰ ਨਾਅਰੇਬਾਜੀ ਕਰਕੇ ਪਿੱਟ ਸਿਆਪਾ ਕੀਤਾ।

ਇਸ ਮੌਕੇ ਆਗੂਆ ਨੇ ਮੁੱਖ ਮੰਤਰੀ ਦੀ ਡੰਗ ਟਪਾਊ ਅਤੇ ਲਾਰੇ ਲਾਉਣ ਦੀ ਨੀਤੀ ਦੀ ਤਿੱਖੇ ਸ਼ਬਦਾਂ 'ਚ ਨਿਖੇਧੀ ਕੀਤੀ। ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ, ਮਾਸਟਰ ਸਤਵਿੰਦਰ ਸਿੰਘ, ਬਲਵਿੰਦਰ ਸਿੰਘ ਪਲਾਸੌਰ, ਜੱਸਾ ਸਿੰਘ ਕੱਦਗਿੱਲ, ਬਲਜਿੰਦਰ ਕੌਰ, ਜਸਵਿੰਦਰ ਸਿੰਘ ਮਾਣੋਚਾਹਲ, ਜਸਬੀਰ ਸਿੰਘ ਸੇਰੋਂ, ਕਮਰਜੀਤ ਸਿੰਘ ਮੱਲਮੋਹਰੀ, ਧਨਵੰਤ ਸਿੰਘ ਰੰਧਾਵਾ, ਤਾਰਾ ਸਿੰਘ ਖਹਿਰਾ, ਸਤਨਾਮ ਸਿੰਘ, ਰਣਜੀਤ ਸਿੰਘ, ਬਿਕਰਮਜੀਤ ਸਿੰਘ ਝਬਾਲ, ਲਖਵਿੰਦਰ ਸਿੰਘ ਬਹਿਲਾ ਆਦਿ ਨੇ ਆਖਿਆ ਕਿ ਮੁੱਖ ਮੰਤਰੀ ਵੱਲੋਂ ਲਗਾਤਾਰ ਮੀਟਿੰਗਾਂ ਮੁਲਤਵੀ ਕਰਕੇ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਵੱਡਾ ਧੋਖਾ ਕੀਤਾ ਹੈ।ਸਾਂਝਾ ਫਰੰਟ ਦੇ ਫੈਸਲੇ ਅਨੁਸਾਰ ਮੁਲਾਜ਼ਮ ਤੇ ਪੈਨਸ਼ਨਰ ਪੰਜਾਬ ਸਰਕਾਰ ਖਿਲਾਫ਼ ਜਿਮਨੀ ਚੋਣਾਂ ਵਾਲੇ ਹਲਕਿਆਂ ਵਿੱਚ 3 ਨਵੰਬਰ ਨੂੰ ਚੱਬੇਵਾਲ 7 ਨਵੰਬਰ ਨੂੰ ਗਿੱਦੜਬਾਹਾ 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਅਤੇ 10 ਨਵੰਬਰ ਨੂੰ ਬਰਨਾਲਾ ਵਿਖੇ ਝੰਡਾ ਮਾਰਚ ਕਰਕੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਨਗੇ।

# ਪੀ ਐੱਸ ਪੀ ਸੀ ਐੱਲ ਦਾ ਮੁੱਖ ਖ਼ਜ਼ਾਨਚੀ 50,000 ਰੁਪਏ ਰਿਸ਼ਵਤ ਲੈਂਦਾ ਕਾਬੂ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ) ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਅੱਜ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦਫ਼ਤਰ, ਸਬ ਡਵੀਜ਼ਨ ਸਾਊਥ, ਅੰਮ੍ਰਿਤਸਰ ਵਿਖੇ ਤਾਇਨਾਤ ਮੁੱਖ ਖ਼ਜ਼ਾਨਚੀ ਦਵਿੰਦਰ ਸਿੰਘ ਨੂੰ ਕਥਿਤ ਤੌਰ 'ਤੇ 50,000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਨਰਿੰਦਰ ਕੁਮਾਰ ਵਾਸੀ ਬਜ਼ਾਰ ਗੁਜਰਾਂ, ਭਗਤਾਂ ਵਾਲਾ, ਗੇਟ ਹਕੀਮਾ, ਅੰਮ੍ਰਿਤਸਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਹਨਾਂ ਅੱਗੇ ਦੱਸਿਆ ਕਿ ਸ਼ਿਕਾਇਤ ਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਸੀ ਕਿ ਉਸਨੇ ਸ਼ਕਤੀ ਨਗਰ, ਅੰਮ੍ਰਿਤਸਰ ਵਿਖੇ ਆਪਣੀ ਦੁਕਾਨ 'ਤੇ ਵਪਾਰਕ ਬਿਜਲੀ ਮੀਟਰ ਲਗਾਉਣ ਲਈ ਦਰਖ਼ਾਸਤ ਦਿੱਤੀ ਸੀ ਅਤੇ ਇਸ ਸਬੰਧੀ ਕਾਗਜ਼ ਤਿਆਰ ਕਰਨ ਬਦਲੇ ਮੁਲਜ਼ਮ ਨੇ 1,00,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ।ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤ ਕਰਤਾ ਤੋਂ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਸਰਕਾਰੀ ਪ੍ਰਾਇਮਰੀ ਸਕੂਲ ਜੋੜੀਆਂ ਕਲਾਂ ਵਿਖੇ ਸਵੀਪ ਗਤੀਵਿਧੀਆਂ ਕਰਵਾਈਆਂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਦੇ ਦਿਸ਼ਾ ਨਿਰਦੇਸ਼ਾ ਤੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ-ਕਮ-ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀਮਤੀ ਪਰਮਜੀਤ ਕੌਰ ਅਤੇ ਹਲਕਾ ਨੋਡਲ ਅਫਸਰ ਪ੍ਰਿੰਸੀਪਲ ਰੁਪਿੰਦਰ ਜੀਤ ਧਾਲੀਵਾਲ ਦੀ ਅਗਵਾਈ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਜੋੜੀਆਂ ਕਲਾਂ ਵਿਖੇ ਜ਼ਿਲ੍ਹਾ ਸਵੀਪ ਟੀਮ ਵੱਲੋਂ ਪਹੁੰਚ ਕੇ ਵੋਟਰਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਮੌਕੇ ਪਿੰਡ ਮੁਹਾਲ ਨੰਗਲ, ਜੋੜੀਆਂ ਕਲਾਂ ਦੇ ਸਰਪੰਚਾਂ ,ਪੰਚਾਂ, ਤੋ ਇਲਾਵਾ ਦੋਵਾਂ ਪਿੰਡਾਂ ਦੇ ਮੋਹਤਬਰ ਵਿਅਕਤੀ ਹਾਜ਼ਰ ਸਨ।ਇਸ ਮੌਕੇ ਪੱਤਰਕਾਰਾ ਨੂੰ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਕਮ ਹਲਕਾ ਨੋਡਲ ਅਫਸਰ ਸਵੀਪ ਸੁਰਿੰਦਰ ਕੁਮਾਰ ਅਤੇ ਜਿਲ੍ਹਾਂ ਸਵੀਪ ਟੀਮ ਮੈਂਬਰ ਸੰਦੀਪ ਸਿੰਘ, ਸੈਕਟਰ ਅਫਸਰ ਦਵਿੰਦਰ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਸਵੀਪ ਟੀਮ ਵੱਲੋਂ ਉੱਪ ਚੋਣ 2024 ਡੇਰਾ ਬਾਬਾ ਨਾਨਕ ਵਿਖੇ ਸਵੀਪ ਗਤੀਵਿਧੀਆਂ ਦੁਆਰਾ ਆਮ ਨਾਗਰਿਕਾਂ ਤੇ ਵਿਦਿਆਰਥੀਆਂ ਨੂੰ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਪ੍ਰਤੀ ਪ੍ਰੇਰਿਤ ਕੀਤਾ ਗਿਆ ਹੈ।ਉਨ੍ਹਾਂ ਵੱਲੋਂ ਪਿੰਡ ਵਾਸੀਆਂ ਅਤੇ ਵਿਦਿਆਰਥੀਆਂ ਨੂੰ ਬਿਨ੍ਹਾਂ ਕਿਸੇ ਡਰ, ਭੈਅ ਤੇ ਲਾਲਚ ਤੋਂ ਵੋਟ ਦਾ ਅਧਿਕਾਰ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਮੌਕੇ ਪਿੰਡ ਬੂਥ ਨੰਬਰ 59 ਪਿੰਡ ਮੁਹਾਲ ਨੰਗਲ ਦੇ ਸਰਪੰਚ ਗੁਰਮੀਤ ਸਿੰਘ, ਮੈਂਬਰ ਪੰਚਾਇਤ ਜਾਗੀਰ ਕੌਰ, ਮੈਂਬਰ ਹੰਸ ਰਾਜ ਸ਼ਰਮਾ, ਮੈਂਬਰ ਜਸਵੰਤ ਸਿੰਘ, ਮੈਂਬਰ ਬੀਬੀ ਬੱਬੂ ਨੇ ਮੰਗ ਕੀਤੀ ਹੈ ਕਿ ਸਾਡੇ ਪਿੰਡ ਦਾ ਬੂਥ ਸਾਡੇ ਪਿੰਡ ਮੁਹਾਲ ਨੰਗਲ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਬਣਾਇਆਂ ਜਾਵੇ। ਉਨ੍ਹਾਂ ਨੇ ਇਹ ਵੀ ਦੱਸਿਆਂ ਹੈ ਕਿ ਇਹ ਬੂਥ ਸਾਡੇ ਪਿੰਡ ਤੋਂ 2 ਕਿਲੋਮੀਟਰ ਦੀ ਦੂਰੀ 'ਤੇ ਪੈਂਦਾ ਹੈ, ਬਜ਼ੁਰਗਾਂ ਅਤੇ ਅੰਗਹੀਣ



ਵੋਟਰਾਂ ਨੂੰ ਆਪਣੇ ਹੱਕ ਦਾ ਇਸਤੇਮਾਲ ਕਰਨ ਵਿੱਚ ਬਹੁਤ ਪ੍ਰੇਸ਼ਾਨੀ ਪੇਸ਼ ਆਉਂਦੀ ਹੈ।ਉਨ੍ਹਾਂ ਕਿਹਾ ਕਿ ਜੇਕਰ ਸਾਡੇ ਪਿੰਡ ਦੀਆਂ ਪੰਚਾਇਤਾਂ ਚੋਣਾ ਸਾਡੇ ਪਿੰਡ ਵਿੱਚ ਕਰਵਾਈਆਂ ਜਾਂਦੀਆਂ ਹਨ , ਤਾਂ ਵਿਧਾਨ ਸਭਾ ਤੇ ਪਾਰਲੀਮੈਂਟ ਦੀਆਂ ਚੋਣਾਂ ਕਿਉਂ ਨਹੀਂ ਕਰਵਾਈਆਂ ਜਾਂਦੀਆਂ।ਉਨ੍ਹਾਂ ਅੱਗੇ ਕਿਹਾ ਕਿ ਪਿੰਡ ਵਾਸੀਆਂ ਨੇ ਇਹ ਵੀ ਦੱਸਿਆਂ ਹੈ ਕਿ ਸਾਡੇ ਪਿੰਡ ਵਿੱਚ 2014 ਦੀਆਂ ਪਾਰਲੀਮੈਂਟ ਚੋਣਾਂ ਦੌਰਾਨ 700 ਦੇ ਕਰੀਬ ਆਰਮੀ ਦੇ ਜੁਆਨਾਂ ਦੀਆਂ ਵੋਟਾਂ ਬਣਾਈਆਂ ਗਈਆਂ, 2016 ਵਿੱਚ ਆਰਮੀ ਦੀ ਯੂਨਿਟ ਬਦਲ ਕੇ ਹੋਰ ਕਿਸੇ ਜਗ੍ਹਾਂ ਚੱਲੀ ਗਈ, ਪਰ ਅੱਜ ਤੱਕ ਉਹ ਵੋਟਾਂ ਵੋਟਰ ਲਿਸਟਾਂ ਵਿੱਚੋਂ ਨਹੀਂ ਕੱਟੀਆਂ ਗਈਆਂ, ਇਸ ਕਾਰਨ ਸਾਡੇ ਦੀ ਪੋਲਿੰਗ ਪ੍ਰਤੀਸ਼ਤ ਬਹੁਤ ਘੱਟ ਹੁੰਦੀ ਹੈ, ਇਹ ਬੋਗਸ ਵੋਟਾਂ ਕੱਟੀਆਂ ਜਾਣ, ਇਸ ਸੰਬੰਧੀ ਉਹ ਕਈ ਵਾਰੀ ਆਪਣੇ ਬੀ ਐਲ ਓ ਰਾਹੀ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਵੀ ਲਿਆਂ ਚੁੱਕੇ ਹਨ ਪਰ ਅਜੇ ਤੱਕ ਕੋਈ ਵੀ ਕਾਰਵਾਈ ਅਮਲ ਵਿੱਚ ਨਹੀ ਲਿਆਂਦੀ ਗਈ । ਇਸ ਮੌਕੇ ਪਿੰਡ ਜੋੜੀਆਂ ਕਲਾਂ ਦੇ ਸਰਪੰਚ ਬੀਬੀ ਰਾਜਬੀਰ ਕੌਰ, ਪੰਚ ਕੁਲਵੰਤ ਸਿੰਘ, ਸਾਬਕਾ ਪੰਚ ਕੁਲਦੀਪ ਸਿੰਘ ਬਾਜਵਾ ਨੇ ਵੀ ਕਿਹਾ ਕਿ ਸਾਡੇ ਸਕੂਲ ਵਿੱਚ ਜਗ੍ਹਾਂ ਦੀ ਕਮੀ ਹੋਣ ਕਾਰਨ ਪਿੰਡ ਮੁਹਾਲ ਦਾ ਪੋਲਿੰਗ ਬੂਥ ਪਿੰਡ ਮੁਹਾਲ ਨੰਗਲ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਤਬਦੀਲ ਕੀਤਾ ਜਾਵੇ।ਇਸ ਮੌਕੇ ਹਲਕਾ ਨੋਡਲ ਅਫਸਰ ਸੁਰਿੰਦਰ ਕੁਮਾਰ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਤੇ ਕਿਹਾ ਕਿ ਉਹ ਪਿੰਡ ਮੁਹਾਲ ਨੰਗਲ ਦੇ ਨਿਵਾਸੀਆਂ ਅਤੇ ਪਿੰਡ ਜੋੜੀਆਂ ਕਲਾਂ ਦੇ ਨਿਵਾਸੀਆਂ ਦੀ ਇਸ ਮੰਗ ਨੂੰ ਐਸ ਡੀ ਐਮ ਡੇਰਾ ਬਾਬਾ ਨਾਨਕ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਧਿਆਨ ਵਿੱਚ ਲਿਆ ਕੇ ਉਸ ਮੰਗ ਨੂੰ ਪੂਰਾ ਕਰਾਉਣ ਦਾ ਯਤਨ ਕਰਨਗੇ।

# ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫ਼ਤਿਹ ਸਿੰਘ ਖਾਲਸਾ ਪਬਲਿਕ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ ਯਾਦਗਾਰੀ ਹੋ ਨਿੱਬੜਿਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫ਼ਤਿਹ ਸਿੰਘ ਖਾਲਸਾ ਪਬਲਿਕ ਸਕੂਲ ਧਾਰੀਵਾਲ ਦਾ ਸਲਾਨਾ ਇਨਾਮਵੰਡ ਸਮਾਗਮ ਸਕੂਲ ਦੇ ਪ੍ਰਿੰਸੀਪਲ ਡਾਕਟਰ ਗਗਨਜੀਤ ਕੌਰ ਦੀ ਅਗਵਾਈ ਹੇਠ ਸਮੂਹ ਸਟਾਫ ਦੇ ਸਹਿਯੋਗ ਨਾਲ ਕਰਵਾਇਆ ਗਿਆ।ਸਮਾਗਮ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਗੁਰਦੇਵ ਸਿੰਘ ਸੋਹਲ ਨੇ ਬਤੌਰ ਮੁੱਖ ਮਹਿਮਾਨ ਸਿਰਕਤ ਕੀਤੀ, ਜਦਕਿ ਸਕੂਲ ਕਮੇਟੀ ਦੇ ਸਕੱਤਰ ਕੁਲਦੀਪ ਸਿੰਘ ਪਟਵਾਰੀ, ਗੁਰਜੀਤ ਸਿੰਘ ਲੇਹਲ ਅਤੇ ਕੁਲਦੀਪ ਸਿੰਘ ਸੋਹਲ ਆਦਿ ਵਿਸ਼ੇਸ਼ ਮਹਿਮਾਨ ਸ਼ਾਮਿਲ ਹੋਏ।ਮੁੱਖ ਮਹਿਮਾਨ ਐਡਵੋਕੇਟ ਗੁਰਦੇਵ ਸਿੰਘ ਸੋਹਲ ਅਤੇ ਹੋਰ ਮਹਿਮਾਨਾਂ ਦਾ ਸਮਾਗਮ ਵਿੱਚ ਪਹੁੰਚਣ 'ਤੇ ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਸਮੇਤ ਸਮੁੱਚੇ ਸਟਾਫ ਵੱਲੋਂ ਭਰਵਾਂ ਸਵਾਗਤ ਕਰਦਿਆਂ ਕਰਦਿਆਂ ਮੁੱਖ ਮਹਿਮਾਨ ਨੂੰ ਐਡਵੋਕੇਟ ਸੋਹਲ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ।ਸਮਾਗਮ ਦੀ ਆਰੰਭਤਾ ਸਕੂਲ ਦੇਵ ਵਿਦਿਆਰਥੀ ਜਥੇ ਵੱਲੋਂ ਗੁਰਬਾਣੀ ਸ਼ਬਦ ਗਾਇਨ ਕਰਕੇ ਕੀਤੀ ਗਈ।

ਉਪਰੰਤ ਵਿਦਿਆਰਥੀਆਂ ਵਲੋਂ ਉਪਰੰਤ ਗਿੱਧਾ, ਭੰਗੜਾ, ਬੋਲੀਆਂ-ਟੱਪੇ ਆਦਿ ਪ੍ਰੋਗਰਾਮ ਪੇਸ਼ ਕਰਕੇ ਖੂਬ ਮਨੋਰੰਜਨ ਕੀਤਾ ਅਤੇ ਸਕੂਲ ਦੇ ਗਤਕਾ ਖਿਡਾਰੀਆਂ ਨੂੰ ਗਤਕੇ ਦੇ ਆਕਰਸ਼ਕ ਜੌਹਰ ਵਿਖਾਏ।ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਕੋਰੀਓਗ੍ਰਾਫੀ ਅਤੇ ਸਕਿੱਟਾਂ ਦੀ ਪੇਸ਼ਕਾਰੀ ਦੁਆਰਾ ਸਮਾਜਿਕ ਕਰੀਤੀਆਂ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ। ਵਿਦਿਆਰਥੀਆਂ ਵੱਲੋਂ ਭਰੂਣ ਹੱਤਿਆ 'ਤੇ ਅਧਾਰਤ ਤੇ ਸਕੋਰ ਕੋਰੀਓਗ੍ਰਾਫੀ ਦੁਆਰਾ ਬੇਟੀਆਂ ਨੂੰ ਵਧੇਰੇ ਪੜ੍ਹਾਉਣ ਅਤੇ ਪੁੱਤਾਂ ਵਾਂਗ ਹੀ ਪਿਆਰ ਕਰਨ ਦਾ ਸੰਦੇਸ਼ ਦਿੱਤਾ।ਇਸ ਮੌਕੇ ਪ੍ਰਿੰਸੀਪਲ ਡਾਕਟਰ ਗਗਨਜੀਤ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕੀਤੀ ਅਤੇ ਸਕੂਲ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਕਰਵਾਈ ਜਾਂਦੀ ਸਖਤ ਮਿਹਨਤ ਸਦਕਾ ਸਕੂਲ ਵਿੱਚੋਂ ਪੜ੍ਹ ਕੇ ਬੁਲੰਦੀਆਂ ਛੂਹ ਰਹੇ ਵਿਦਿਆਰਥੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸੇ ਸਾਲ ਸਕੂਲ ਦੇ ਬਾਰ੍ਹਵੀਂ ਪਾਸ ਵਿਦਿਆਰਥੀ ਸ਼ਾਹਬਾਜ਼ ਪ੍ਰਤਾਪ ਸਿੰਘ ਪਿੰਡ ਲੇਹਲ ਨੇ ਨੀਟ ਦੀ ਪ੍ਰੀਖਿਆ ਵਿੱਚ 720 'ਚੋਂ 700 ਅੰਕ ਪ੍ਰਾਪਤ ਕਰ ਕੇ ਪੂਰੇ ਭਾਰਤ ਵਿੱਚ 1853ਵਾਂ ਰੈਂਕ ਪ੍ਰਾਪਤ ਕਰ ਕੇ ਸਕੂਲ ਦਾ ਮਾਣ ਵਧਾਇਆ ਹੈ। ਉਨ੍ਹਾਂ ਦੱਸਿਆ ਇਸ ਸਾਲ ਪੂਰੇ ਭਾਰਤ 'ਚੋਂ 24 ਲੱਖ ਵਿਦਿਆਰਥੀਆਂ ਨੇ ਨੀਟ ਦੀ ਪ੍ਰੀਖਿਆ ਦਿੱਤੀ ਸੀ।ਸਮਾਗਮ ਸਮਾਗਮ ਦੇ ਆਖਰੀ ਪੜਾਅ ਵਿੱਚ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਐਡਵੋਕੇਟ ਗੁਰਦੇਵ ਸਿੰਘ ਸੋਹਲ, ਵਿਸ਼ੇਸ਼ ਮਹਿਮਾਨਾਂ ਅਤੇ ਪ੍ਰਿੰਸੀਪਲ ਡਾਕਟਰ ਗਗਨਜੀਤ ਕੌਰ ਦੁਆਰਾ ਸਨਮਾਨਿਤ ਕੀਤਾ ਗਿਆ।

# ਵਿਦਿਆਰਥੀਆਂ ਨੇ ਲਾਈ ਹੱਥੀਂ ਬਣਾਈਆਂ ਵਸਤਾਂ ਦੀ ਕਲਾ ਪ੍ਰਦਰਸ਼ਨੀ



ਬਟਾਲਾ (ਤਰਲੋਕ ਬੱਗਾ) ਆਰਡੀ ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਦੀਵਾਲੀ ਦੇ ਮੌਕੇ 'ਤੇ ਵਿਦਿਆਰਥੀਆਂ ਵੱਲੋਂ ਹੱਥਾਂ ਨਾਲ ਬਣਾਈਆਂ ਵਸਤੂਆਂ ਦੀ ਕਲਾ ਪ੍ਰਦਰਸ਼ਨੀ ਲਗਾਈ ਗਈ। ਸਕੂਲ ਦੇ ਚੇਅਰਮੈਨ ਸ੍ਰੀ ਅਰਵਿੰਦ ਖੋਸਲਾ, ਪ੍ਰਧਾਨ ਸ੍ਰੀ ਅਜੇ ਖੋਸਲਾ, ਪ੍ਰਿੰਸੀਪਲ ਡਾ: ਬਿੰਦੂ ਭੱਲਾ ਅਤੇ ਪ੍ਰਬੰਧਕ ਕਮੇਟੀ ਮੈਂਬਰ ਸਰਦਾਰਬ ਭੁਪਿੰਦਰ ਸਿੰਘ, ਸ੍ਰੀਮਤੀ ਮੋਨਿਕਾ ਖੋਸਲਾ, ਸ੍ਰੀ ਵਰਿੰਦਰ ਕਾਂਸਰਾ ਅਤੇ ਸਿਧਾਂਤ ਖੋਸਲਾ ਨੇ ਇਸ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਸ਼ਮਾਂ ਰੌਸ਼ਨ ਕਰਕੇ ਕੀਤਾ ਅਤੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।ਇਸ ਕਲਾ ਪ੍ਰਦਰਸ਼ਨੀ ਵਿੱਚ ਸਕੂਲੀ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀਆਂ ਖੁਦ ਦੀਆਂ ਬਣਾਈਆਂ ਵਸਤੂਆਂ ਦੀ ਪ੍ਰਦਰਸ਼ਨੀ ਲਗਾਈ।ਵਿਦਿਆਰਥੀਆਂ ਵੱਲੋਂ ਦੀਵਾਲੀ ਦੇ ਰੰਗਾਰੰਗ ਅਤੇ ਖੁਸ਼ੀਆਂ ਭਰੇ ਤਿਉਹਾਰ ਨੂੰ ਵੱਖ-ਵੱਖ ਰੂਪਾਂ ਵਿੱਚ ਪੇਸ਼ ਕੀਤਾ ਗਿਆ ।ਇਸ ਪ੍ਰਦਰਸ਼ਨੀ ਵਿੱਚ ਫੁੱਲਾਂ ਦੀ ਸਜਾਵਟ, ਵਾਲ ਪੇਂਟਿੰਗ, ਲੀਫ ਪੇਂਟਿੰਗ, ਵਾਟਰ ਪੇਂਟਿੰਗ, ਫੈਬਰਿਕ ਪੇਂਟਿੰਗ, ਬਲਾਕ ਪੇਂਟਿੰਗ, ਜੂਟ ਬੈਗ ਪੇਂਟਿੰਗ, ਮੋਬਾਈਲ ਕਵਰ ਪੇਂਟਿੰਗ, ਹੂਪ ਆਰਟ, ਲਿਪੋਨ ਆਰਟ, ਡੋਰ ਹੈਂਗਿੰਗ, ਵੂਲਨ ਕੱਪੜੇ, ਸ਼੍ਰੀ ਕ੍ਰਿਸ਼ਨ ਜੀ ਦੇ ਕੱਪੜੇ, ਪਲੇਟ ਡੈਕੋਰੇਸ਼ਨ, ਤੋਰਨ, ਵੱਖ-ਵੱਖ ਤਰ੍ਹਾਂ ਦੀਆਂ ਸਜਾਵਟੀ ਵਸਤੂਆਂ ਅਤੇ ਕਲਾਕ੍ਰਿਤੀਆਂ, ਸਜਾਵਟੀ ਦੀਵੇ, ਚਮਕਦਾਰ ਸਜਾਵਟੀ ਬੋਤਲਾਂ, ਮਿੱਟੀ ਦੀਆਂ ਬਣੀਆਂ ਵਸਤੂਆਂ ਆਦਿ ਪ੍ਰਦਰਸ਼ਿਤ ਕੀਤੀਆਂ ਗਈਆਂ। ਇਸ ਕਲਾ ਪ੍ਰਦਰਸ਼ਨੀ ਨੂੰ ਮਾਪਿਆਂ ਵੱਲੋਂ ਬਹੁਤ ਸਲਾਹਿਆ ਗਿਆ ਅਤੇ ਉਨ੍ਹਾਂ ਨੇ ਮਨਚਾਹੀ ਵਸਤੂਆਂ ਖਰੀਦੀਆਂ।ਸਕੂਲ ਦੇ ਚੇਅਰਮੈਨ ਸ੍ਰੀ ਅਰਵਿੰਦ ਖੋਸਲਾ, ਪ੍ਰਧਾਨ ਸ੍ਰੀ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਵਿਦਿਆਰਥੀਆਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ।ਇਸ ਮੌਕੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਬਿੰਦੂ ਭੱਲਾ ਨੇ ਸਕੂਲ ਦੇ ਆਰਟ ਐਂਡ ਆਰਟ ਐਂਡ ਕ੍ਰਾਫਟ ਅਧਿਆਪਕਾਂ ਦੀ ਪ੍ਰਦਰਸ਼ਨੀ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ 'ਤੇ ਸਕੂਲ ਵਿੱਚ ਖਾਣ ਪੀਣ ਦੇ ਵਿਅੰਜਨਾ ਦੇ ਕਈ ਸਟਾਲ ਲਗਾਏ ਗਏ।

# ਪੱਤਰਕਾਰ ਰੋਜ਼ੀ ਸਿੰਘ ਦਾ ਸਨਮਾਨ

ਫ਼ਤਹਿਗੜ੍ਹ ਚੂੜੀਆਂ (ਪੱਤਰ ਪ੍ਰੇਰਕ) ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਵੱਲੋਂ ਲੇਖਕ ਤੇ ਪੱਤਰਕਾਰ ਰੋਜ਼ੀ ਸਿੰਘ ਦਾ ਸਨਮਾਨ ਸਮਾਗਮ ਅਤੇ ਕਵੀ ਦਰਬਾਰ ਕਰਵਾਇਆ ਗਿਆ। ਜਿਸਦੀ ਸ਼ੁਰੂਆਤ ਮੌਕੇ ਲਾਇਬ੍ਰੇਰੀ ਪ੍ਰਬੰਧਕ ਜਸਦੇਵ ਮਾਨ ਵੱਲੋਂ ਦੂਰੋਂ ਨੇੜਿਓਂ ਆਏ ਸਾਹਿਤਕਾਰ ਅਤੇ ਪੰਜਾਬੀ ਪ੍ਰੇਮੀਆਂ ਨੂੰ ਜੀ ਆਇਆਂ ਨੂੰ, ਆਖ ਕੇ ਕੀਤੀ ਅਤੇ ਕਿਹਾ ਕੇ ਇਹ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕੇ ਲਾਇਬ੍ਰੇਰੀ ਦੇ ਹਰ ਸਾਹਿਤਕ ਸਮਾਗਮ ਵਿੱਚ ਇਲਾਕੇ ਦੇ ਲੋਕ ਉਚੇਚੇ ਤੌਰ 'ਤੇ ਹਾਜ਼ਰੀ ਲਗਵਾਉਂਣ ਆਉਂਦੇ ਹਨ।ਇਸ ਦੌਰਾਨ ਪ੍ਰਧਾਨਗੀ ਮੰਡਲ ਵਿੱਚ ਡਾ. ਹੀਰਾ ਸਿੰਘ ਖ਼ਾਲਸਾ ਕਾਲਜ, ਨਾਟਕਕਾਰ ਗੁਰਮੇਲ ਸ਼ਾਮਨਗਰ, ਜਸਪਾਲ ਸਿੰਘ ਸਰਪੰਚ, ਰਾਜੀਵ ਸ਼ਰਮਾਂ ਚੇਅਰਮੈਨ ਮਾਰਕਿਟ ਕਮੇਟੀ, ਮਾਸਟਰ ਨਰਿੰਦਰ ਸਿੰਘ, ਹਰਪਾਲ ਸਿੰਘ ਮੈਂਬਰ, ਜਗਰੂਪ ਸਿੰਘ ਬੁੱਟਰ ਅਸਟ੍ਰੇਲੀਆ ਬਿਰਾਜਮਾਨ ਸਨ।ਇਸ ਦੌਰਾਨ ਸਮਾਗਮ ਦੇ ਪਹਿਲੇ ਪੜਾਅ ਵਿੱਚ ਵੱਖ ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਗੀਤ ਤੇ ਕਵਿਤਾਵਾਂ ਸੁਣਾਈਆਂ ਗਈਆਂ।ਬੱਚਿਆਂ ਵੱਲੋਂ ਸਭਿਆਚਾਰਕ ਗੀਤਾਂ 'ਤੇ ਕੀਤੀਆਂ ਗਈਆਂ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ।ਸਮਾਗਮ ਵਿੱਚ ਹਾਜ਼ਰ ਕਵੀਆਂ ਵੱਲੋਂ ਆਪਣੀਆਂ ਕਵਿਤਾਵਾਂ ਅਤੇ ਕਲਾਮ ਪੇਸ਼ ਕੀਤੇ ਗਏ ਜਿਹਨਾਂ ਵਿੱਚ



ਨਿਰਮਲ ਕੌਰ ਕੋਟਲਾ, ਬਲਵਿੰਦਰ ਕੌਰ ਪੰਧੇਰ, ਬਿਕਰਮਜੀਤ ਸਿੰਘ, ਰਜਿੰਦਰ ਸਿੰਘ ਬੰਟੂ, ਨਰਿੰਦਰ ਪਾਂਧੀ, ਰਾਜਪਾਲ ਬਾਠ, ਰੋਜ਼ੀ ਸਿੰਘ ਆਦਿ ਸ਼ਾਮਲ ਸਨ। ਇਸ ਤੋਂ ਉਪਰੰਤ ਸ਼ਬਦ ਸਾਂਝ ਲਾਇਬ੍ਰੇਰੀ ਪਰਿਵਾਰ ਅਤੇ ਪਿੰਡ ਦੀ ਪੰਚਾਇਤ ਅਤੇ ਪਤਵੰਤੇ ਸੱਜਣਾਂ ਵੱਲੋਂ ਲੇਖਕ ਰੋਜ਼ੀ ਸਿੰਘ ਨੂੰ ਸਨਮਾਨ ਚਿੰਨ੍ਹ ਤੇ ਦੁਸ਼ਾਲਾ, ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।ਸਮਾਗਮ ਵਿੱਚ ਜਗਰੂਪ ਸਿੰਘ ਬੁੱਟਰ ਆਸਟ੍ਰੇਲੀਆ ਤੋਂ ਵਿਸ਼ੇਸ ਮਹਿਮਾਨ ਵਜੋਂ ਸ਼ਾਮਲ ਹੋਏ। ਜਿਹਨਾਂ ਨੂੰ ਸ਼ਬਦ ਸਾਂਝ ਲਾਇਬ੍ਰੇਰੀ ਵੱਲੋਂ ਯਾਦਗਾਰੀ ਚਿੰਨ ਤੇ ਦੁਸ਼ਾਲਾ ਭੇਟ ਕੀਤਾ ਗਿਆ।ਮੰਚ ਸੰਚਾਲਨ ਦੀ ਜਿੰਮੇਵਾਰੀ ਪ੍ਰਸਿਧ ਸ਼ਾਇਰ ਰਾਜਪਾਲ ਬਾਠ ਜੀ ਵੱਲੋਂ ਨਿਭਾਈ ਗਈ।ਅੰਤ ਵਿੱਚ ਮਾਸਟਰ ਨਰਿੰਦਰ ਸਿੰਘ ਨੇ ਪਿੰਡ ਦੀ ਪੰਚਾਇਤ ਤੇ ਸ਼ਬਦ ਸਾਂਝ ਲਾਇਬ੍ਰੇਰੀ ਤਰਫੋਂ ਆਏ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਭਾਈ ਗੁਰਦਾਸ ਸਕੂਲ ਲੱਖਨ ਕਲਾਂ 'ਚ ਕਰਾਫਟ ਮੇਲਾ ਕਰਵਾਇਆ



ਕਲਾਨੌਰ (ਮਨਦੀਪ ਕੋਹਲੀ)-ਇਤਿਹਾਸਿਕ ਕਸਬਾ ਕਲਾਨੌਰ ਦੇ ਨਜ਼ਦੀਕ ਇਲਾਕੇ ਵਿੱਚ ਵਿੱਦਿਆ ਦੇ ਚਾਨਣ ਮੁਨਾਰੇ ਵਜੋਂ ਜਾਣੇ ਜਾਂਦੇ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਵਿੱਚ ਕਰਾਫਟ ਮੇਲਾ ਕਰਾਇਆ ਗਿਆ। ਇਹ ਕਰਾਫਟ ਮੇਲਾ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਬੀਰ ਸਿੰਘ ਕਾਹਲੋਂ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਕਾਹਲੋਂ ਦੇ ਦੇਖਰੇਖ ਹੇਠ ਕਰਵਾਇਆ ਗਿਆ।ਜਿਸ ਵਿੱਚ ਬੱਚਿਆਂ ਨੇ ਆਪਣੇ ਹੱਥੀਂ ਰੰਗਾਂ ਦੇ ਨਾਲ ਕਾਗਜ਼ਾਂ ਦੀਆਂ ਵੱਖੋ ਵੱਖ ਕਲਾਕ੍ਰਿਤੀਆਂ ਬਣਾ ਕੇ ਰੰਗ ਬੰਨ ਦਿੱਤੇ ਆਏ ਦਿਨ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਵਿੱਚ ਵੱਖ-ਵੱਖ ਕਿਸਮ ਦੇ ਮੁਕਾਬਲੇ ਕਰਵਾ ਕੇ ਵਿਦਿਆਰਥੀਆਂ ਦੇ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕੀਤੀ ਜਾ ਰਹੀ ਹੈ।ਭਾਈ ਗੁਰਦਾਸ ਮਾਡਰਨ ਸੀਨੀਅਰ ਸਕੈਂਡਰੀ ਸਕੂਲ ਇਲਾਕੇ ਵਿੱਚ ਸਭ ਤੋਂ ਮੋਹਰੀ ਤੇ ਬੱਚਿਆਂ ਨੂੰ ਹਰ ਪੱਧਰ ਤੋਂ ਉੱਚਾ ਚੁੱਕਣ ਦਾ ਯਤਨ ਕਰ ਰਿਹਾ ਹੈ ਹਰ ਸਾਲ ਇਹਨਾਂ ਦਿਨਾਂ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਮੁਕਾਬਲੇ ਕਰਵਾ ਕੇ ਉਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਾਸਤੇ ਯਤਨ ਕੀਤੇ ਜਾ ਰਹੇ ਹਨ 14 ਨਵੰਬਰ ਬਾਲ ਦਿਵਸ ਤੱਕ ਵੱਖ ਵੱਖ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਉਜਾਗਰ ਕੀਤਾ ਜਾਵੇਗਾ। ਅੱਜ ਭਾਈ ਗੁਰਦਾਸ ਮਾਰਜਨ ਸੀਨੀਅਰ ਸੈਕੈਂਡਰੀ ਸਕੂਲ ਵਿੱਚ ਕਰਾਫਟ ਮੇਲਾ ਹੋਇਆ ਜਿਸ ਵਿੱਚ ਵਿਦਿਆਰਥੀਆਂ ਨੇ ਜਸ਼ਨਦੀਪ ਕੌਰ, ਮੁਸਕਾਨ, ਪ੍ਰਭਲੀਨ ਕੌਰ, ਨੀਤੂ, ਮਨਬੀਰ ਕੌਰ, ਸੀਰਤ ਸਹੋਤਾ, ਅਨਮੋਲ ਸਹੋਤਾ, ਅਮਨਦੀਪ ਕੌਰ, ਆਦਿ ਨੇ ਪ੍ਰਾਇਮਰੀ, ਮਿਡਲ, ਹਾਈ ਤੇ ਸੈਕੰਡਰੀ ਪੱਧਰ ਤੱਕ ਹਿੱਸਾ ਲੈ ਕੇ ਆਪਣੇ ਆਪਣੇ ਹਾਊਸ ਨੂੰ ਅੱਗੇ ਵਧਾਉਣ ਵਾਸਤੇ ਯਤਨ ਕੀਤੇ ਤੇ ਪਹਿਲੀਆਂ, ਦੂਜੀਆਂ, ਤੀਜੀਆਂ ਅਤੇ ਚੌਥੀਆਂ ਪੁਜੀਸ਼ਨਾਂ ਹਾਸਲ ਕਰਕੇ ਬੱਚਿਆਂ ਨੇ ਆਪਣੇ ਹਾਊਸ ਨੂੰ ਜਿਤਾਉਣ ਦੀ ਕੋਸ਼ਿਸ਼ ਕੀਤੀ ਤੇ ਨਾਲ ਹੀ ਨਕਦ ਇਨਾਮ ਵੀ ਪ੍ਰਾਪਤ ਕੀਤੇ ਜਿਸ ਵਿੱਚ ਪ੍ਰਾਇਮਰੀ ਪੱਧਰ ਤੱਕ ਜਿਹੜੀਆਂ ਪੁਜੀਸ਼ਨਾਂ ਰਹੀਆਂ ਉਹਨਾਂ ਵਿੱਚੋਂ ਪਹਿਲੇ ਨੰਬਰ ਤੇ ਗੁਰਨਾਜ ਕੌਰ ਦੂਸਰੇ ਨੰਬਰ ਤੇ ਅਕਾਲ ਜੋਤ ਕੌਰ ਤੀਸਰੇ ਨੰਬਰ ਤੇ ਬਲਡੀਨਾ ਚੌਥੇ ਨੰਬਰ ਤੇ ਹਰਕੀਰਤ ਸਿੰਘ ਰਹੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਮੈਡਮ ਸ਼ਰਨਦੀਪ ਕੌਰ, ਮੈਡਮ ਪ੍ਰੀਆ ,ਸੁਖਵਿੰਦਰ ਕੌਰ, ਕੁਲਬੀਰ ਕੌਰ, ਕਿਰਨਬੀਰ ਕੌਰ, ਰਾਜਨਦੀਪ ਕੌਰ, ਨਵਦੀਪ ਆਦਿ ਵੀ ਹਾਜ਼ਰ ਸਨ।

# ਪਹਿਲ ਦੇ ਅਧਾਰ 'ਤੇ ਕਰਵਾਏ ਜਾਣਗੇ ਪਿੰਡ ਦੇ ਵਿਕਾਸ : ਸਰਪੰਚ ਬਲਵਿੰਦਰ ਸਿੰਘ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਸਹਾਇਪੁਰ ਦੇ ਵਿੱਚ ਵਿਕਾਸ ਕਾਰਜ ਪਹਿਲ ਦੇ ਆਧਾਰ 'ਤੇ ਕਰਵਾਏ ਜਾਣਗੇ ਅਤੇ ਪਿੰਡ ਨੂੰ ਇੱਕ ਸੁੰਦਰ ਦਿਖ ਦਿੱਤੀ ਜਾਵੇਗੀ। ਹਰੇਕ ਪਿੰਡ ਵਾਸੀ ਦਾ ਪੂਰਾ ਮਾਨ ਸਤਿਕਾਰ ਕੀਤਾ ਜਾਵੇਗਾ। ਸਰਕਾਰ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਲੋਕਾਂ ਤੱਕ ਮੁਹਈਆ ਕਰਵਾਈਆਂ ਜਾਣਗੀਆਂ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪਿੰਡ ਸਹਾਇਪੁਰ ਤੋਂ ਨਵੇਂ ਬਣੇ ਸਰਪੰਚ ਬਲਵਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਦੇ ਵੱਲੋਂ ਕੀਤਾ ਗਿਆ।ਗੱਲਬਾਤ ਦੌਰਾਨ ਸਰਪੰਚ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਕੁੱਲ 342 ਵੋਟਾਂ ਸਨ ਜਿਸ ਵਿੱਚੋਂ 263 ਵੋਟਾਂ ਪੋਲ ਹੋਈਆਂ ਅਤੇ 57 ਵੋਟਾਂ 'ਤੇ ਉਹ ਜੇਤੂ ਰਹੇ। ਮੰਗਲ ਸਿੰਘ, ਤਰਲੋਕ ਸਿੰਘ,ਤਰਸੇਮ ਮਸੀਹ,ਨਰਿੰਦਰ ਕੌਰ, ਸੁਖਵਿੰਦਰ ਕੌਰ ਆਦਿ ਪੰਚਾਇਤ ਮੈਂਬਰ ਬਣੇ।ਉਹਨਾਂ ਅੱਗੇ ਦੱਸਿਆ ਕਿ ਪਿੰਡ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਪਹਿਲ ਦੇ ਅਧਾਰ 'ਤੇ ਪਿੰਡ ਦੇ ਵਿਕਾਸ ਕਾਰਜ ਕਰਵਾਏ ਜਾਣਗੇ।ਅਖੀਰ ਵਿੱਚ ਸਰਪੰਚ ਬਲਵਿੰਦਰ ਸਿੰਘ ਨੇ ਸਮੂਹ ਆਪਣੇ ਨਗਰ ਨਿਵਾਸੀ ਵੋਟਰਾਂ ਸਪੋਰਟਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।ਇਸ ਮੌਕੇ ਉਹਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਸੁਖਜਿੰਦਰ ਸਿੰਘ, ਰਣਜੀਤ ਸਿੰਘ, ਦਿਲਬਾਗ ਸਿੰਘ, ਦਲਬੀਰ ਸਿੰਘ, ਸਤਨਾਮ ਸਿੰਘ, ਮਨਜੀਤ ਸਿੰਘ ਅਤੇ ਸਮੂਹ ਪਰਿਵਾਰਿਕ ਮੈਂਬਰ ਹਾਜ਼ਰ ਸਨ।

# ਸਰਪੰਚ ਅਮਨਦੀਪ ਕੌਰ ਵੱਲੋਂ ਹਲਕਾ ਇੰਚਾਰਜ ਦਾ ਧੰਨਵਾਦ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ) ਬੀਤੇ ਦਿਨੀ ਪੰਜਾਬ ਭਰ ਵਿੱਚ ਹੋਈਆਂ ਪੰਚਾਇਤੀ ਚੋਣਾਂ ਨੂੰ ਲੈ ਕੇ ਹਲਕਾ ਕਾਦੀਆਂ ਅਧੀਨ ਆਉਂਦੇ ਪਿੰਡ ਸੈਦੋਵਾਲ ਖੁਰਦ ਦੇ ਨਵੇਂ ਬਣੇ ਸਰਪੰਚ ਸ਼੍ਰੀਮਤੀ ਅਮਨਦੀਪ ਕੌਰ ਅਤੇ ਉਹਨਾਂ ਦੇ ਪਤੀ ਉੱਘੇ ਸਮਾਜ ਸੇਵਕ ਕਮਲਜੀਤ ਸਿੰਘ ਸੈਣੀ ਦੇ ਵੱਲੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤੇ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦੇ ਚੇਅਰਮੈਨ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਤੇ ਸਮੂਹ ਨਗਰ ਨਿਵਾਸੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉੱਘੇ ਸਮਾਜ ਸੇਵਕ ਕਮਲਜੀਤ ਸਿੰਘ ਸੈਣੀ ਨੇ ਦੱਸਿਆ ਕੀ ਉਹਨਾਂ ਦੇ ਪਿੰਡ ਵਿੱਚ ਕੁੱਲ 959 ਵੋਟਾਂ ਸਨ ਜਿਸ ਵਿੱਚੋਂ 694 ਵੋਟਾਂ ਪੋਲ ਹੋਈਆਂ ਅਤੇ ਉਹ 59 ਵੋਟਾਂ ਤੇ ਜੇਤੂ ਰਹੇ । ਸੂਰਤ ਸਿੰਘ ਪੁੱਤਰ ਮਹਿੰਦਰ ਸਿੰਘ ਤੇ ਮੈਂਬਰ ਪੰਚਾਇਤ ਗੁਰਨਾਮ ਸਿੰਘ ਮੈਂਬਰ ਪੰਚਾਇਤ ਹਰਦੀਪ ਕੌਰ ਪਤਨੀ ਦਿਲਾਵਰ ਸਿੰਘ ਅਤੇ



ਬਲਬੀਰ ਕੌਰ ਪਤਨੀ ਦਲਜੀਤ ਸਿੰਘ ਮੈਂਬਰ ਪੰਚਾਇਤ ਬਣੇ ।ਉਹਨਾਂ ਦੱਸਿਆ ਕਿ ਉਨ੍ਹਾਂ ਵੱਲੋਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਹਿਲਾਂ ਵੀ ਪਿੰਡ ਦੇ ਵਿੱਚ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਉਹਨਾਂ ਨੇ ਆਪਣੇ ਪਿਤਾ ਮਾਸਟਰ ਬਲਦੇਵ ਸਿੰਘ ਸੈਣੀ ਦੀ ਯਾਦ ਵਿੱਚ ਪਿੰਡ ਵਿੱਚ 10 ਲਾਈਟਾਂ ਲਗਵਾਈਆਂ ਹਨ।ਆਉਣ ਵਾਲੇ ਸਮਿਆਂ ਵਿੱਚ ਵੀ ਉਹ ਪਹਿਲ ਦੇ ਆਧਾਰ 'ਤੇ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਧਿਆਨ ਦੇਣਗੇ ਅਤੇ ਪਿੰਡ ਦੇ ਵਿਕਾਸ ਕਾਰਜ ਵਿੱਚ ਕੋਈ ਵੀ ਕਸਰ ਨਹੀਂ ਛੱਡਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਦੀਪ ਸਿੰਘ ਮਾਨਾ ਕਵਾੜੀਆ , ਬਲਬੀਰ ਸਿੰਘ ਰਾਮਗੜੀਆ, ਮੋਹਨ ਸਿੰਘ ਸਾਬਕਾ ਮੈਂਬਰ ਪੰਚਾਇਤ, ਸਰਵਣ ਸਿੰਘ ਸਾਬਕਾ ਮੈਂਬਰ ਪੰਚਾਇਤ, ਜੋਰਾਵਰ ਸਿੰਘ, ਜੋਗਿੰਦਰ ਸਿੰਘ, ਡਾਕਟਰ ਕੁਲਵੰਤ ਸਿੰਘ, ਪਰਮਿੰਦਰ ਸਿੰਘ ਰਾਮਗੜੀਆ, ਗੁਰਬਚਨ ਸਿੰਘ ਰਾਮਗੜੀਆ, ਜਸਵਿੰਦਰ ਸਿੰਘ, ਗੱਗੂ ਮੱਟ ਜੇਸੀਬੀ ਵਾਲਾ, ਮਾਸਟਰ ਸ਼ੀਤਲ ਸਿੰਘ, ਜੱਗਾ ਫੌਜੀ, ਮਾਣੋ ਮੱਟ, ਜੱਗਾ ਮੱਟ, ਮਨਿੰਦਰ ਸਿੰਘ ਲੰਬੜ ਕੈਨੇਡਾ, ਕੋਮਲਪ੍ਰੀਤ ਸਿੰਘ ਨਿਊਜ਼ੀਲੈਂਡ, ਹਰਸ਼ ਮੱਟ ਇਟਲੀ ,ਅੰਮ੍ਰਿਤ ਪਾਲ ਮੱਟ ਅਮਰੀਕਾ, ਭੁਪਿੰਦਰ ਸਿੰਘ ਲਾਈਨਮੈਨ, ਸਤਨਾਮ ਸਿੰਘ ਪੁੱਤਰ ਮੋਹਨ ਸਿੰਘ ,ਇੰਦਰਜੀਤ ਸਿੰਘ ਬੀਬਾ, ਚੈਨ ਸਿੰਘ ,ਸਰਦਾਰ ਸਿੰਘ ਦਰਜੀ, ਸਾਬਕਾ ਸਰਪੰਚ ਕਰਮ ਸਿੰਘ ,ਮਾਸਟਰ ਪਿਆਰਾ ਸਿੰਘ ਸਾਬਕਾ ਸਰਪੰਚ ,ਤੋਤਾ ਸਿੰਘ ਰਾਮਗੜੀਆ, ਸਵਰਗਵਾਸੀ ਚਤਰ ਸਿੰਘ ਦਾ ਸਮੂਹ ਪਰਿਵਾਰ ਤੇ ਥਾਣੇਦਾਰ ਦਿਲਾਵਰ ਸਿੰਘ , ਸੁਖਵਿੰਦਰ ਸਿੰਘ ਕੈਪਟਨ ਬਿੱਲਾ ਸਮੇਤ ਸਮੂਹ ਨਗਰ ਨਿਵਾਸੀ ਤੇ ਲੰਬੜਦਾਰ ਹਾਜ਼ਰ ਸਨ।

# 'ਆਓ ਰਲ ਕੇ ਗਰੀਨ ਦੀਵਾਲੀ ਮਨਾਈਏ'



ਤਰਸਿੱਕਾ (ਤਰਸੇਮ ਸਿੰਘ ਸਾਧਪੁਰ) ਦੀਵਾਲੀ ਖੁਸ਼ੀਆਂ ਖੇੜਿਆਂ ਅਤੇ ਰੋਸ਼ਨੀਆਂ ਦੇ ਰੂਪ ਵਿੱਚ ਮਨਾਇਆ ਜਾਣ ਵਾਲਾ ਤਿਉਹਾਰ ਹੈ। ਇਸ ਦਿਨ ਨੂੰ ਸਾਰੇ ਧਰਮਾਂ ਦੇ ਲੋਕ ਆਪਣੇ ਘਰਾਂ ਵਿੱਚ ਦੀਵੇ ਰੁਸ਼ਨਾ ਕੇ ਅਤੇ ਪਟਾਕੇ ਤੇ ਆਤਿਸ਼ਬਾਜੀ ਚਲਾ ਕੇ ਬੜੇ ਹੀ ਉਤਸਾਹ ਨਾਲ ਮਨਾਉਂਦੇ ਹਨ। ਅੱਜ ਪ੍ਰਦੂਸ਼ਣ ਨੇ ਸਾਨੂੰ ਸਾਰੇ ਪਾਸਿਆਂ ਤੋਂ ਘੇਰਿਆ ਹੋਇਆ ਹੈ। ਇਸ ਲਈ ਜ਼ਿਆਦਾ ਸ਼ੋਰ ਤੇ ਧੂੰਏ ਵਾਲੇ ਪਟਾਕੇ ਚਲਾਉਣ ਤੋਂ ਸਾਨੂੰ ਗੁਰੇਜ ਕਰਨਾ ਚਾਹੀਦਾ ਹੈ ਅਤੇ ਪ੍ਰਦੂਸ਼ਣ ਮੁਕਤ ਦੀਵਾਲੀ ਭਾਵ ਗਰੀਨ ਦਿਵਾਲੀ ਮਨਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ । ਅੱਜ ਸ਼੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ, ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਚੌਂਕ ਦੇ ਚੇਅਰਮੈਨ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ, ਚੀਫ ਐਜੀਕਿਊਟਿਵ ਹਰਸਦੀਪ ਸਿੰਘ ਰੰਧਾਵਾ, ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਅਕੈਡਮੀ ਕਾਲਜ ਮਹਿਤਾ ਚੌਂਕ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ, ਗੁਰੂ ਨਾਨਕ ਦੇਵ ਗਲੋਬਲ ਅਕੈਡਮੀ ਚੰਨਨਕੇ ਨਾਥ ਦੀ ਖੂਹੀ ਦੇ ਡਾਇਰੈਕਟਰ ਕੁਲਜੀਤ ਸਿੰਘ ਬਾਠ, ਸੰਤ ਬਾਬਾ ਲਾਭ ਸਿੰਘ ਸੀਨੀਅਰ ਸੈਕੰਡਰੀ ਸਕੂਲ ਗੁਰੂ ਕੀ ਬੇਰ ਸਾਹਿਬ ਦੇ ਪ੍ਰਿੰਸੀਪਲ ਗੁਰਸੇਵਕ ਸਿੰਘ ਉਦੋਕੇ ਅਤੇ ਸਪਰਿੰਗ ਬਰਡਸ ਸਕੂਲ ਸੈਦੋਲੇਹਲ ਦੇ ਡਾਇਰੈਕਟਰ ਪਰਮਿੰਦਰ ਸਿੰਘ ਲੇਲ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਵਾਰ ਮਿਲ ਕੇ ਹੁਣ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਬਿਮਾਰੀਆਂ ਨੂੰ ਦੂਰ ਭਜਾਉਣ ਦੇ ਮੰਤਵ ਨਾਲ ਗਰੀਨ ਦੀਵਾਲੀ ਮਨਾਈਏ ਅਤੇ ਵੱਧ ਤੋਂ ਵੱਧ ਰੁੱਖ ਲਗਾ ਕੇ ਪ੍ਰਦੂਸ਼ਣ ਨੂੰ ਠੱਲ ਪਾਈਏ ।

# ਐੱਸ ਡੀ ਐੱਮ ਨੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਵੱਲੋਂ ਦੀਵਾਲੀ ਦੀਆਂ ਵਸਤੂਆਂ ਦੇ ਸਟਾਲ ਦਾ ਕੀਤਾ ਉਦਘਾਟਨ

ਪਠਾਨਕੋਟ (ਦਵਿੰਦਰ ਸਿੰਘ) ਐਸ ਡੀ ਐਮ ਪਠਾਨਕੋਟ ਅਰਸ਼ਦੀਪ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀ ਜੀ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਵੱਲੋਂ ਲਗਾਏ ਗਏ ਦੀਵਾਲੀ ਸੰਬੰਧੀ ਆਈਟਮਾਂ ਦੇ ਸਟਾਲ ਦਾ ਉਦਘਾਟਨ ਕੀਤਾ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ ਕੁਮਾਰ ਵੀ ਮੌਜੂਦ ਸਨ।ਅਰਸ਼ਦੀਪ ਸਿੰਘ ਨੇ ਸਟਾਲ 'ਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਮਿੱਟੀ ਦੇ ਦੀਵੇ, ਗ੍ਰੀਟਿੰਗ ਕਾਰਡ, ਸਜਾਵਟੀ ਕਲਾਤਮਕ ਚੀਜ਼ਾਂ ਅਤੇ ਤੋਹਫ਼ਿਆਂ ਸਮੇਤ ਰੰਗੀਨ ਵਸਤੂਆਂ ਬਣਾਉਣ ਵਿੱਚ ਉਨ੍ਹਾਂ ਦੇ ਹੁਨਰ ਦੀ ਸ਼ਲਾਘਾ ਕੀਤੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹੁਨਰ ਵਿਕਾਸ ਵਿਦਿਆਰਥੀਆਂ ਦੇ ਆਤਮ ਵਿਸ਼ਵਾਸ ਨੂੰ ਵਧਾਉਂਦਾ ਹੈ। ਉਹਨਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਉਨ੍ਹਾਂ ਨੂੰ ਸਮਾਜ ਦੇ ਜ਼ਰੂਰੀ ਅੰਗ ਵਜੋਂ ਪਛਾਣਦਾ ਹੈ।ਉਨ੍ਹਾਂ ਨੇ ਸਟਾਲ ਦੇ ਆਯੋਜਨ ਲਈ ਸਿੱਖਿਆ ਵਿਭਾਗ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਸਟਾਲ ਵਿਸ਼ੇਸ਼ ਤੌਰ 'ਤੇ ਯੋਗ ਵਿਅਕਤੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਅਤੇ ਆਪਣੇ ਜੀਵਨ ਵਿੱਚ ਉੱਤਮਤਾ ਲਈ ਯਤਨ ਕਰਨ ਲਈ ਵੀ ਪ੍ਰੇਰਿਤ ਕੀਤਾ।

# ਸਮਾਜ ਸੇਵਕ ਮਨੋਹਰ ਸਿੰਘ ਸੱਗੂ ਦਾ ਸਨਮਾਨ



ਫਗਵਾੜਾ ( ਡਾ. ਰਮਨ) ਪਿੰਡ ਪਲਾਹੀ ਦੇ 15 ਵਰ੍ਹੇ ਪੰਚਾਇਤ ਮੈਂਬਰ, ਲੰਮਾ ਸਮਾਂ ਸਹਿਕਾਰੀ ਸੁਸਾਇਟੀ ਦੇ ਡਾਇਰੈਕਟਰ ਰਹੇ ਅਤੇ ਪਿੰਡ ਦੀਆਂ ਸਿੱਖਿਆ ਸੰਸਥਾਵਾਂ ਕਾਲਜ, ਸਕੂਲਾਂ ਦੇ ਵੱਖੋ-ਵੱਖਰੇ ਅਹੁਦਿਆਂ 'ਤੇ ਬਿਰਾਜਮਾਨ, ਗੁਰੂ ਘਰ ਦੇ ਸ਼ਰਧਾਲੂ, ਸਮਾਜ ਸੇਵਕ ਮਨੋਹਰ ਸਿੰਘ ਸੱਗੂ ਦੇ ਅਮਰੀਕਾ ਜਾਣ 'ਤੇ ਪਿੰਡ ਦੀਆਂ ਬਿਹਤਰੀਨ, ਇਮਾਨਦਾਰਾਨਾ ਅਤੇ ਅਣਥੱਕ ਸੇਵਾਵਾਂ ਲਈ ਉਹਨਾਂ ਦਾ ਨਗਰ ਨਿਵਾਸੀਆਂ ਵਲੋਂ ਸਨਮਾਨ ਕੀਤਾ ਗਿਆ। ਸਨਮਾਨ ਵਿੱਚ ਮੋਮੈਂਟੋ, ਲੋਈ ਸ਼ਾਮਲ ਸੀ। ਇਹ ਸਨਮਾਨ ਸਾਬਕਾ ਸਰਪੰਚ ਬੀਬੀ ਰਣਜੀਤ ਕੌਰ ਅਤੇ ਸਾਬਕਾ ਸਰਪੰਚ ਦਰਬਾਰਾ ਸਿੰਘ ਨੇ ਉਹਨਾਂ ਤੇ ਉਹਨਾਂ ਦੀ ਪਤਨੀ ਜਸਬੀਰ ਕੌਰ ਨੂੰ ਭੇਟ ਕੀਤਾ। ਪਿੰਡ ਦੇ ਸਾਬਕਾ ਸਰਪੰਚ ਦਰਬਾਰਾ ਸਿੰਘ, ਸਾਬਕਾ ਸਰਪੰਚ ਰਣਜੀਤ ਕੌਰ ਅਤੇ ਗੁਰਦੁਆਰਾ ਗੁਰੂ ਰਵਿਦਾਸ ਜੀ ਦੀ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਪੀਟਰ ਕੁਮਾਰ ਪੰਚ ਅਤੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਉਹਨਾ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਮਨੋਹਰ ਸਿੰਘ ਸੱਗੂ ਨੇ ਆਮ ਲੋਕਾਂ ਲਈ ਵੱਡੇ ਕੰਮ ਕੀਤੇ ਅਤੇ ਉਹਨਾਂ ਦੇ ਪੂਰੇ ਪਰਵਾਰ ਨੇ ਉਹਨਾਂ ਦਾ ਸਾਥ ਦਿੱਤਾ। ਉਹਨਾ ਕਿਹਾ ਕਿ ਮਨੋਹਰ ਸਿੰਘ ਸੱਗੂ ਸਦਾ ਆਮ ਲੋਕਾਂ ਦੇ ਮਸਲੇ ਹੱਲ ਕਰਦੇ ਸਨ ਅਤੇ ਦ੍ਰਿੜਤਾ ਨਾਲ ਫ਼ੈਸਲੇ ਲਾਗੂ ਕਰਨ ਲਈ ਜਾਣੇ ਜਾਂਦੇ ਹਨ।

ਇਸ ਸਮੇਂ ਨਵਨਿਯੁਕਤ ਪੰਚ ਰਵੀਪਾਲ ਪ੍ਰਧਾਨ ਗੁਰਦੁਆਰਾ ਗੁਰੂ ਰਵਿਦਾਸ ਜੀ, ਮੀਤ ਪ੍ਰਧਾਨ ਪੀਟਰ ਕੁਮਾਰ ਪੰਚ, ਗੁਰਚਰਨ ਸਿੰਘ ਬਸਰਾ ਪੰਚ, ਗੁਰਬਖ਼ਸ਼ ਕੌਰ ਪੰਚ, ਸੰਨੀ ਬੰਗੜ ਪੰਚ, ਰਵਿੰਦਰ ਸਿੰਘ ਪੰਚ, ਫੋਰਮੈਨ ਬਲਵਿੰਦਰ ਸਿੰਘ, ਸੁਰਜਨ ਸਿੰਘ ਨੰਬਰਦਾਰ, ਹਰਮੇਲ ਸਿੰਘ ਗਿੱਲ, ਨਿਰਮਲ, ਗੁਰਨਾਮ ਸਿੰਘ ਸੱਲ, ਮੀਤ ਪ੍ਰਧਾਨ ਗੁਰਦੁਆਰਾ ਬਾਬਾ ਟੇਕ ਸਿੰਘ, ਲਖਵਿੰਦਰ ਸਿੰਘ ਬਸਰਾ ਮਾਲਕ, ਲੰਡਨ ਡਰੀਮਜ਼ ਪਲਾਹੀ, ਬਲਬੀਰ ਰਾਮ, ਸਰਬਜੀਤ ਸਿੰਘ ਸੱਗੂ, ਜਸਵਿੰਦਰ ਸਿੰਘ ਰਾਣਾ ਸਾਬਕਾ ਪੰਚ, ਮੇਜਰ ਸਿੰਘ ਠੇਕੇਦਾਰ, ਜਸਪ੍ਰੀਤ ਸਿੰਘ ਚਾਨਾ, ਮਨਪ੍ਰੀਤ ਕੌਰ ਚਾਨਾ, ਰਾਮ ਕੁਮਾਰ, ਜਸਵੰਤ ਸਿੰਗ ਸੱਗੂ, ਮਨਦੀਪ ਸਿੰਘ ਸੱਗੂ, ਮਨੋਹਰ ਸਿੰਘ ਸੱਗੂ ਦੀ ਧਰਮ ਪਤਨੀ ਬੀਬੀ ਜਸਬੀਰ ਸਿੰਘ ਅਤੇ ਪੂਰਾ ਪਰਿਵਾਰ ਹਾਜ਼ਰ ਸੀ। ਮਨੋਹਰ ਸਿੰਘ ਸੱਗੂ ਪਰਵਾਰ ਵਲੋਂ ਆਏ ਹੋਏ ਸਭਨਾਂ ਲਈ ਚਾਹ ਪਾਰਟੀ ਦਾ ਪ੍ਰਬੰਧ ਕੀਤਾ ਹੋਇਆ ਸੀ।

# ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ ਸ਼ਨੀਵਾਰ ਨੂੰ

ਅੰਮ੍ਰਿਤਸਰ : ਨੈਟਫਲਿਕਸ ਦੇ ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ ਦਾ ਇੱਕ ਹੋਰ ਰੋਮਾਂਚਕ ਐਪੀਸੋਡ ਪੇਸ਼ ਕੀਤਾ ਗਿਆ ਹੈ। ਇਸ ਵਾਰ ਫਿਲ 'ਦੋ ਪਤੀ' ਦੀ ਕਾਸਟ-ਕਾਜੋਲ ਦੇਵਗਨ, ਕ੍ਰਿਤੀ ਸੈਨਨ, ਸ਼ਾਇਰ ਸ਼ੇਖ ਅਤੇ ਲੇਖਕ ਕਨਿਕਾ ਢਿੱਲੋਂ ਕਪਿਲ ਦੇ ਕੈਫੇ 'ਤੇ ਵਿਸ਼ੇਸ਼ ਮਹਿਮਾਨ ਬਣੇ ਹਨ। ਕਾਜੋਲ ਨੇ ਇੱਕ ਮਜ਼ਾਕੀਆ ਕਹਾਣੀ ਸਾਂਝੀ ਕਰਦੇ ਹੋਏ ਕਿਹਾ ਕਿ ਕਿਵੇਂ ਉਸ ਦੀ ਬੇਟੀ ਆਪਣੀ ਮਾਂ ਦੀ ਇਸਟਾਗ੍ਰਾਮ ਤੋਂ ਬਿਲਕੁਲ ਪ੍ਰਭਾਵਿਤ ਨਹੀਂ ਹੈ। ਜਦੋਂ ਕਪਿਲ ਨੇ ਕਾਜੋਲ ਨੂੰ ਪੁੱਛਿਆ ਕਿ ਕੀ ਉਹ ਉਹੀ ਹੈ ਜੋ ਉਸ ਦੇ ਇੰਸਟਾਗ੍ਰਾਮ 'ਤੇ ਆਉਣ ਵਾਲੀਆਂ ਸਾਰੀਆਂ ਤਸਵੀਰਾਂ ਜਾਂ ਉਸ ਦੇ ਬੱਚਿਆਂ ਦਾ ਫੈਸਲਾ ਕਰਦੀ ਹੈ, ਤਾਂ ਕਾਜੋਲ ਨੇ ਜਵਾਬ ਦਿੰਦੇ ਹੋਏ ਕਿਹਾ, ਇਹ ਫੈਸਲਾ ਕਰਨ ਵਾਲੀ ਮੈਂ ਹੀ ਹਾਂ। ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ, ਇਸ ਸ਼ਨੀਵਾਰ ਰਾਤ 8ਵਜੇਸਿਰਫ ਨੈੱਟਫਲਿਕਸ 'ਤੇ।

# ਈ ਟੀ ਓ ਨੇ ਜਲਾਲ ਉਸਮਾਂ ਮੰਡੀ ਦਾ ਕੀਤਾ ਦੌਰਾ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਮੰਡੀਆਂ ਵਿੱਚ ਝੋਨੇ ਦੀ ਲਿਫਟਿੰਗ ਵਿੱਚ ਕਾਫ਼ੀ ਤੇਜੀ ਆਈ ਹੈ ਅਤੇ ਸਰਕਾਰ ਵਚਨਬੱਧ ਹੈ ਕਿ ਕਿਸਾਨਾਂ ਦਾ ਝੋਨੇ ਦਾ ਇਕ ਇਕ ਦਾਣਾ ਖਰੀਦ ਕਰੇਗੀ ਅਤੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਜੰਡਿਆਲਾ ਹਲਕੇ ਅਧੀਨ ਪੈਂਦੀ ਜਲਾਲ ਉਸਮਾ ਮੰਡੀ ਦਾ ਦੌਰਾ ਕੀਤਾ ਅਤੇ ਉਥੇ ਹਾਜ਼ਰ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਤੁਹਾਡੇ ਨਾਲ ਹਾਂ ਅਤੇ ਤੁਹਾਡਾ ਝੋਨੇ ਦਾ ਇਕ ਇਕ ਦਾਣਾ ਖਰੀਦ ਕਰਾਂਗੇ।ਉਨ੍ਹਾਂ ਦੱਸਿਆ ਕਿ ਹੁਣ ਤੱਕ ਕਿਸਾਨਾਂ ਨੂੰ 326.94 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁਕੀ ਹੈ। ਈ ਟੀ ਓ ਨੇ ਦੱਸਿਆ ਕਿ ਪਿਛਲੇ 24 ਘੰਟਿਆਂ ਦੌਰਾਨ ਮੰਡੀ ਵਿੱਚ 180348 ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ ਅਤੇ 106583 ਮੀਟਰਕ ਟਨ ਲਿਫਟਿੰਗ ਵੀ ਹੋ ਚੁਕੀ ਹੈ । ਉਨਾਂ ਦੱਸਿਆ ਕਿ ਇਸੇ ਤਰ੍ਹਾਂ ਮੰਡੀਆਂ ਵਿੱਚ 433785 ਮੀਟਰਕ ਟਨ ਬਾਸਮਤੀ ਦੀ ਆਮਦ ਹੋਈ ਹੈ ਅਤੇ ਬਾਸਮਤੀ ਦੀ ਸਾਰੀ ਖਰੀਦ ਸ਼ੈਲਰ ਮਾਲਕਾਂਵ ਵਲੋਂ ਕਰਕੇ ਕਿਸਾਨਾਂ ਨੂੰ ਅਦਾਇਗੀ ਵੀ ਕੀਤੀ ਜਾ ਚੁਕੀ ਹੈ ਅਤੇ ਪੂਰੀ ਦੀ ਪੂਰੀ ਬਾਸਮਤੀ ਦੀ ਲਿਫਟਿੰਗ ਵੀ ਨਾਲੋ ਨਾਲ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਵੱਖ ਵੱਖ ਖਰੀਦ ਏਜੰਸੀਆਂ ਵੱਲੋਂ ਝੋਨੇ ਦੀ ਖਰੀਦ ਲਗਾਤਾਰ ਜਾਰੀ ਹੈ ਅਤੇ ਹੁਣ ਤੱਕ ਪਨਗਰੇਨ ਵੱਲੋਂ 162.03 ਕਰੋੜ, ਮਾਰਕਫੈਡ ਵੱਲੋਂ 61.99 ਕਰੋੜ, ਪਨਸਪ ਵੱਲੋਂ 60.29 ਕਰੋੜ ਅਤੇ ਪੰਜਾਬ ਸਟੇਟ ਵੇਅਰ ਹਾਊਸ ਵੱਲੋਂ 42.63 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਬਣਾਏ ਗਏ ਹੈਲਪਲਾਈਨ ਸੈਂਟਰ ਦੇ ਨੰਬਰ 79738-67446 'ਤੇ ਸੰਪਰਕ ਕਰ ਸਕਦਾ ਹੈ।

# ਕੰਧਾਲਾ ਜੱਟਾਂ ਦੀ ਸਰਪੰਚ ਦਾ ਕੀਤਾ ਸਨਮਾਨ



ਅੱਡਾ ਸਰਾਂ (ਜਸਵੀਰ ਕਾਜਲ)-ਪੰਚਾਇਤੀ ਚੋਣਾਂ ਵਿੱਚ ਜੇਤੂ ਰਹੀ ਸ੍ਰੀਮਤੀ ਹਰਪ੍ਰੀਤ ਕੌਰ ਅਤੇ ਸਮੂਹ ਨਵੀਂ ਬਣੀ ਗ੍ਰਾਮ ਪੰਚਾਇਤ ਨੂੰ ਗੁਰਦੁਆਰਾ ਧੰਨ ਧੰਨ ਬਾਬਾ ਬਿਸ਼ਨ ਸਿੰਘ ਜੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਨਵੀਂ ਬਣੀ ਗ੍ਰਾਮ ਪੰਚਾਇਤ ਵਿੱਚੋਂ ਪੰਚ ਰਾਜਕੁਮਾਰੀ ,ਪੰਚ ਤਰਸੇਮ ਸਿੰਘ ਫੌਜੀ, ਪੰਚ ਸੁੱਚਾ ਸਿੰਘ, ਪੰਚ ਇੰਦਰਜੀਤ ਸਿੰਘ ਰਾਜਾ, ਪੰਚ ਵਰਿੰਦਰ ਸਿੰਘ, ਪੰਚ ਇੰਦਰਜੀਤ ਕੌਰ, ਪੰਚ ਪਵਨਦੀਪ ਕੌਰ, ਪੰਚ ਬਲਦੇਵ ਸਿੰਘ, ਪੰਚ ਦਰਸ਼ਨ ਕੌਰ ਨੂੰ ਵੀ ਗੁਰੂ ਘਰ ਵੱਲੋਂ ਸਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅੰਮ੍ਰਿਤ ਪਾਲ ਸਿੰਘ, ਸੁਰਿੰਦਰ ਸਿੰਘ ਸੀ ਏ, ਦਰਸ਼ਨ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ।

# ਮੁੱਖ ਮੰਤਰੀ ਨੂੰ ਅਸਤੀਫਾ ਦੇ ਦੇਣਾ ਚਾਹੀਦੈ : ਸਾਂਪਲਾ

ਫਗਵਾੜਾ (ਡਾ. ਰਮਨ ) ਸਾਬਕਾ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਨੇ ਕਿਹਾ ਹੈ ਕਿ ਜੇ ਪੰਜਾਬ ਦੇ ਮੁੱਖ ਮੰਤਰੀ ਰਾਜ ਦੇ ਲੋਕਾਂ ਨਾਲ ਇਨਸਾਫ਼ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਅਹੁਦਾ ਛੱਡ ਦੇਣਾ ਚਾਹੀਦਾ ਹੈ ਤਾਂ ਜੋ ਰਾਜ ਦੇ ਲੋਕ ਔਖੀ ਜ਼ਿੰਦਗੀ ਤੋਂ ਸੌਖੇ ਹੋ ਸਕਣ। ਇਥੇ ਨਿੱਜੀ ਹੋਟਲ 'ਚ ਰੱਖੀ ਪ੍ਰੈੱਸ ਕਾਨਫਰੰਸ ਦੌਰਾਨ ਬੋਲਦਿਆਂ ਉਨ੍ਹਾਂ ਕਿਹਾ ਕਿ ਲੋਕ ਇਨ੍ਹਾਂ ਨੂੰ 92 ਸੀਟਾਂ ਜਿਤਾ ਕੇ ਸੰਤਾਪ ਭੋਗ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰ ਹਰ ਪੱਧਰ 'ਤੇ ਫ਼ੇਲ੍ਹ ਹੈ ਤੇ ਆਪਣੀ ਕਮਜ਼ੋਰੀ ਦਾ ਦੋਸ਼ ਕੇਂਦਰ ਸਰਕਾਰ ਦੇ ਸਿਰ 'ਤੇ ਮੜ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਸਰਕਾਰ ਸੂਬੇ ਦਾ ਵਿਕਾਸ ਨਹੀਂ ਕਰਨਾ ਚਾਹੁੰਦੀ ਜਿਸ ਕਰਕੇ ਵੱਡੇ ਸੜਕੀ ਪ੍ਰਾਜੈਕਟ ਰੁਲੇ ਪਏ ਹਨ। ਪੇਂਡੂ ਵਿਕਾਸ ਫ਼ੰਡ ਦੇ ਪੈਸੇ ਦਾ ਪਿਛਲਾ ਹਿਸਾਬ ਨਾ ਦੇ ਕੇ ਕੇਂਦਰ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਕਿ ਕੇਂਦਰ ਫ਼ੰਡ ਜਾਰੀ ਨਹੀਂ ਕਰ ਰਿਹਾ। ਉਨ੍ਹਾਂ ਕਿਹਾ ਰਿ ਕਿਸਾਨਾਂ ਦੀ ਫ਼ਸਲ ਦਾ ਸਹੀ ਸਮੇਂ ਇਨ੍ਹਾਂ ਨੇ ਕੋਈ ਪ੍ਰਬੰਧ ਨਹੀਂ ਕੀਤਾ ਜਿਸ ਕਰਕੇ ਕਿਸਾਨ ਸੜਕਾ 'ਤੇ ਧਰਨੇ ਲਗਾ ਰਹੇ ਹਨ ਤੇ ਤਿਉਹਾਰਾਂ ਦੇ ਦਿਨਾਂ 'ਚ ਲੋਕ ਖੱਜਲ ਖੁਆਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਇਨ੍ਹਾਂ ਕੇਂਦਰ ਖਿਲਾਫ਼ ਧਰਨੇ ਲਗਾਉਣ ਲਈ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਤੇ ਹੁਣ ਉਹੀ ਕਿਸਾਨ ਇਨ੍ਹਾਂ ਤੋਂ ਦੁਖੀ ਹਨ। ਉਨ੍ਹਾਂ ਕਿਹਾ ਕਿ ਗੈਰ ਭਾਜਪਾ ਸੂਬਿਆਂ 'ਚ ਕੋਈ ਖਰੀਦ ਦੀ ਸਮੱਸਿਆ ਨਹੀਂ, ਸਿਰਫ਼ ਪੰਜਾਬ 'ਚ ਹੀ ਕਿਉਂ ਸਮੱਸਿਆ ਹੈ ਇਸ ਸਭ ਇਨ੍ਹਾਂ ਦੀ ਦੇਣ ਹੈ।

# ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਸਪੋਰਟਸ ਮੀਟ

ਗੁਰਾਇਆ (ਬਿੰਦਰ ਸੁਮਨ)- ਸ਼੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੁਰਾਇਆ ਵਿਖੇ ਬਹੁਤ ਹੀ ਉਤਸ਼ਾਹ ਨਾਲ ਸਪੋਰਟਸ ਮੀਟ ਦਾ ਆਯੋਜਨ ਕੀਤਾ ਗਿਆ। ਸਪੋਰਟਸ ਮੀਟ ਦਾ ਸਿਰਲੇਖ 'ਜੋਸ਼ ਨਾ ਜਜ਼ਬਾ' - ਸ਼ਿਪਸ ਸਪੋਰਟਸ ਐਕਸਟਰਾਵੈਗਨਜ਼ਾ-2024 ਸੀ। ਪੂਰਾ ਸਕੂਲ ਪੂਰੇ ਜੋਸ਼ ਵਿੱਚ ਨਜ਼ਰ ਆ ਰਿਹਾ ਸੀ। 'ਦਿ ਫਲਾਇੰਗ ਸਿੱਖ- ਮਿਲਖਾ ਸਿੰਘ' ਨੂੰ ਸਮਰਪਿਤ ਇਸ ਸਪੋਰਟਸ ਮੀਟ ਵਿੱਚ ਸਾਰਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਅਮਨਪਾਲ ਸਿੰਘ (ਉਪ ਮੰਡਲ ਮੈਜਿਸਟਰੇਟ-ਫਿਲੌਰ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸੰਦੀਪ ਕੁਮਾਰ (ਓਲੰਪੀਅਨ ਅਤੇ ਇੰਸਪੈਕਟਰ), ਨਵਤੇਜ ਸਿੰਘ (ਸਟੇਟ ਟੈਕਸ ਅਫਸਰ ਨਕੋਦਰ) ਅਤੇ ਡਾ: ਮ੍ਰਿਣਾਲ ਸ਼ਰਮਾ (ਸਟੇਟ ਟੈਕਸ ਅਫਸਰ- ਗੋਰਾਇਆ) ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਸਨ। ਪ੍ਰਿੰਸੀਪਲ ਆਰਤੀ ਸੋਬਤੀ ਦੀ ਪ੍ਰਧਾਨਗੀ ਹੇਠ ਹੋਈ ਇਸ ਸਪੋਰਟਸ ਮੀਟ ਵਿੱਚ ਚੇਅਰਮੈਨ ਗਿਰੀਸ਼ ਗੁਪਤਾ, ਡਾਇਰੈਕਟਰ ਨਰੇਸ਼ ਗੁਪਤਾ ਅਤੇ ਸਕੱਤਰ ਸੁਰਿੰਦਰ ਗੁਲਾਟੀ ਵੀ ਹਾਜ਼ਰ ਸਨ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਜੋਤ ਜਗਾਉਂਦੇ ਹੋਏ ਰਾਸ਼ਟਰੀ ਤਿਰੰਗਾ ਬੜੇ ਹੀ ਸਤਿਕਾਰ ਨਾਲ ਲਹਿਰਾਇਆ ਗਿਆ। ਜਿਵੇਂ ਹੀ ਹਵਾ ਵਿੱਚ ਗੁਬਾਰੇ ਲਹਿਰਾਏ ਗਏ ਤਾਂ ਮੈਡਮ ਪ੍ਰਿੰਸੀਪਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਹੈ। ਨਵਤੇਜ ਸਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਅਜਿਹੀਆਂ ਗਤੀਵਿਧੀਆਂ ਦੇਖ ਕੇ ਬਹੁਤ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਜੇਕਰ



ਵਿਦਿਆਰਥੀ ਸਖ਼ਤ ਮਿਹਨਤ ਅਤੇ ਅਨੁਸ਼ਾਸਨ ਪੈਦਾ ਕਰੇ ਤਾਂ ਉਹ ਵਧੀਆ ਖਿਡਾਰੀ ਬਣ ਸਕਦਾ ਹੈ। ਉਨ੍ਹਾਂ ਵਿਦਿਆਰਥੀਆਂ ਵੱਲੋਂ ਕੀਤੇ ਗਏ ਮਾਰਚ ਪਾਸਟ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇੱਕ ਵਧੀਆ ਸਕੂਲ ਹੀ ਵਿਦਿਆਰਥੀਆਂ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਪ੍ਰਤੀ ਰੁਚੀ ਪੈਦਾ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਇੱਕ ਅਜਿਹੀ ਗਤੀਵਿਧੀ ਹੈ ਜਿਸ ਰਾਹੀਂ ਵਿਦਿਆਰਥੀ ਆਪਣੇ ਆਪ ਵਿੱਚ ਸੁਧਾਰ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਵਿੱਚ ਅਨੁਸ਼ਾਸਨ ਦਾ ਹੋਣਾ ਬਹੁਤ ਜ਼ਰੂਰੀ ਹੈ ਜੋ ਕਿ ਸ਼ਿਪਸ ਦੇ ਵਿਦਿਆਰਥੀਆਂ ਵਿੱਚ ਨਜ਼ਰ ਆਉਂਦਾ ਹੈ। ਉਨ੍ਹਾਂ ਸਮੂਹ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰੋਗਰਾਮ ਵਿੱਚ ਬਹੁਤ ਸਾਰੀਆਂ ਦੌੜਾਂ ਸਨ ਜਿਨ੍ਹਾਂ ਵਿੱਚ 100 ਮੀਟਰ, 200 ਮੀਟਰ ਅਤੇ 400 ਮੀਟਰ ਦੀਆਂ ਦੌੜਾਂ ਸ਼ਾਮਲ ਸਨ। ਇਸ ਤੋਂ ਇਲਾਵਾ ਲੈੱਗ ਰੇਸ, ਡੰਬਲ, ਲੇਜ਼ੀਅਮ, ਸਪੂਨ ਰੇਸ, ਬੈਲੇਂਸ ਰੇਸ, ਲੰਬੀ ਛਾਲ, ਉੱਚੀ ਛਾਲ, ਰਿਲੇਅ ਰੇਸ, ਡਿਸਕਸ ਥਰੋਅ, ਜੈਵਲਿਨ ਥਰੋਅ, ਟੱਗ ਆਫ ਵਾਰ ਅਤੇ ਹੋਰ ਖੇਡਾਂ ਜਿਵੇਂ ਕਿ ਪੀਠੂ ਗਰਮ, ਬੰਟੇ , ਅੰਨਾ ਝੋਟਾ, ਕੋਟਲਾ ਛਪਾਕੀ ਸਟਾਪੂ ਆਦਿ ਖੇਡਾਂ ਸ਼ਾਮਲ ਹਨ। ਇਸ ਦੇ ਨਾਲ ਹੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਜਿਸ ਦਾ ਸਾਰਿਆਂ ਨੇ ਖੂਬ ਆਨੰਦ ਲਿਆ। ਵਿਦਿਆਰਥੀਆਂ ਨੇ ਆਪਣੀ ਬਹਾਦਰੀ ਦਿਖਾ ਕੇ ਨਾ ਸਿਰਫ਼ ਆਪਣੇ ਸਕੂਲ ਦਾ ਨਾਂ ਰੌਸ਼ਨ ਕੀਤਾ ਸਗੋਂ ਆਪਣੇ ਮਾਪਿਆਂ ਦਾ ਵੀ ਨਾਂਅ ਰੌਸ਼ਨ ਕੀਤਾ। ਵਿਦਿਆਰਥੀ ਗਤੀਵਿਧੀਆਂ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਮਹਿਮਾਨਾਂ ਵੱਲੋਂ ਸੋਨੇ, ਚਾਂਦੀ ਅਤੇ ਕਾਂਸੀ ਦੇ ਤਗਮੇ ਦਿੱਤੇ ਗਏ। ਸੈਸ਼ਨ 2023-24 ਵਿੱਚ ਆਪਣੀ ਜਮਾਤ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਹਰ ਗਤੀਵਿਧੀ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। *ਭਾਸਕਰ ਹਾਊਸ* ਨੂੰ ਅਕਾਦਮਿਕ, ਇੰਟਰ ਸਕੂਲ, ਇੰਟਰ ਹਾਊਸ ਅਤੇ ਸਪੋਰਟਸ ਮੀਟ ਵਿਚ ਵਧੀਆ ਪ੍ਰਦਰਸ਼ਨ ਲਈ *ਕਾਕ ਹਾਊਸ ਟਰਾਫੀ* ਨਾਲ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਧਨਵੰਤਰੀ ਹਾਊਸ ਨੇ ਰਨਿੰਗ ਟਰਾਫੀ 'ਤੇ ਕਬਜ਼ਾ ਕੀਤਾ। ਸਾਰੇ ਜੇਤੂ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਸਕੂਲ ਮੈਨੇਜਮੈਂਟ ਕਮੇਟੀ ਦੀ ਤਰਫੋਂ ਯਾਦਗਾਰੀ ਚਿੰਨ੍ਹ ਭੇਟ ਕਰਕੇ ਇਸ ਮੌਕੇ ਹਾਜ਼ਰ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਪ੍ਰਿੰਸੀਪਲ ਆਰਤੀ ਸੋਬਤੀ ਨੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਵਿਦਿਆਰਥੀਆਂ ਦੀ ਤਰੱਕੀ ਲਈ ਅਜਿਹੇ ਪ੍ਰੋਗਰਾਮ ਕਰਵਾਉਂਦੇ ਰਹਿਣਗੇ। ਪ੍ਰਿੰਸੀਪਲ ਆਰਤੀ ਸੋਬਤੀ ਨੇ ਸ਼ਿਪਸ ਦੀ ਸਮੁੱਚੀ ਟੀਮ ਦਾ ਸਖ਼ਤ ਮਿਹਨਤ ਲਈ ਧੰਨਵਾਦ ਕੀਤਾ ।

# ਦੀਵਾਲੀ ਮੌਕੇ ਫਗਵਾੜਾ ਤੋਂ ਵਿਸ਼ੇਸ਼ ਸਪਲੀਮੈਂਟ

## ਡਾ. ਸੰਜੀਵ ਸੁਪਰ ਸਪੈਸ਼ਲਿਟੀ ਹਸਪਤਾਲ

ਮਾਹਿਰ, ਹਮਦਰਦ ਅਤੇ ਕਫਾਇਤੀ ਦੇਖਭਾਲ

ਗੁਰੂ ਹਰਗੋਬਿੰਦ ਨਗਰ, ਫਗਵਾੜਾ।

ਫਗਵਾੜਾ ਵਿੱਚ ਪਹਿਲੇ ਦਿਲ ਦੇ ਰੋਗਾਂ ਦੇ ਮਾਹਿਰ

ਐਮਰਜੈਂਸੀ 24 ਘੰਟੇ

ਕੈਥ ਲੈਬ ਐਂਜੀਉਗ੍ਰਾਫੀ, ਸਟੈਂਟਿਗ, ਪੇਸਮੇਕਰ

ਡਾ. ਸੰਜੀਵ ਸਰੋਆ

MD ਮੈਡੀਸਨ (PGI ਚੰਡੀਗੜ੍ਹ)

DM ਕਾਰਡੀਓਲੋਜੀ (PGI ਚੰਡੀਗੜ੍ਹ)

- ਆਈ. ਸੀ. ਯੂ. (ICU): ਵੈਂਟੀਲੇਟਰ, ਮੋਨੀਟਰਸ ਆਦਿ
- ਈਕੋਕਾਰਡੀਓਗ੍ਰਾਫੀ
- ਲੈਬੋਰਟਰੀ
- ਟੀ. ਐੱਮ. ਟੀ.
- ਪ੍ਰਾਈਵੇਟ ਕਮਰੇ
- ਜਨਰਲ ਵਾਰਡ
- ਫਾਰਮੇਸੀ

ਇੱਥੇ ਡਾਇਲਸਸ ਦੀ ਸੁਵਿਧਾ ਉਪਲਬਧ ਹੈ

FOR APPOINTMENTS: +91 95015-95093

## Dr. RAJAN Eye Care Hospital

— ਪੰਜਾਬ ਵਿੱਚ ਪਹਿਲੀ ਵਾਰ —

ਡਾ. ਰਾਜਨ ਆਈਕੇਅਰ ਅੱਖਾਂ ਦਾ ਹਸਪਤਾਲ

ਰੋਬੋਟਿਕ ਲੇਜ਼ਰ ਨਾਲ ਬਿਨ੍ਹਾਂ ਬਲੇਡ ਤੋਂ ਚਿੱਟੇ ਮੋਤੀਏ ਦਾ ਆਪਰੇਸ਼ਨ

First time in "PUNJAB"

DR. S. RAJAN (Eye Specialist)

Robotic Cataract with Lensar

☎01824-500750 | GURU HARGOBIND NAGAR, PHAGWARA

ਦੀਵਾਲੀ ਅਤੇ ਬੰਦੀ ਛੋੜ ਦੇ ਸ਼ੁਭ ਦਿਹਾੜੇ ਮੌਕੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ।

## INDER SCANS & DIAGNOSTIC CENTRE

*Hoshiarpur Road, Near Scheme No. 3*
*Phagwara, Tel. 0124-229429, M. 94172-32151*

**Dr. Inderjit Singh**

*M.D. (Radio-Diagnosis) Reg. No. PMC-23781*

**Dr. Mrs. Harjeet Kaur**

*MBBS, MD (Obs. & Gynea) Ex-PCMS-1, Regd. No. MCI-7933, PMC-41043*

HAJEET HOSPITAL & MATERNITY HOME

## Dr. Raman Aggarwal EYE & CHEST Care Centre

Dr. Tushar Aggarwal
MBBS, DOMS, DNB(Eye), FICO (London) Eye Specialist, Phaco Surgeon Medical Retina Specialist
M. 98147-74141

01824-356479, 85589-43026

Dr. (Mrs.) Sulbha Singla
MBBS, MD (Resp. Medicine) Consultant Physician & Chest Specialist Ex Fellow Medanta The Medicity, Gurgaon Ex Consultant SPS Apollo Hospital, Ludhiana
M. 86990-17852

36-C, Model Town, Behind Gurdwara Singh Sabha, Phagwara - 144 401

## JHAWAR SUPERSPECIALITY HOSPITAL

NEURO-TRAUMA & SPINE CENTER

24×7 EMERGENCY TEAM AVAILABLE +91 98729-40237, +91 79731-42887

ਕੀ ਤੁਸੀ ਇਹਨਾਂ ਬਿਮਾਰੀਆਂ ਤੋ ਪਰੇਸ਼ਾਨ ਹੋ ?

ਤਾਂ ਪੱਕੇ ਇਲਾਜ ਲਈ ਜਲਦ ਹੀ ਸੰਪਰਕ ਕਰੋ!

ਇੱਥੇ ਸਾਰੀਆਂ ਸਹੂਲਤਾਂ ਉਪਲੱਬਧ ਹਨ

TEAM OF EXPERTS: DR. SUKHDEEP SINGH JHAWAR

Jhawar Hospital GT Road, Near Bus Stand, Phagwara, Punjab 144401 INDIA

## ਫਗਵਾੜਾ ਪੱਤਰਕਾਰ ਸੰਗਠਨ (ਰਜਿ)

## ਦੀਵਾਲੀ ਮੌਕੇ ਫਗਵਾੜਾ ਤੋਂ ਵਿਸ਼ੇਸ਼ ਸਪਲੀਮੈਂਟ

ਮੈਡੀਕਲ ਪ੍ਰਕਟੀਸ਼ਨਰ ਐਸੋਸੀਏਸ਼ਨ ਰਜਿ., ਫਗਵਾੜਾ ਵੱਲੋਂ

ਦੀਵਾਲੀ ਤੇ ਬੰਦੀ ਛੋੜ ਮੌਕੇ ਫਗਵਾੜਾ ਤੋਂ ਡਾ. ਰਮਨ ਵੱਲੋਂ ਸਪਲੀਮੈਂਟ ਕੱਢਣ 'ਤੇ ਲੱਖ-ਲੱਖ ਵਧਾਈਆਂ

## DOABA HOSPITAL

### Heart chest & surgical Center

DR. Y.P. BASRA M.B.B.S.

Facilities Available: COMPUTERRISED LAB, AMBULANCE 24 HRS. EMERGENCY 24 HRS, ALL SURGICAL FACILITES, VACCINATION DELIVERIES, X-RAYS

DR. PULKIT BASRA M.B.B.S. MD.

G.T.Road, Near Civil Hospital Phagwara

Ph. 01824-502172

## Residents of the Area will be delighted to know that

BONE AND JOINT SPECIALISTS

Dr. MUNISH JINDAL

M.B.B.S Dortho
Consultant Orthopaedician
(Regd. No. 34292)

Who were serving at Virk Hospital, Phagwara now they have Opened their New Hospital

JINDAL MEDICITY HOSPITAL

718, Shri Guru Hargobind Nagar, Near Bairagi Mandir, PHAGWARA

FACILITIES
- Pain in Spine
- Facilitation of Accident Cases
- Treatment of Knee Pain
- Bone and Joint Operations
- Knee and Hip Replacement Operations
- Disc and Spine Operations
- Knee and Shoulder Ligament Surgery with Telescope
- Surgery without Incisions with Russian Technique
- Digital X-Ray

ICU | VENTILATOR | PHYSIOTHERAPY | AC ROOM SPECIAL ROOM | LAB | PHARMACY

JINDAL MEDICITY HOSPITAL

718, SHRI GURU HARGOBIND NAGAR, NEAR BAIRAGI MANDIR, PHAGWARA

98159-05189, 01824-407592  jindalmedicityphg@gmail.com

## Narula Orthopaedic Hospital

Facilities :

- Hip & Knee Joint Replacement Surgery
- Fracture Fixation Under C. Arm
- Physiotherapy Unit
- X-Ray
- Laboratory
- Pharmacy
- ਚੂਲੇ ਤੇ ਗੋਡੇ ਬਦਲਣ ਦੇ ਅਪ੍ਰੇਸ਼ਨ
- ਟੁੱਟੀਆਂ ਹੱਡੀਆਂ ਨੂੰ ਜੋੜਨ ਦੇ ਅਪ੍ਰੇਸ਼ਨ
- ਫਿਜ਼ਿਓਥੈਰੇਪੀ ਯੂਨਿਟ
- ਐਕਸ-ਰੇ
- ਲੈਬੋਰਟਰੀ
- ਦਵਾਈਆਂ

College Road, Satnampura, Phagwara-144402

Contact No. 94653-35800, 01824-261262

## AMAN E.H. CANCER AND KIDNEY HOSPITAL

Our Services

All type of Organ related disorders
Cervical and Frozen shoulder
Live, acidity and spleen problem
Vertigo and blood circulation problem
Irregular Mensturation PCOD
Headache and migraine
Skin Problems
Thyroid, Uric acid, high blood pressure
Depression, Mentally problems
Pimples, Dark Circles, face wrinkles
Kidney problems (cretinone, swelling etc.)
Blood urea
Acupressure

Get Your Appointment

Dr. J.S. Gill
M.D. (E.H.)
Bharat Jyoti Award Winner
(Treatment all acute and chronic cases)

OPPOSITE HAVELI HERITAGE, NEAR SKODA SHOWROOM, JALANDHAR (M. 94643-74446, 01824-502207)

## ਧੰਨਵਾਦ

ਮੈਂ ਉਨ੍ਹਾਂ ਸਾਰੇ ਦੋਸਤਾਂ-ਮਿੱਤਰਾਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦਾ ਹਾਂ, ਜਿਨ੍ਹਾਂ ਨੇ ਫਗਵਾੜਾ ਤੋਂ 'ਨਵਾਂ ਜ਼ਮਾਨਾ' ਲਈ ਸਪਲੀਮੈਂਟ ਕੱਢਣ 'ਚ ਸਹਿਯੋਗ ਦਿੱਤਾ

ਡਾ. ਰਮਨ
ਪੱਤਰਕਾਰ ਫਗਵਾੜਾ
ਮੋਬਾ 94174-21160

## ANTI CORRUPTION FOUNDATION OF INDIA

Regd. Under : I.T.A, M.SME. & NITI AAYOG (GOVT. OF INDIA)
Regd. No. 11159,UDYAM-HR-10-0009034, UNIQUE ID HR/0262288

GURDEEP SINGH KANG
State Director
Punjab
(India)

Lion Gurdeep Singh Kang
International Distt.
Chairmen (Peace Poster)